ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 04 | 23 January 2019 to 29 January 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





03 ■ ਭਾਈਚਾਰਾ

ਇੰਦਰ ਸਿੰਘ ਦੋਸਾਂਝ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਨੂੰ ਟਰੱਕ ਦੀ ਭੇਟਾ





05 ■ ਖ਼ਬਰਸਾਰ

ਭਾਈ ਗਜਿੰਦਰ ਸਿੰਘ ਦੀ ਪਤਨੀ ਬੀਬੀ ਮਨਜੀਤ ਕੌਰ ਦਾ ਅਕਾਲ ਚਲਾਣਾ





13 ■ ਵਿਚਾਰ ਚਰਚਾ

ਭਾਰਤੀ ਸੰਵਿਧਾਨ : ਸਿੱਖਾਂ ਨਾਲ ਕੀਤੇ ਧੋਖੇ ਦਾ ਦਸਤਾਵੇਜ਼


## ਕੈਨੇਡਾ ਜਾਣ ਦੇ ਸ਼ੌਕੀਨਾਂ ਲਈ ਬੁਰੀ ਖ਼ਬਰ, ਹੁਣ ਪੀਆਰ ਲੈਣੀ ਔਖੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਕੈਨੇਡਾ ਵਿੱਚ ਪੱਕੇ ਹੋਣ ਦੇ ਚਾਹਵਾਨਾਂ ਨੂੰ ਝਟਕਾ ਲੱਗ ਸਕਦਾ ਹੈ। ਦਰਅਸਲ ਕੈਨੇਡਾ ਦੀ ਸਰਕਾਰ ਨੇ ਪੀਆਰ ਸ਼੍ਰੇਣੀ ਲਈ ਰਿਜ਼ਰਵ ਜਾਇਦਾਦ ਫੰਡ (ਸ਼ੋਅ ਮਨੀ) ਵਿੱਚ ਵਾਧਾ ਕਰ ਦਿੱਤਾ ਹੈ। ਹੁਣ ਪੀਆਰ ਬੇਸ 'ਤੇ ਕੈਨੇਡਾ ਜਾਣ ਲਈ ਹੋਰ ਵਧੇਰੇ ਰਿਜ਼ਰਵ ਫੰਡ ਸ਼ੋਅ ਕਰਨੇ ਪੈਣਗੇ। ਕੈਨੇਡੀਅਨ ਅਧਿਕਾਰੀਆਂ ਨੇ ਐਕਸਪ੍ਰੈਸ ਐਂਟਰੀ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਪ੍ਰੋਫਾਈਲਾਂ ਨੂੰ ਅਪਡੇਟ ਕਰਨ ਤੇ ਨਵੇਂ ਨਿਯਮਾਂ ਤਹਿਤ ਰਿਜ਼ਰਵ ਫੰਡ ਦੀ ਜ਼ਰੂਰਤ ਦੇ ਮੁਤਾਬਕ ਆਪਣੀ ਵਿੱਤੀ ਸਥਿਤੀ ਵਿੱਚ ਬਦਲਾਅ ਕਰਨ ਨੂੰ ਯਕੀਨੀ ਬਣਾਉਣ। ਨਿਯਮਾਂ ਵਿੱਚ ਬਦਲਾਅ ਤਹਿਤ ਹਰ ਪਰਿਵਾਰ ਲਈ ਲੋੜੀਂਦੇ ਫੰਡਾਂ ਵਿੱਚ 1.5 ਫੀਸਦੀ ਵਾਧਾ ਸ਼ਾਮਲ ਹੈ।
ਮਸਲਨ ਜੇ ਕੋਈ ਵਿਅਕਤੀ ਕੈਨੇਡਾ ਵਿੱਚ ਇਕੱਲਾ ਜਾਂਦਾ ਹੈ ਤਾਂ ਉਸ ਨੂੰ 12,474 ਕੈਨੇਡੀਅਨ ਡਾਲਰ ਦੀ ਪਹਿਲਾਂ ਦੀ ਸ਼ਰਤ ਦੀ ਬਜਾਏ ਹੁਣ 12,669 ਕੈਨੇਡੀਅਨ ਡਾਲਰ ਦੀ ਰਕਮ ਦਾ ਸੈਟਲਮੈਂਟ ਫੰਡ ਦਿਖਾਉਣਾ ਪਵੇਗਾ।ਕੈਨੇਡੀਅਨ ਇਮੀਗ੍ਰੇਸ਼ਨ ਨਿਯਮਾਂ ਮੁਤਾਬਕ ਸਾਰੇ ਸੰਘੀ ਹੁਨਰਮੰਦ ਕਾਮੇ ਤੇ ਸੰਘੀ ਹੁਨਰਮੰਦ ਕਿੱਤੇ ਸ਼੍ਰੇਣੀ ਦੇ ਉਮੀਦਵਾਰ ਜਾਂ ਉਮੀਦਵਾਰਾਂ ਨੂੰ ਸੈਟਲਮੈਂਟ ਫੰਡਾਂ ਦਾ ਸਬੂਤ ਦਿਖਾਉਣਾ ਲਾਜ਼ਮੀ ਹੈ। ਬਦਲਦੇ ਹੋਏ ਨਿਯਮਾਂ ਦਾ ਪੰਜਾਬੀਆਂ 'ਤੇ ਬਹੁਤ ਵੱਡਾ ਅਸਰ ਪਵੇਗਾ ਕਿਉਂਕਿ ਹਰ ਸਾਲ ਹਜ਼ਾਰਾਂ ਪੰਜਾਬੀ ਕੈਨੇਡਾ ਪਰਵਾਸ ਕਰਦੇ ਹਨ।

*ਲੋਕ ਸਭਾ ਚੋਣਾਂ 2019*

# ਪੰਜਾਬ ਵਿਚ *ਸਿਆਸਤ ਦੇ ਮਹਾਂਗੱਠਜੋੜ* ਲਈ ਜ਼ਮੀਨ ਤਿਆਰ

- ਬਾਦਲ ਦਲ ਲਈ *ਕਰੋ ਜਾਂ ਮਰੋ* ਦੇ ਹਾਲਾਤ, ਭਾਜਪਾ ਦੀ ਹਾਲਤ ਪਤਲੀ
- ਫੈਡਰਲ ਢਾਂਚਾ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦਾ ਏਜੰਡਾ ਮੂਹਰੇ
- ਰਵਾਇਤੀ ਪਾਰਟੀਆਂ ਵਿਚ ਦਲ ਬਦਲੀਆਂ ਦੇ ਦਾਅ ਸ਼ੁਰੂ
- ਆਮ ਆਦਮੀ ਪਾਰਟੀ ਦਾ ਸ਼ਾਖ ਬਚਾਉਣ ਲਈ ਜ਼ੋਰ ਲੱਗਿਆ
- ਟਕਸਾਲੀ ਅਕਾਲੀ ਦਲ ਨੇ *ਆਨੰਦਪੁਰ ਦੇ ਮਤੇ* ਦੀ ਗੱਲ ਚਿਤਾਰੀ






**ਜਲੰਧਰ/ਬਿਊਰੋ ਨਿਊਜ਼ :**
ਅਗਲੇ ਮਹੀਨੇ ਦੇ ਪਹਿਲੇ ਦਿਨਾਂ ਵਿਚ ਭਾਰਤ ਵਿਚ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦਾ ਆਖਰੀ ਬਜਟ ਪੇਸ਼ ਹੋ ਜਾਣ ਦੀ ਉਮੀਦ ਹੈ। ਇਸ ਦੇ ਨਾਲ ਹੀ ਲੋਕ ਸਭਾ ਦੀਆਂ ਚੋਣਾਂ ਲਈ ਐਲਾਨ ਹੋ ਸਕਦਾ ਹੈ। ਇਸ ਨੂੰ ਵੇਖਦੇ ਹੋਏ ਪੰਜਾਬ ਵਿਚ ਸਿਆਸੀ ਟੁੱਟ-ਭੱਜ ਇਕਦਮ ਤੇਜ਼ ਹੋ ਗਈ ਹੈ। ਕਾਂਗਰਸ, ਅਕਾਲੀ ਦਲ ਤੇ ਭਾਜਪਾ ਨੂੰ ਛੱਡ ਕੇ ਬਾਕੀ ਰਾਜਸੀ ਧੜਿਆਂ ਵਲੋਂ ਆਉਂਦੀ ਲੋਕ ਸਭਾ ਚੋਣ ਲੜਨ ਲਈ ਪੰਜਾਬ ਅੰਦਰ ਮਹਾਂਗੱਠਜੋੜ ਬਣਾਏ ਜਾਣ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸ ਮਹਾਂਗੱਠਜੋੜ ਦੀ ਉਸਾਰੀ ਕਾਰਨ ਕਾਂਗਰਸ ਤੇ ਬਾਦਲ ਦੀ ਰਾਜਨੀਤੀ ਨੂੰ ਖਤਰਾ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ। ਕਿਸੇ ਸਮੇਂ ਪੰਜਾਬ 'ਚ 25 ਸਾਲ ਰਾਜ ਕਰਨ ਦਾ ਸੁਪਨਾ ਦੇਖਣ ਵਾਲੀ ਅਕਾਲੀ ਦਲ ਬੇਅਦਬੀ ਅਤੇ ਸੌਦਾ ਸਾਧ ਮੁਆਫੀਨਾਮੇ 'ਚ ਅਜਿਹੀ ਘਿਰੀ ਕਿ ਪਾਰਟੀ ਦੀ ਜੜ੍ਹ ਮੰਨੇ ਜਾਂਦੇ ਟਕਸਾਲੀ ਅਕਾਲੀਆਂ ਨੇ ਆਪਣਾ ਵੱਖਰਾ ਅਕਾਲੀ ਦਲ ਸਥਾਪਤ ਕਰ ਲਿਆ। ਬੇਅਦਬੀ ਮਾਮਲਿਆਂ ਦਾ ਮੁੱਦਾ ਚੁੱਕਦਿਆਂ ਕਾਂਗਰਸ ਪਾਰਟੀ ਸੱਤਾ 'ਤੇ ਕਾਬਜ਼ ਹੋਈ, ਤਾਂ ਹੁਣ ਟਕਸਾਲੀ ਅਕਾਲੀਆਂ ਸਣੇ ਪੰਜਾਬੀ ਏਕਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਇਸੇ ਮੁੱਦੇ ਨੂੰ ਕੈਸ਼ ਕਰਦਿਆਂ ਲੋਕ ਸਭਾ ਚੋਣਾਂ ਜਿੱਤਣ ਦੀ ਤਾਕ ਵਿਚ ਹਨ। ਵਿਧਾਨ ਸਭਾ 'ਚ ਬੇਅਦਬੀ ਮਾਮਲਿਆਂ 'ਤੇ ਮਿਲੀ ਨਾਮੋਸ਼ੀ ਤੋਂ ਬਾਅਦ ਹੁਣ ਅਕਾਲੀ ਦਲ ਨੂੰ ਇੱਕ ਨਵਾਂ ਹੀ ਡਰ ਸਤਾਉਣ ਲੱਗਿਆ ਹੈ ਅਤੇ ਇਹ ਡਰ ਹੈ ਪੰਜਾਬ ਵਿਚ ਤੀਜੇ ਬਦਲ ਵੱਜੋਂ ਉੱਭਰ ਕੇ ਆਈਆਂ ਪਾਰਟੀਆਂ ਤੋਂ। ਅਕਾਲੀਆਂ ਵੱਲੋਂ ਇਹ ਨਵੀਆਂ ਪਾਰਟੀਆਂ ਕਾਂਗਰਸ ਪਾਰਟੀ ਦਾ ਹੀ ਹਿੱਸਾ ਦੱਸੀਆਂ ਜਾ ਰਹੀਆਂ ਹਨ ਪਰ ਇਹ ਗੱਲ ਲੋਕਾਂ ਦੇ ਗਲੇ ਨਹੀਂ ਉਤਰ ਰਹੀ ਜਾਪਦੀ। ਇਸ ਮੁੱਦੇ ਨੂੰ ਕੈਸ਼ ਕਰਨ 'ਚ ਟਕਸਾਲੀ ਅਕਾਲੀ ਵੀ ਪਿੱਛੇ ਨਹੀਂ ਰਹੇ। ਉਨ੍ਹਾਂ ਦਾ ਕਹਿਣਾ ਹੈ ਕਿ ਜਿੰਨਾ ਚਿਰ ਸ਼੍ਰੋਮਣੀ ਅਕਾਲੀ ਦਲ ਵਾਲੇ ਇਹ ਦੱਸ ਕੇ ਕਿ ਸਾਡੇ ਤੋਂ ਕੀ ਭੁੱਲਾਂ ਹੋਈਆਂ ਹਨ ਤੇ ਉਹ ਇਹ ਭੁੱਲਾਂ ਪੰਥ ਦੀ ਮਰਿਆਦਾ ਅਨੁਸਾਰ ਨਹੀਂ ਬਖਸ਼ਾਉਂਦੇ ਤੇ ਕੀਤੀਆਂ ਗਲਤੀਆਂ ਦਾ ਪਛਤਾਵਾ ਨਹੀਂ ਕਰਦੇ, ਓਨਾ ਸਮਾਂ ਇਹ ਮੁੱਦਾ ਖਤਮ ਨਹੀਂ ਹੋਵੇਗਾ। ਦਿੱਲੀ ਕਤਲੇਆਮ ਦੇ ਪੀੜਤਾਂ ਲਈ ਚੌਂਤੀ ਸਾਲ ਤੱਕ ਮੁਫਤ ਕੇਸ ਲੜਦੇ ਰਹਿਣ ਵਾਲੇ ਵਕੀਲ ਐੱਚਐੱਸ ਫੂਲਕਾ ਵੀ ਪੰਥਕ ਰਾਜਨੀਤੀ ਵਿਚ ਸਰਗਮ ਹੋ

ਬਾਕੀ ਸਫ਼ਾ 28 'ਤੇ

## ਡੇਰਿਆਂ ਤੇ ਡਰੱਗਜ਼ ਉਤੇ ਚੋਣ ਕਮਿਸ਼ਨ ਦੀ ਤਿੱਖੀ ਨਜ਼ਰ

### *ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਕੇਂਦਰੀ ਚੋਣ ਕਮਿਸ਼ਨ ਨੂੰ ਸੁਝਾਅ*

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਸੰਸਦੀ ਚੋਣਾਂ ਹੁਣ ਸਿਰ 'ਤੇ ਹਨ। ਸ਼ਾਇਦ ਇਸੇ ਲਈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਲਗਦਾ ਹੈ ਕਿ ਸੂਬੇ ਵਿੱਚ ਇਹ ਚੋਣਾਂ ਸਾਫ਼-ਸੁਥਰੇ ਢੰਗ ਨਾਲ ਕਰਵਾਉਣ ਦੇ ਰਾਹ ਵਿੱਚ ਦੋ ਵੱਡੇ ਅੜਿੱਕੇ - 'ਡੇਰੇ ਅਤੇ ਡਰੱਗਜ਼' (ਡੇਰੇ ਅਤੇ ਨਸ਼ੀਲੇ ਪਦਾਰਥ) ਹਨ। ਸੀਈਓ ਦੇ ਦਫ਼ਤਰ ਨੇ ਇਸੇ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਆਖਿਆ ਹੈ ਕਿ ਇਹ ਚੋਣਾਂ ਮੁਕੰਮਲ ਹੋਣ ਤੱਕ ਤਿੰਨ ਆਈਏਐੱਸ, ਇੱਕ ਆਈਐੱਫ਼ਐੱਸ ਅਤੇ ਦੋ ਪੀਸੀਐੱਸ ਅਧਿਕਾਰੀਆਂ ਦੀ ਮੌਜੂਦਗੀ ਨੂੰ ਜ਼ਰੂਰ ਯਕੀਨੀ ਬਣਾਇਆ ਜਾਵੇ।ਭਾਰਤ ਦੇ ਮੁੱਖ ਚੋਣ ਕਮਿਸ਼ਨ ਦੇ ਉੱਚ ਅਧਿਕਾਰੀਆਂ ਦੀ ਇੱਕ ਹਾਲੀਆ ਮੀਟਿੰਗ ਸੂਬਾਈ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਦੇ ਵੋਟਰਾਂ ਦੇ ਵਿਵਹਾਰ ਉੱਤੇ ਅਸਰ ਪਾਉਣ ਵਿੱਚ ਡੇਰਿਆਂ ਤੇ ਕੁਝ ਫਿਰਕਿਆਂ ਦੀ ਵੱਡੀ ਭੂਮਿਕਾ ਹੁੰਦੀ ਹੈ। ਕਮਿਸ਼ਨ ਸਾਹਵੇਂ ਇੱਕ ਦਸਤਾਵੇਜ਼ ਪੇਸ਼ ਕਰਦਿਆਂ ਸੂਬਾਈ ਅਧਿਕਾਰੀਆਂ ਨੇ

ਬਾਕੀ ਸਫ਼ਾ 28 'ਤੇ

# ਸਿੱਖਾਂ ਦੇ ਕਾਤਲ ਸੱਜਣ ਕੁਮਾਰ ਦੇ ਇਕ ਹੋਰ ਮਾਮਲੇ 'ਚ ਵਾਰੰਟ ਨਿਕਲੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਤਿਹਾੜ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਸਿੱਖਾਂ ਦੇ ਹਤਿਆਰੇ ਸੱਜਣ ਕੁਮਾਰ ਦੇ ਜ਼ੁਲਮਾਂ ਦਾ ਹਿਸਾਬ ਹੋਣਾ ਅਜੇ ਬਾਕੀ ਹੈ। ਦਿੱਲੀ ਦੀ ਇਕ ਅਦਾਲਤ ਨੇ ਸੰਨ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਤ ਕੇਸ ਵਿਚ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਪ੍ਰੋਡਕਸ਼ਨ ਵਾਰੰਟ ਜਾਰੀ ਕੀਤਾ ਹੈ। ਜ਼ਿਲ੍ਹਾ ਜੱਜ ਪੂਨਮ ਏ.ਬਾਂਬਾ ਵੱਲੋਂ ਜਾਰੀ ਵਾਰੰਟ ਵਿਚ ਸੱਜਣ ਕੁਮਾਰ ਨੂੰ 28 ਜਨਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ। ਤਿਹਾੜ ਜੇਲ੍ਹ ਦਾ ਪ੍ਰਸ਼ਾਸਨ ਸੱਜਣ ਨੂੰ ਕੇਸ ਦੀ ਸੁਣਵਾਈ ਦੌਰਾਨ ਪੇਸ਼ ਕਰਨ ਵਿਚ ਨਾਕਾਮ ਰਿਹਾ ਸੀ। ਟਰਾਇਲ ਕੋਰਟ ਵਿਚ ਚੱਲ ਰਹੇ ਇਸ ਕੇਸ ਵਿਚ ਕੁਮਾਰ ਸਮੇਤ ਦੋ ਹੋਰਨਾਂ ਬ੍ਰਹਮਾਨੰਦ ਗੁਪਤਾ ਤੇ ਵੇਦ ਪ੍ਰਕਾਸ਼ ਖਿਲਾਫ਼ ਸੁਲਤਾਨਪੁਰੀ ਵਿਚ ਇਕ ਸਿੱਖ ਸੁਰਜੀਤ ਸਿੰਘ ਦੀ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।



ਜ਼ਿਕਰਯੋਗ ਹੈ ਕਿ ਸੱਜਣ ਕੁਮਾਰ, ਦਿੱਲੀ ਹਾਈ ਕੋਰਟ ਵੱਲੋਂ ਸਿੱਖ ਕਤਲੇਆਮ ਨਾਲ ਹੀ ਜੁੜੇ ਇਕ ਹੋਰ ਮਾਮਲੇ ਵਿਚ ਸੁਣਾਈ ਉਮਰ ਕੈਦ ਦੀ ਸਜ਼ਾ ਤਹਿਤ ਤਿਹਾੜ ਜੇਲ੍ਹ ਵਿਚ ਬੰਦ ਹੈ। ਕੇਸ ਦੀ ਗਵਾਹ ਚਾਮ ਕੌਰ ਨੇ ਪਿਛਲੇ ਸਾਲ 16 ਨਵੰਬਰ ਨੂੰ ਅਦਾਲਤ ਸਾਹਮਣੇ ਸੱਜਣ ਕੁਮਾਰ ਦੀ ਸ਼ਨਾਖ਼ਤ ਕਰਦਿਆਂ ਕਿਹਾ ਸੀ ਕਿ ਇਸੇ ਸ਼ਖ਼ਸ ਨੇ ਸਿੱਖਾਂ ਨੂੰ ਮਾਰਨ ਲਈ ਭੀੜ ਨੂੰ ਉਕਸਾਇਆ ਸੀ। ਕੌਰ ਤੋਂ ਪਹਿਲਾਂ ਇਕ ਹੋਰ ਅਹਿਮ ਗਵਾਹ ਸ਼ੀਲਾ ਕੌਰ ਵੀ ਸੱਜਣ ਕੁਮਾਰ ਦੀ ਸ਼ਨਾਖਤ ਕਰ ਚੁੱਕੀ ਹੈ।

ਬਾਕੀ ਸਫ਼ਾ 28 'ਤੇ

# ਬਾਦਲ ਦਲ ਦਾ ਆਗੂ ਅਵਤਾਰ ਸਿੰਘ ਹਿੱਤ ਅਕਾਲ ਤਖ਼ਤ 'ਤੇ ਤਲਬ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕੀਤਾ ਹੈ।ਅਵਤਾਰ ਸਿੰਘ ਹਿੱਤ ਨੂੰ ਸਿੱਖ ਧਰਮ ਦੀ ਅਰਦਾਸ ਦੇ ਵਾਕ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸ਼ਲਾਘਾ ਲਈ ਵਰਤੇ ਜਾਣ ਦੇ ਮਾਮਲੇ 'ਚ ਸਪੱਸ਼ਟੀਕਰਨ ਦੇਣ ਲਈ 28 ਜਨਵਰੀ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਹੈ।



ਹਿੱਤ ਨੇ ਨਿਤੀਸ਼ ਦੀ ਗੁਰੂ ਸਾਹਿਬ ਨਾਲ ਤੁਲਨਾ ਕਰਦਿਆਂ ਕਿਹਾ, "ਨਿਮਾਣਿਆ ਦੇ ਮਾਣ, ਨਿਤਾਣਿਆਂ ਦੇ ਤਾਣ ਤੇ ਨਿਓਟਿਆ ਦੀ ਓਟ" ਦੇ ਅਰਦਾਸ ਵਿਚ ਗੁਰੂ ਸਾਹਿਬ ਨੂੰ ਸੰਬੋਧਨ ਹੋਣ ਵਾਲੇ ਸ਼ਬਦ ਵਰਤ ਕਰ ਕੇ ਬੱਜਰ ਗ਼ਲਤੀ ਕੀਤੀ ਜਿਸ ਨੂੰ ਲੈ ਕੇ

ਬਾਕੀ ਸਫ਼ਾ 28 'ਤੇ



















# Travel for Less Inc.

SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, ETIHAD AIRWAYS, Lufthansa, QATAR AIRWAYS

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

BBB IATAN

CST NO : 2031914-40

**Serving the Bay Area Since 1996**

We have moved to 32116-Alvarado Blvd. Union City, CA-94587

Email: info@travelforlessinc.com

**CALL 510-791-3300** Book online 24x7 @ www.Letsflyhome.com






# 1984 ਅਣਚਿਤਵਿਆ ਕਹਿਰ

audiobook

## ਬੋਲਦੀ ਕਿਤਾਬ

ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।

ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।

## ਬੋਲਦੀਆਂ ਕਿਤਾਬਾਂ ਸੁਣਨ ਲਈ

(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ Google Play ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।

ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।

ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:

+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

## ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ ਅਦਾਰਾ 'ਅੰਮ੍ਰਿਤਸਰ ਟਾਈਮਜ਼' ਵਿਚ ਸਹਿ-ਸੰਪਾਦਕ ਵਜੋਂ ਨਿਯੁਕਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਦਾਰਾ "ਅੰਮ੍ਰਿਤਸਰ ਟਾਈਮਜ਼" ਨਾਲ ਜੁੜੇ ਪਾਠਕਾਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਸਮੇਂ ਵਿਚ ਆਈਆਂ ਤਬਦੀਲੀਆਂ ਅਤੇ ਤਕਨੀਕੀ ਵਿਕਾਸ ਦੇ ਹਾਣੀ ਬਣਦਿਆਂ "ਅੰਮ੍ਰਿਤਸਰ ਟਾਈਮਜ਼" ਦੇ ਡਿਜ਼ੀਟਲ ਭਾਗ (ਵੈਬਸਾਈਟ) ਨੂੰ ਪਾਠਕਾਂ ਦੀ ਕਚਹਿਰੀ 'ਚ ਨਵੇਂ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਹੁਣ ਪਾਠਕ ਹਰ ਦਿਨ ਦੀਆਂ ਤਾਜ਼ਾ ਖ਼ਬਰਾਂ "ਅੰਮ੍ਰਿਤਸਰ ਟਾਈਮਜ਼" ਦੀ ਵੈਬਸਾਈਟ ਤੋਂ ਪੜ੍ਹ ਸਕਣਗੇ। ਡਿਜ਼ੀਟਲ ਭਾਗ ਦੇ ਸਹਿ ਸੰਪਾਦਕ ਅਹੁਦੇ 'ਤੇ ਤਜਰਬੇਕਾਰ ਅਤੇ ਨੌਜਵਾਨ ਪੱਤਰਕਾਰ ਸੁਖਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਸੁਖਵਿੰਦਰ ਸਿੰਘ ਦੀ ਵਿਦਿਅਕ ਯੋਗਤਾ ਬੀ.ਟੈਕ (ਮਕੈਨੀਕਲ ਇੰਜੀਨਿਅਰਿੰਗ), ਐਮ.ਏ (ਮਨੁੱਖੀ ਅਧਿਕਾਰ ਅਤੇ ਜ਼ਿੰਮੇਵਾਰੀਆਂ) ਹੈ। ਉਹ ਤਿੰਨ ਸਾਲਾਂ ਤੋਂ ਖ਼ਬਰੀ ਅਦਾਰਿਆਂ ਦੇ ਸੰਪਾਦਕੀ ਵਿਭਾਗ ਵਿਚ ਕੰਮ ਕਰਦੇ ਆ ਰਹੇ ਹਨ। ਅਦਾਰਾ ਅੰਮ੍ਰਿਤਸਰ ਟਾਈਮਜ਼ ਆਪਣੇ ਪਾਠਕਾਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਇਹਨਾਂ ਤਬਦੀਲੀਆਂ ਦੇ ਬਾਵਜੂਦ ਅਸੀਂ ਆਪਣੀ ਪਛਾਣ ਮੁਤਾਬਕ ਸਟੀਕ, ਸਹੀ, ਦਰੁੱਸਤ ਅਤੇ ਅਹਿਮ ਜਾਣਕਾਰੀਆਂ ਤੱਥਾਂ ਅਤੇ ਖੋਜ ਅਧਾਰਿਤ ਮਸੌਦੇ ਸਮੇਤ ਹੀ ਤੁਹਾਡੇ ਸਾਹਮਣੇ ਪੇਸ਼ ਕਰਾਂਗੇ। "ਅੰਮ੍ਰਿਤਸਰ ਟਾਈਮਜ਼" ਦੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਅਦਾਰੇ ਦੀ ਵੈਬਸਾਈਟ ਨਾਲ ਜੁੜਨ ਅਤੇ ਸਾਡੇ ਕੰਮ ਬਾਰੇ ਆਪਣੇ ਸੁਝਾਅ ਸਾਨੂੰ ਜ਼ਰੂਰ ਭੇਜਣ।



## ਇੰਦਰ ਦੋਸਾਂਝ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਨੂੰ ਟਰੱਕ ਦੀ ਭੇਟਾ



**ਫਰੀਮੌਂਟ/ਬਿਊਰੋ ਨਿਊਜ਼ :** ਉਘੇ ਸਿੱਖ ਕਾਰੋਬਾਰੀ ਤੇ ਸਮਾਜ ਸੇਵੀ ਅਤੇ ਡਬਲਿਨ ਆਟੋ ਗਰੁੱਪ ਦੇ ਮਾਲਕ ਸ. ਇੰਦਰ ਸਿੰਘ ਦੋਸਾਂਝ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਨੂੰ ਗੁਰਦੁਆਰਾ ਸਾਹਿਬ ਦੇ ਕੰਮਾਂ ਲਈ ਇਕ ਟਰੱਕ ਦੀ ਭੇਟਾ ਦਿੱਤੀ ਹੈ। ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਦੇ ਮੈਂਬਰਾਂ ਸ. ਐਚਪੀ ਸਿੰਘ ਤੇ ਜਸਵਿੰਦਰ ਸਿੰਘ ਜੰਡੀ ਵੱਲੋਂ ਸ. ਇੰਦਰ ਸਿੰਘ ਦੋਸਾਂਝ ਦਾ ਸੰਗਤ ਵਲੋਂ ਧੰਨਵਾਦ ਵੀ ਕੀਤਾ। ਇਸ ਸੇਵਾ ਲਈ ਉਨ੍ਹਾਂ ਵੱਲੋਂ ਹਰਜੀਤ ਸਿੰਘ ਵੜੈਚ, ਭੁਪਿੰਦਰ ਸਿੰਘ ਪਰਮਾਰ, ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਬੜੈਚ ਦੇ ਵਿਸ਼ੇਸ਼ ਯਤਨਾਂ ਦੀ ਵੀ ਸ਼ਲਾਘਾ ਕੀਤੀ ਗਈ। ਸੁਪਰੀਮ ਕੌਂਸਲ ਆਗੂਆਂ ਨੇ ਕਿਹਾ ਕਿ ਸ. ਹਰਿੰਦਰਪਾਲ ਸਿੰਘ, ਗੁਰਚਰਨ ਸਿੰਘ ਵੜੈਚ ਅਤੇ ਸ. ਅਵਤਾਰ ਸਿੰਘ ਵੱਲੋਂ ਵੀ ਪਿਛਲੇ ਲੰਮੇ ਸਮੇਂ ਤੋਂ ਜੋ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਨਿਸ਼ਕਾਮ ਸੇਵਾ ਕੀਤੀ ਜਾ ਰਹੀ ਹੈ, ਉਹ ਤਾਰੀਫ ਦੇ ਕਾਬਿਲ ਹੈ ਤੇ ਉਹ ਉਪਰੋਕਤ ਸਾਰੇ ਦਾਨੀ ਸੱਜਣਾਂ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਨ।



## ਜੋਬਨਜੀਤ ਸਿੰਘ ਚੌਹਾਨ ਨੂੰ ਸਦਮਾ, ਪਿਤਾ ਕ੍ਰਿਪਾਲ ਸਿੰਘ ਦਾ ਅਕਾਲ ਚਲਾਣਾ



**ਬੇਕਰਜ਼ਫੀਲਡ/ਬਿਊਰੋ ਨਿਊਜ਼ :** ਸਮੂਹ ਭਾਈਚਾਰੇ ਨੂੰ ਬੜੇ ਅਫ਼ਸੋਸ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਜੋਬਨਜੀਤ ਸਿੰਘ ਦੇ ਸਤਿਕਾਰਤ ਪਿਤਾ ਸ. ਕ੍ਰਿਪਾਲ ਸਿੰਘ, ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦਾ ਅੰਤਿਮ ਸੰਸਕਾਰ 26 ਜਨਵਰੀ, ਦਿਨ ਸ਼ਨੀਵਾਰ ਨੂੰ ਦੁਪਹਿਰ 12:00 ਵਜੇ Basham-Hopson Funeral Care 620 Oregon St. Bakersfield CA 93305 ਵਿਖੇ ਹੋਵੇਗਾ। ਉਪਰੰਤ ਸਿੱਖ ਟੈਂਪਲ ਆਫ਼ ਬੇਕਰਸਫੀਲਡ 2400 SP St, Bakersfield, CA 93304 ਵਿਖੇ ਅੰਤਿਮ ਅਰਦਾਸ ਹੋਵੇਗੀ।

## ਭਾਈ ਸ਼ਿੰਦਰਪਾਲ ਸਿੰਘ ਦੀ ਲਾਸ਼ ਨਹਿਰ 'ਚੋਂ ਮਿਲੀ

**ਸਟਾਕਟਨ/ਬਿਊਰੋ ਨਿਊਜ਼ :** ਸਥਾਨਕ ਸਿੱਖ ਭਾਈਚਾਰੇ ਲਈ ਬੇਹੱਦ ਮੰਦਭਾਗੀ ਖਬਰ ਹੈ ਕਿ ਡੈਲਟਾ ਮੈਂਡੋਟਾ ਨਹਿਰ ਵਿੱਚੋਂ ਭਾਈ ਸ਼ਿੰਦਰਪਾਲ ਸਿੰਘ ਜੀ ਦੀ ਲਾਸ਼ ਮਿਲੀ ਹੈ। ਜ਼ਿਕਰਯੋਗ ਹੈ ਪਿਛਲੀ 4 ਜਨਵਰੀ ਤੋਂ ਭਾਈ ਸਾਹਿਬ ਭੇਦਭਰੀ ਹਾਲਤ ਵਿਚ ਗੁੰਮ ਸਨ। ਕੇਸ ਦੀ ਜਾਂਚ ਮਨਟੀਕਾ ਪੁਲਿਸ ਦੇ ਹਵਾਲੇ ਹੈ, ਜੋ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਕਾਰਵਾਈ ਕਰ ਰਹੀ ਹੈ। ਭਾਈ ਸ਼ਿੰਦਰਪਾਲ ਸਿੰਘ ਜੀ ਪਿਛਲੇ ਕਈ ਸਾਲਾਂ ਤੋਂ ਸਟਾਕਟਨ ਗੁਰਦੁਆਰਾ ਸਾਹਿਬ ਦੀ ਕਮੇਟੀ ਵਿੱਚ ਸੇਵਾ ਕਰਦੇ ਆ ਰਹੇ ਸਨ।



## ਸੇਵਾ ਸਿੰਘ ਸਰ੍ਹਾਂ ਦਾ ਅਕਾਲ ਚਲਾਣਾ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਕਰਮਨ ਨਿਵਾਸੀ ਸ. ਸੇਵਾ ਸਿੰਘ ਸਰ੍ਹਾਂ (79 ਸਾਲ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 19 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਜੱਦੀ ਪਿੰਡ ਚਿਪੜਾ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। ਸੇਵਾ ਸਿੰਘ ਸਰ੍ਹਾਂ ਪਿਛਲੇ 21 ਸਾਲਾ ਤੋਂ ਆਪਣੇ ਪੁੱਤਰ ਸਰਬਜੀਤ ਸਿੰਘ ਸਰ੍ਹਾਂ ਕੋਲ ਕੈਲੀਫੋਰਨੀਆ ਦੇ ਕਰਮਨ ਸ਼ਹਿਰ ਵਿਖੇ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਹਰ ਸਮੇਂ ਸਮਾਜਿਕ ਅਤੇ ਭਾਈਚਾਰਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਂਜ਼ਲੀਆਂ ਦੀ ਰਸਮ 26 ਜਨਵਰੀ 2019, ਦਿਨ ਸ਼ਨੀਵਾਰ ਨੂੰ 680 S. Vineland Ave, Kerman, CA-93630 ਦੇ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਵਿਖੇ 11 ਵਜੇ ਤੋਂ 1 ਵਜੇ ਤਕ ਹੋਵੇਗੀ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਅਨੰਦਗੜ ਸਾਹਿਬ 680 S. Vineland Ave, Kerman, CA-93630 ਕਰਮਨ ਵਿਖੇ ਬਾਅਦ ਦੁਪਹਿਰ 2:00 ਵਜੇ ਤੋਂ 4:00 ਵਜੇ ਤੱਕ ਹੋਵੇਗੀ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਸਰਬਜੀਤ ਸਿੰਘ ਸਰ੍ਹਾਂ ਨਾਲ ਫੋਨ ਨੰਬਰ (559) 779-7134 'ਤੇ ਸੰਪਰਕ ਕੀਤਾ ਜਾ ਸਕਦਾ ਹੈ।






## ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਮਿਲੀ ਜ਼ਮਾਨਤ

**ਫ਼ਰੀਦਕੋਟ/ਬਿਊਰੋ ਨਿਊਜ਼ :** ਫ਼ਰੀਦਕੋਟ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਅਦਾਲਤ ਨੇ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਅਤੇ ਤਲਵਿੰਦਰ ਸਿੰਘ ਉਰਫ਼ ਜਿੰਮੀ ਦੀ ਜ਼ਮਾਨਤ ਮਨਜ਼ੂਰ ਕਰ ਦਿੱਤੀ ਹੈ। ਇਹ ਦੋਵੇਂ ਦੋ ਸਾਲ ਪੁਰਾਣੇ ਉਸ ਕੇਸ 'ਚ ਮੁਲਜ਼ਮ ਬਣਾਏ ਗਏ ਹਨ,



ਜੋ ਪੰਜਾਬ ਦੇ ਖਾੜਕੂਆਂ ਨੂੰ ਕਥਿਤ ਤੌਰ 'ਤੇ ਫ਼ੰਡ ਮੁਹੱਈਆ ਕਰਵਾਉਣ ਨਾਲ ਸਬੰਧਤ ਹੈ। ਪੰਜਾਬ ਪੁਲਿਸ ਵੱਲੋਂ ਜਗਤਾਰ ਸਿੰਘ ਉਰਫ ਜੱਗੀ ਜੌਹਲ ਤੇ ਤਲਵਿੰਦਰਜੀਤ ਸਿੰਘ ਦੋਵਾਂ ਨੂੰ ਸਾਲ 2017 'ਚ ਕਈ ਤਰ੍ਹਾਂ ਦੇ ਦੋਸ਼ ਲਗਾ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਲਾਂ ਕਿ ਇਨ੍ਹਾਂ ਦੋਸ਼ਾਂ ਬਾਰੇ ਪੁਲਿਸ ਕੋਈ ਪੁਖਤਾ ਸਬੂਤ ਹੁਣ ਤਕ ਪੇਸ਼ ਨਹੀਂ ਕਰ ਸਕੀ ਹੈ। ਪੰਜਾਬ 'ਚ ਪਿਛਲੇ ਤਿੰਨ ਵਰ੍ਹਿਆਂ ਦੌਰਾਨ ਜੋ ਕਤਲ ਹੋਏ ਸਨ, ਉਨ੍ਹਾਂ ਦਾ ਮਾਮਲਾ ਉਸ ਕੇਸ ਨਾਲ ਵੀ ਜੋੜਿਆ ਗਿਆ। ਸਿੱਖ ਭਾਈਚਾਰੇ ਅਤੇ ਪਰਵਾਸੀ ਸਿੱਖਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇਹ ਮਾਮਲਾ ਸੂਬੇ ਦੇ ਸਪੈਸ਼ਲ ਆਪਰੇਸ਼ਨਜ਼ ਸੈੱਲ ਹਵਾਲੇ ਕਰ ਦਿੱਤਾ ਗਿਆ ਸੀ। ਮਈ-2017 'ਚ ਇਸ ਸੈੱਲ ਨੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਦੇ ਕਬਜ਼ੇ 'ਚੋਂ ਭਾਰੀ ਹਥਿਆਰ ਬਰਾਮਦ ਹੋਣ ਦੇ ਦਾਅਵੇ ਕੀਤੇ ਗਏ ਸਨ। ਪੁਲਿਸ ਨੇ ਦਾਅਵਾ ਕੀਤਾ ਸੀ ਕਿ ਗੁਰਪ੍ਰੀਤ ਸਿੰਘ ਤੇ ਉਸ ਦੇ ਸਾਥੀ ਸੂਬੇ ਵਿਚ ਗੜਬੜੀ ਫੈਲਾਉਣ ਲਈ ਗਿਣੀ-ਮਿੱਥੀ ਯੋਜਨਾ ਅਧੀਨ ਕਤਲ ਕਰ ਰਹੇ ਸਨ। ਪੁਲਿਸ ਦਾ ਦਾਅਵਾ ਸੀ ਕਿ ਜਗਤਾਰ ਸਿੰਘ ਹਥਿਆਰ ਤੇ ਹੋਰ ਗੋਲੀ-ਸਿੱਕਾ ਖ਼ਰੀਦਣ ਵਿੱਚ ਕਥਿਤ ਤੌਰ 'ਤੇ ਗੁਰਪ੍ਰੀਤ ਸਿੰਘ ਦੀ ਮਦਦ ਕਰ ਰਿਹਾ ਸੀ ਪਰ ਵਿਸ਼ਵ ਭਰ ਵਿਚ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੇ ਹੱਕ ਵਿਚ ਲਹਿਰ ਚੱਲੀ ਤੇ ਭਾਰਤ ਸਰਕਾਰ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪਿਆ।

# ਸਮਾਜ ਸੇਵੀ ਸੰਸਥਾ 'ਸਹਾਇਤਾ' ਨੇ ਮਨਾਈ ਕੁੜੀਆਂ-ਮੁੰਡਿਆਂ ਦੀ ਲੋਹੜੀ





**ਫਰੀਮੋਂਟ/ਬਿਊਰੋ ਨਿਊਜ਼ :** ਪਿਛਲੇ 14 ਸਾਲਾਂ ਤੋਂ ਲੋੜਵੰਦਾਂ ਦੀ ਸਹਾਇਤਾ ਕਰਦੀ ਆ ਰਹੀ ਸਮਾਜ ਸੇਵੀ ਸੰਸਥਾ 'ਸਹਾਇਤਾ' ਨੇ ਬੀਤੇ ਸ਼ਨੀਵਾਰ ਆਪਣਾ ਪੰਜਵਾਂ ਲੋਹੜੀ ਸਮਾਗਮ ਪੈਰਾਡਾਇਜ਼ ਬਾਲਰੂਮਜ਼ ਫਰੀਮੋਂਟ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ। ਇਸ ਸਮਾਗਮ ਵਿੱਚ ਸਮੂਹ ਮੈਂਬਰ ਪਰਿਵਾਰਾਂ ਸਮੇਤ ਵਧ ਚੜ੍ਹ ਕੇ ਹਾਜ਼ਰ ਹੋਏ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। 'ਪੰਜਾਬੀ ਧੜਕਣ ਅਕੈਡਮੀ' ਦੀਆਂ ਡਾਇਰੈਕਟਰਜ਼ ਡਿੰਪਲ ਬੈਂਸ ਅਤੇ ਪਿੰਕੂ ਰੱਤੀ ਦੁਆਰਾ ਤਿਆਰ ਕਰਵਾਈਆਂ ਬੱਚਿਆਂ ਦੀਆਂ ਭੰਗੜਾ ਅਤੇ ਗਿੱਧਾ ਟੀਮਾਂ ਨੇ ਖ਼ੂਬ ਰੰਗ ਬੰਨਿਆ।

ਇਸ ਮੌਕੇ 'ਸਹਾਇਤਾ' ਵਲੋਂ ਇੰਡੀਆ ਵਿਚ ਬੱਚਿਆਂ ਦੀ ਪੜ੍ਹਾਈ, ਇਲਾਜ ਅਤੇ ਸੰਭਾਲ ਲਈ ਚਲਾਏ ਜਾਂਦੇ ਸਹਾਇਤਾ ਪ੍ਰੋਜੈਕਟਾਂ ਦੀਆਂ ਵੀਡੀਓ ਵਿਖਾਈਆਂ ਗਈਆਂ। ਪਵਿੱਤਰ ਕੌਰ ਥਿਆੜਾ ਨੇ 'ਸਹਾਇਤਾ' ਵਲੋਂ ਚਲਾਏ ਜਾਂਦੇ ਮੈਡੀਕਲ ਅਤੇ ਨਵ ਜਨਮੇ ਬੇਸਹਾਰਾ ਬੱਚਿਆਂ ਦੀ ਸੰਭਾਲ ਬਾਰੇ ਇੱਕ ਸਲਾਈਡ ਸ਼ੋਅ ਦਿਖਾ ਕੇ ਵਿਸਥਾਰਤ ਜਾਣਕਾਰੀ ਦਿੱਤੀ। ਕਿਰਨਜੀਤ ਸਿੰਘ ਥਿਆੜਾ ਨੇ ਬਾਲ ਘਰ ਵਿਚ ਆਪਣੀ ਪਹਿਲੀ ਫੇਰੀ ਦੇ ਤਜਰਬੇ ਨੂੰ ਦਰਸ਼ਕਾਂ ਨਾਲ ਸਾਂਝਾ ਕੀਤਾ। 'ਸਹਾਇਤਾ' ਵਲੋਂ ਸਮਾਜ ਸੇਵਾ ਦੇ ਖੇਤਰ ਨਾਲ ਜੁੜੀਆਂ ਦੂਜੀਆਂ ਸੰਸਥਾਵਾਂ ਦੀ ਹੌਸਲਾ ਅਫ਼ਜ਼ਾਈ ਦੇ ਮੰਤਵ ਨਾਲ 'ਸਟੈਂਡਿੰਗ ਸਟ੍ਰੇਟ' ਨਾਮ ਦੀ ਇੱਕ ਸੰਸਥਾ ਨੂੰ ਡਾ.ਹਰਕੇਸ਼ ਸਿੰਘ ਸੰਧੂ ਨੇ ਸਟੇਜ ਤੇ ਬੁਲਾ ਕੇ ਸਨਮਾਨਤ ਕੀਤਾ ਅਤੇ ਮਾਇਕ ਸਹਾਇਤਾ ਲਈ ਚੈੱਕ ਵੀ ਭੇਟ ਕੀਤਾ। ਲਵੀ ਸਰਾਂ ਅਤੇ ਸੁਪ੍ਰੀਤ ਵਲੋਂ ਨਵ ਜਨਮੇ ਮੁੰਡੇ ਕੁੜੀਆਂ ਦੀ ਲੋਹੜੀ ਮਨਾਉਣ ਆਏ ਮਾਪਿਆਂ ਨੂੰ 'ਸਹਾਇਤਾ' ਵਲੋਂ ਤੋਹਫੇ ਵੀ ਦਿੱਤੇ ਗਏ। ਅੰਮ੍ਰਿਤਪਾਲ ਸਰਾਂ ਅਤੇ ਲਵੀ ਸਿੰਘ ਦੇ ਹੋਣਹਾਰ ਬੇਟੇ ਸੰਦੀਪ ਨੇ ਪ੍ਰੋਗਰਾਮ 'ਟਾਕ ਅਬਾਊਟ ਲਵਡ ਟਵਾਈਸ' ਦੇ ਬਾਰੇ ਜਾਣਕਾਰੀ ਦਿੱਤੀ। ਸਹਾਇਤਾ ਵਲੋਂ ਬੱਚਿਆਂ ਲਈ ਵਰਤੇ ਹੋਏ ਜਾਂ ਨਵੇਂ ਕੱਪੜੇ ਲਿਆਉਣ ਦੇ ਦਿੱਤੇ ਸੱਦੇ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ। ਗਾਇਕ ਸੱਤੀ ਪਾਬਲਾ ਨੇ ਢੋਲ ਦੇ ਡੱਗੇ ਉੱਤੇ ਖ਼ੂਬਸੂਰਤ ਗੀਤ ਪੇਸ਼ ਕਰਕੇ ਚੰਗਾ ਰੰਗ ਬੰਨ੍ਹਿਆ ਅਤੇ ਬੋਲੀਆਂ ਪਾ ਕੇ ਲੋਕਾਂ ਨੂੰ ਖ਼ੂਬ ਨਚਾਇਆ। 'ਪੰਜਾਬੀ ਧੜਕਣ ਅਕੈਡਮੀ' ਦੀ ਗਿੱਧਾ ਜੂਨੀਅਰ ਅਤੇ ਸੀਨੀਅਰ ਟੀਮਾਂ ਦੀਆਂ ਖ਼ੂਬਸੂਰਤ ਪੰਜਾਬੀ ਪੌਸ਼ਾਕਾਂ ਵਿੱਚ ਸਜੀਆਂ ਮੁਟਿਆਰਾਂ ਨੇ ਕਮਾਲ ਦੀ ਪੇਸ਼ਕਾਰੀ ਨਾਲ ਲੋਕਾਂ ਦੇ ਮਨ ਮੋਹ ਲਏ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸ਼ਕਤੀ ਮਾਣਕ ਅਤੇ ਜਸਵੰਤ ਸਿੰਘ ਸ਼ਾਦ ਨੇ ਬੜੇ ਹੀ ਸੁਚੱਜੇ ਅਤੇ ਵਿਉਂਤਬੱਧ ਤਰੀਕੇ ਨਾਲ ਨਿਭਾਈ। ਸਾਰੇ ਸਮਾਗਮ ਦੀ ਵੀਡੀਓ ਤੇ ਫੋਟੋਗ੍ਰਾਫੀ ਲਈ ਰਾਜ ਬਡਵਾਲ ਦਾ ਖਾਸ ਧੰਨਵਾਦ ਕੀਤਾ ਗਿਆ ਅਤੇ ਬਡਵਾਲ ਨੇ ਆਏ ਮਹਿਮਾਨਾਂ ਨਾਲ ਵਿਚਾਰ ਵੀ ਸਾਂਝੇ ਕੀਤੇ। ਅੰਤ ਵਿੱਚ ਮਹਿਮਾਨਾਂ ਨੇ ਡਿਨਰ ਦਾ ਆਨੰਦ ਮਾਣਿਆਂ ਅਤੇ ਡੀ. ਜੇ.ਉੱਤੇ ਖ਼ੂਬ ਨਾਚ ਕੀਤਾ। ਸਮਾਗਮ ਦੇ ਸਪੌਂਸਰਜ਼ ਸ .ਮੱਖਣ ਸਿੰਘ ਬੈਂਸ, ਡੀ ਜੇ ਨਿਕਸ, ਰੇਡੀਓ ਚੜ੍ਹਦੀ ਕਲਾ, ਰਾਇਲ ਈਵੈਂਟਸ ਐਂਡ ਡੈਕੋਰ, ਸਰਦੂਲ ਸਮਰਾ ਤੇ ਅਸ਼ੋਕ ਭੌਰਾ ਦਾ ਖਾਸ ਧੰਨਵਾਦ ਕੀਤਾ ਗਿਆ। ਸਹਾਇਤਾ ਦੇ ਮੋਢੀ ਡਾ.ਹਰਕੇਸ਼ ਸਿੰਘ ਸੰਧੂ ਨੇ ਸਾਰੇ ਮਹਿਮਾਨਾਂ, ਸਪੌਂਸਰਜ਼ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਡਾ. ਹਰਕੇਸ਼ ਸੰਧੂ, ਸ. ਸਰੂਪ ਸਿੰਘ ਝੱਜ, ਦਲਜੀਤ ਸਿੰਘ ਖਹਿਰਾ, ਅੰਮ੍ਰਿਤਪਾਲ ਸਰਾਂ, ਲਵੀ ਸਰਾਂ ਤੇ ਪਵਿੱਤਰ ਦਿਓਲ ਪੱਬਾਂ ਭਾਰ ਰਹੇ।

## ਦਸਤਾਰ ਸਜਾਉਣ ਦੇ ਹੱਕ ਲਈ ਜੂਝਣ ਵਾਲੇ ਗੁਰਿੰਦਰ ਸਿੰਘ ਖਾਲਸਾ ਨੂੰ ਮਿਲਿਆ ਵਕਾਰੀ ਐਵਾਰਡ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਇੰਡੀਆਨਾਪੋਲਿਸ ਦੇ ਰਹਿਣ ਵਾਲੇ ਉਘੇ ਸਿੱਖ ਸਮਾਜ ਸੇਵੀ ਗੁਰਿੰਦਰ ਸਿੰਘ ਖਾਲਸਾ



ਨੂੰ ਦੇਸ਼ ਦਾ ਵੱਕਾਰੀ 'ਰੋਸਾ ਪਾਰਕ ਟਰੇਲਬਲੇਜ਼ਰ ਐਵਾਰਡ' ਦਿੱਤਾ ਗਿਆ ਹੈ। ਗੌਰਤਲਬ ਹੈ ਕਿ ਗੁਰਿੰਦਰ ਸਿੰਘ ਖਾਲਸਾ ਵੱਲੋਂ ਸਿੱਖ ਦੀ ਦਸਤਾਰ ਸਜਾਉਣ ਦੇ ਹੱਕ ਬਾਰੇ ਚਲਾਈ ਮੁਹਿੰਮ ਨੇ ਅਮਰੀਕੀ ਅਥਾਰਿਟੀ ਨੂੰ ਇਸ ਸਬੰਧੀ ਆਪਣੀਆਂ ਨੀਤੀਆਂ ਬਦਲਣ ਲਈ ਮਜਬੂਰ ਕਰ ਦਿੱਤਾ ਸੀ। ਗੁਰਿੰਦਰ ਸਿੰਘ ਖਾਲਸਾ (45 ਸਾਲ) ਨੂੰ ਇਹ ਸਨਮਾਨ ਉਨ੍ਹਾਂ ਦੇ ਹੌਸਲੇ ਤੇ ਦ੍ਰਿੜ੍ਹ ਇਰਾਦੇ ਲਈ ਦਿੱਤਾ ਗਿਆ ਹੈ। ਸੰਨ 2007 ਵਿਚ ਖਾਲਸਾ ਨੇ ਹਵਾਈ ਜਹਾਜ਼ 'ਚ ਸਵਾਰ ਹੋਣ ਤੋਂ ਪਹਿਲਾਂ ਜਾਂਚ ਲਈ ਦਸਤਾਰ ਲਾਹੁਣ ਤੋਂ ਇਨਕਾਰ ਕਰ ਦਿੱਤਾ ਸੀ, ਤਾਂ ਉਨ੍ਹਾਂ ਨੂੰ ਜਹਾਜ਼ ਵਿਚ ਨਹੀਂ ਬੈਠਣ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਧਾਰਮਿਕ ਅਕੀਦੇ ਦੀ ਆਜ਼ਾਦੀ ਸਬੰਧੀ ਪਟੀਸ਼ਨ ਮੁਹਿੰਮ ਚਲਾਈ ਤੇ ਅਮਰੀਕੀ ਸੰਸਦ ਨੂੰ ਨੇਮ ਬਦਲਣ ਲਈ ਮਜਬੂਰ ਕਰ ਦਿੱਤਾ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# ਜਲਾਵਤਨੀ ਕੱਟ ਰਹੇ ਸਿੱਖ ਆਗੂ ਭਾਈ ਗਜਿੰਦਰ ਸਿੰਘ ਦੀ ਜੀਵਨ ਸਾਥਣ ਬੀਬੀ ਮਨਜੀਤ ਕੌਰ ਦਾ ਅਕਾਲ ਚਲਾਣਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਿੱਖ ਕੌਮ ਦੇ ਅਜ਼ਾਦ ਖਿੱਤੇ ਦੀ ਕਾਇਮੀ ਲਈ ਸੰਘਰਸ਼ਸ਼ੀਲ ਜਥੇਬੰਦੀ ਦਲ ਖ਼ਾਲਸਾ ਦੇ ਬਾਨੀ ਆਗੂ ਅਤੇ ਮੌਜੂਦਾ ਸਮੇਂ ਸਰਪ੍ਰਸਤ ਭਾਈ ਗਜਿੰਦਰ ਸਿੰਘ ਦੀ ਜੀਵਨ ਸਾਥਣ ਬੀਬੀ ਮਨਜੀਤ ਕੌਰ ਅਕਾਲ ਚਲਾਣਾ ਕਰ ਗਏ ਹਨ। ਬੀਬੀ ਮਨਜੀਤ ਕੌਰ ਪਿਛਲੇ ਕੁਝ ਸਮੇਂ ਤੋਂ ਸਰੀਰਕ ਰੋਗਤਾ ਨਾਲ ਜੂਝ ਰਹੇ ਸਨ। ਅੱਜ ਜਰਮਨ ਦੇ ਸ਼ਹਿਰ ਫਰੈਂਕਫਰਟ ਵਿਚ ਉਨਾਂ ਨੇ ਆਪਣੇ ਅੰਤਿਮ ਸਵਾਸ ਲਏ। ਭਾਈ ਗਜਿੰਦਰ ਸਿੰਘ ਦਲ ਖ਼ਾਲਸਾ ਦੇ ਉਨ੍ਹਾਂ ਆਗੂਆਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ 1981 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਭਾਰਤ ਸਰਕਾਰ ਤੋਂ ਰਿਹਾਈ ਦੀ ਮੰਗ ਕਰਦਿਆਂ ਭਾਰਤੀ ਜਹਾਜ਼ ਹਾਈਜੈਕ ਕਰਕੇ ਲਾਹੌਰ ਜਾ ਉਤਾਰਿਆ ਸੀ। ਭਾਈ ਗਜਿੰਦਰ ਸਿੰਘ ਦੀ ਪਾਕਿਸਤਾਨ ਵਿਚ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਉਹ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਬੀਬੀ ਮਨਜੀਤ ਕੌਰ ਦਾ ਜੀਵਨ ਵੀ ਸੰਘਰਸ਼ ਦੇ ਲੇਖੇ ਲੱਗ ਗਿਆ। ਉਹ ਇੱਕ ਬਹੁਤ ਹੀ ਚੜ੍ਹਦੀ ਕਲਾ ਵਾਲੇ ਧਾਰਮਿਕ ਰੁਚੀ ਦੇ ਮਾਲਕ ਸਨ। ਉਨ੍ਹਾਂ ਦੇ ਵਿਆਹ ਹੋਏ ਨੂੰ ਹਾਲੇ ਇੱਕ ਸਾਲ ਹੀ ਹੋਇਆ ਸੀ ਅਤੇ ਸਿਰਫ ਤਿੰਨ ਮਹੀਨੇ ਦੀ ਬੱਚੀ ਸੀ ਜਦੋਂ ਭਾਈ ਗਜਿੰਦਰ ਸਿੰਘ ਨੇ ਜਹਾਜ਼ ਅਗਵਾ ਕਰ ਲਿਆ ਸੀ। ਬੀਬੀ ਜੀ ਕੁੱਝ ਸਾਲ ਪੰਜਾਬ ਰਹਿਣ ਤੋਂ ਬਾਅਦ ਪਾਕਿਸਤਾਨ ਪਹੁੰਚੇ ਪਰ ਉੱਥੇ ਵੀ ਉਹ ਭਾਈ ਸਾਹਿਬ ਨਾਲ ਨਾ ਰਹਿ ਸਕੇ ਕਿਉਂਕਿ ਪਾਕਿਸਤਾਨ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਛੱਡਣ ਲਈ ਕਿਹਾ। ਉਹ ਫੇਰ ਭਾਈ ਦਲਜੀਤ ਸਿੰਘ ਬਿੱਟੂ ਦੀ ਮਦਦ ਨਾਲ ਬੱਚੀ ਸਮੇਤ ਕੈਨੇਡਾ ਹੁੰਦੇ ਹੋਏ ਕੈਲੀਫੋਰਨੀਆਂ ਦੇ ਸ਼ਹਿਰ ਫਰੀਮੌਂਟ ਪਹੁੰਚੇ। ਕਈ ਸਾਲ ਅਮਰੀਕਨ ਇਮੀਗਰੇਸ਼ਨ ਨਾਲ ਕੇਸ ਲੜਨ ਤੇ ਵੀ ਅਮਰੀਕਾ ਸਰਕਾਰ ਨੇ ਇਨ੍ਹਾਂ ਨੂੰ ਦੇਸ਼ ਛੱਡਣ ਲਈ ਕਿਹਾ ਪਰ ਅਮਰੀਕਨ ਸਰਕਾਰ ਨੇ ਉਨ੍ਹਾਂ ਦੀ ਬੱਚੀ ਨੂੰ ਗਰੀਨ ਕਾਰਡ ਦੇਣਾ ਮੰਨ ਲਿਆ। ਇੱਥੇ ਮਾਂ-ਧੀ ਦਾ ਵੀ ਵਿਛੋੜਾ ਹੋ ਗਿਆ ਤੇ ਬੀਬੀ ਜੀ ਨੂੰ ਜਰਮਨ ਜਾਣਾ ਪਿਆ। ਸਿੱਖ ਸੰਘਰਸ਼ ਦੇ ਲੇਖੇ ਆਪਣੀ ਜ਼ਿੰਦਗੀ ਲਾਉਣ ਵਾਲੇ ਆਗੂ ਭਾਈ ਗਜਿੰਦਰ ਸਿੰਘ ਦੀ ਪਤਨੀ ਦੀ ਉਹ ਇੱਛਾ ਪੂਰੀ ਨਹੀਂ ਹੋ ਸਕੀ ਕਿ ਮੇਰਾ ਪਰਿਵਾਰ ਕਦੇ ਇਕ ਥਾਂ ਇਕੱਠਾ ਹੋਵੇ। ਜਿੱਥੇ ਭਾਈ ਗਜਿੰਦਰ ਸਿੰਘ ਪਾਕਿਸਤਾਨ ਵਿਚ



ਭਾਈ ਗਜਿੰਦਰ ਸਿੰਘ, ਉਨ੍ਹਾਂ ਦੀ ਪਤਨੀ ਬੀਬੀ ਮਨਜੀਤ ਕੌਰ ਅਤੇ ਸਪੁੱਤਰੀ ਬੀਬੀ ਬਿਕਰਮਜੀਤ ਕੌਰ ਦੀ ਸਾਂਝੀ ਤਸਵੀਰ। (ਇਨਸੈੱਟ) ਸਵ.ਬੀਬੀ ਮਨਜੀਤ ਕੌਰ

ਜਲਾਵਤਨੀ ਕੱਟ ਰਹੇ ਹਨ ਉੱਥੇ ਬੀਬੀ ਮਨਜੀਤ ਕੌਰ ਜਰਮਨ ਵਿਚ ਸਰੀਰਕ ਰੋਗਤਾ ਨਾਲ ਜੂਝ ਰਹੇ ਸਨ ਤੇ ਉਨ੍ਹਾਂ ਦੀ ਇਕਲੌਤੀ ਸਪੁੱਤਰੀ ਬੀਬੀ ਬਿਕ੍ਰਮਜੀਤ ਕੌਰ ਆਪਣੇ ਪਰਿਵਾਰ ਨਾਲ ਇੰਗਲੈਂਡ ਵਿਚ ਰਹਿੰਦੇ ਹਨ। ਉਨ੍ਹਾਂ ਦੇ ਅਨੰਦ ਕਾਰਜ ਸ. ਗੁਰਪ੍ਰੀਤ ਸਿੰਘ ਨਾਲ ਹੋਏ ਹਨ ਤੇ ਅਕਾਲ ਪੁਰਖ ਨੇ ਉਨ੍ਹਾਂ ਨੂੰ ਇਕ ਸਪੁੱਤਰ ਤੇ ਇਕ ਸਪੁੱਤਰੀ ਦੀ ਦਾਤ ਦਿੱਤੀ ਹੈ। ਸਿੱਖਾਂ ਦੀ ਰਾਜਨੀਤਕ ਅਧੀਨਗੀ ਦਾ ਸਿੱਟਾ ਕਿ ਸਿੱਖ ਸੰਘਰਸ਼ ਨਾਲ ਜੁੜਿਆ ਇਹ ਪਰਿਵਾਰ ਬੀਬੀ ਮਨਜੀਤ ਕੌਰ ਦੇ ਆਖਰੀ ਸਵਾਸਾਂ 'ਤੇ ਵੀ ਇਕ ਥਾਂ ਇਕੱਠਾ ਨਹੀਂ ਹੋ ਸਕਿਆ। ਆਪਣੀ ਜੀਵਨ ਸਾਥਣ ਦੇ ਅਕਾਲ ਚਲਾਣੇ ਦੀ ਖ਼ਬਰ ਆਪਣੇ ਫੇਸਬੁੱਕ ਖਾਤੇ 'ਤੇ ਸਾਂਝੀ ਕਰਦਿਆਂ ਭਾਈ ਗਜਿੰਦਰ ਸਿੰਘ ਨੇ ਲਿਖਿਆ, "ਮੇਰੀ ਜੀਵਨ ਸਾਥਣ ਮਨਜੀਤ ਕੌਰ ਅਕਾਲ ਚਲਾਣਾ ਕਰ ਗਈ ਹੈ।

ਸੱਭ ਦੋਸਤਾਂ, ਮਿੱਤਰਾਂ, ਸਾਥੀਆਂ ਤੇ ਪਿਆਰ ਕਰਨ ਵਾਲਿਆਂ ਦੀ ਜਾਣਕਾਰੀ ਲਈ ਹੁਣ ਤੋਂ ਕੋਈ ਢਾਈ ਕੁ ਘੰਟੇ ਪਹਿਲਾਂ ਮਿਲੀ ਦੁੱਖਦਾਈ ਵਿਛੋੜੇ ਦੀ ਖਬਰ ਸਾਂਝੀ ਕਰਦਾ ਹਾਂ, ਕਿ ਮੇਰੀ ਜੀਵਨ ਸਾਥਣ ਮਨਜੀਤ ਕੌਰ ਅਕਾਲ ਚਲਾਣਾ ਕਰ ਗਈ ਹੈ। ਵਾਹਿਗੁਰੂ ਮੇਹਰ ਕਰੇ ਉਸ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ। ਜੇਲ੍ਹ ਵਿੱਚ ਮੁਲਾਕਾਤ ਲਈ ਆਈ ਨੇ ਇੱਕ ਦਿਨ ਮੈਨੂੰ ਪੁਛਿਆ ਕਿ ਤੁਸੀਂ ਮੈਨੂੰ ਤੇ ਬੱਚੀ ਨੂੰ ਕਿਸ ਦੇ ਸਹਾਰੇ ਛੱਡ ਕੇ ਆਏ ਸੀ ? ਮੈਂ ਕਿਹਾ, ਗੁਰੂ ਅਤੇ ਪੰਥ ਦੇ। ਗੁਰੂ ਦਾ ਲੱਖ ਲੱਖ ਸ਼ੁਕਰ ਹੈ, ਉਸ ਨੇ ਅੱਜ ਉਸ ਨੂੰ ਸਦਾ ਲਈ ਸਾਂਭ ਲਿਆ ਹੈ।

# ਭਾਰਤੀ ਏਜੰਸੀਆਂ ਦੇ ਕਨਿਸ਼ਕ ਕਾਂਡ ਵਰਗੇ ਘਿਨਾਉਣੇ ਕਾਰਿਆਂ ਦਾ ਪਰਦਾਫਾਸ਼ ਕਰਨ ਵਾਲਾ ਪੱਤਰਕਾਰ ਜ਼ੁਹੈਰ ਕਸ਼ਮੀਰੀ ਨਹੀਂ ਰਿਹਾ

**ਓਂਟਾਰੀਓ/ਬਿਊਰੋ ਨਿਊਜ਼ :** ਕਨੇਡਾ ਵਿਚ 'ਚ ਵਾਪਰੇ ਭਿਆਨਕ ਕਨਿਸ਼ਕ ਬੰਬ ਕਾਂਡ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੋਣ ਬਾਰੇ ਤੱਥ ਉਜਾਗਰ ਕਰਨ ਵਾਲਾ ਖੋਜੀ ਪੱਤਰਕਾਰ ਤੇ ਲੇਖਕ ਜ਼ੁਹੈਰ ਕਸ਼ਮੀਰੀ ਅਕਾਲ ਚਾਲਾਣਾ ਕਰ ਗਿਆ ਹੈ। ਦੇਰ ਨਾਲ ਮਿਲੀ ਖਬਰ ਮੁਤਾਬਿਕ ਜ਼ੁਹੈਰ ਕਸ਼ਮੀਰੀ, ਜਿਸ ਨੂੰ ਆਮ ਕਰਕੇ ਕਾਸ਼, ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਦੀ ਮੌਤ ਲੰਘੀ 23 ਦਸੰਬਰ ਨੂੰ 72 ਸਾਲ ਦੀ ਉਮਰ 'ਚ ਕਨੇਡਾ ਦੇ ਓਂਟਾਰੀਓ ਸੂਬ ਵਿਚ ਦਿਲ ਦੇ ਦੌਰੇ ਕਾਰਨ ਹੋਈ ਦੱਸੀ ਗਈ ਹੈ। ਪੱਤਰਕਾਰੀ ਦੇ ਖੇਤਰ ਵਿਚ ਵੱਡਾ ਮੁਕਾਮ ਹਾਸਲ ਕਰਨ ਵਾਲੇ ਇਸ ਪੱਤਰਕਾਰ ਨੇ 23 ਜੂਨ 1985 ਵਿਚ ਏਅਰ ਇੰਡੀਆ ਦੇ ਜਹਾਜ਼ ਵਿਚ ਹੋਏ ਬੰਬ ਧਮਾਕੇ ਬਾਰੇ ਖਾਸੀ ਖੋਜ ਕੀਤੀ ਤੇ ਬੇਬਾਕੀ ਨਾਲ ਲਿਖਿਆ। ਇਸ ਭਿਆਨਕ ਬੰਬ ਕਾਂਡ ਵਿਚ 329 ਲੋਕ ਮਾਰੇ ਗਏ ਸਨ ਜਿਹਨਾਂ ਵਿਚੋਂ 268 ਕਨੇਡਾ ਦੇ ਵਾਸੀ ਸਨ। ਜ਼ੁਹੈਰ ਕਸ਼ਮੀਰੀ ਨੇ ਆਪਣੀਆਂ ਖਬਰਾਂ ਤੇ ਲੇਖਾਂ ਰਾਹੀਂ ਇਹ ਗੱਲ ਸਾਹਮਣੇ ਲਿਆਂਦੀ ਕਿ ਭਾਰਤ ਸਰਕਾਰ ਕਨੇਡਾ ਵਿਚ ਇਕ ਖੂਫੀਆ ਮੁਹਿੰਮ ਚਲਾ ਕੇ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਚਾਲਾਂ ਚਲ ਰਹੀ ਸੀ। ਧਮਾਕੇ ਤੋਂ ਚਾਰ ਸਾਲ ਬਾਅਦ ਪੱਤਰਕਾਰ ਕਸ਼ਮੀਰੀ ਨੇ ਆਪਣੇ ਸਾਥੀ ਪੱਤਕਾਰ ਬਰਾਇਨ ਮੈਕਐਂਡਰਿਊ ਨਾਲ ਇਸ ਵਿਵਾਦਤ ਮਾਮਲੇ ਦੀ ਨਿੱਠ ਕੇ ਘੋਖ ਪੜਤਾਲ ਕਰਕੇ ਸੌਫਟ ਟਾਰਗਟ : ਹਓ ਦਾ ਇੰਡੀਅਨ ਇੰਟੈਲੀਜੈਂਸ ਸਰਵਸਿਸ ਪੈਨੀਟਰੇਟਿਡ ਕਨੇਡਾ (ਸੁਖਾਲਾ ਨਿਸ਼ਾਨਾ : ਭਾਰਤੀ ਖੂਫੀਆ ਏਜੰਸੀਆਂ ਦੀ ਕਨੇਡਾ ਵਿਚ ਦਖਲ ਅੰਦਾਜ਼ੀ) ਨਾਂ ਦੀ ਕਿਤਾਬ ਲਿਖੀ ਜਿਸ ਵਿਚ ਇਹ ਗੱਲ ਸਾਹਮਣੇ ਲਿਆਂਦੀ ਗਈ ਕਿ ਕਿਵੇਂ ਕਨੇਡਾ ਵਿਚ ਭਾਰਤੀ ਜਾਸੂਸ ਸਾਲਾਂ ਤੋਂ ਸ਼ੱਕੀ ਤੇ ਖਤਰਨਾਕ ਕਾਰਵਾਈਆਂ ਕਰਕੇ ਕਨੇਡਾ ਦੇ ਸਿੱਖਾਂ ਵਿਚ ਦਖਲਅੰਦਾਜ਼ੀ ਕਰ ਰਹੇ ਸਨ ਤੇ ਉਹਨ੍ਹਾਂ ਨੂੰ ਪੈਰੋਂ ਉਖੇੜਨ ਦੀਆਂ ਕਾਰਵਾਈਆਂ ਕਰ ਰਹੇ ਸਨ। ਇਸ ਕਿਤਾਬ ਦੀ ਦੂਜੀ ਐਡੀਸ਼ਨ ਸੰਨ 2005 ਵਿਚ ਛਪੀ ਤੇ ਇਸ ਕਿਤਾਬ ਦਾ ਉੱਪ-ਸਿਰਲੇਖ "ਦ ਰੀਅਲ ਸਟੋਰੀ ਬਿਹਾਈਂਡ ਦਾ ਏਅਰ ਇੰਡੀਆ ਡਿਜ਼ਾਸਟਰ"(ਏਅਰ ਇੰਡੀਆ ਧਮਾਕੇ ਦੀ ਅਸਲ ਕਹਾਣੀ) ਰੱਖਿਆ ਗਿਆ। ਕਸ਼ਮੀਰੀ ਦਾ ਜਨਮ ਮੁੰਬਈ ਵਿਚ 3 ਦਸੰਬਰ 1946 ਨੂੰ ਹੋਇਆ ਸੀ। ਉਸ ਦੇ ਪਿਤਾ ਬਾਲੀਵੁੱਡ ਦੇ ਨਾਮੀ ਲੇਖਕ ਆਗਾ ਜਾਨੀ ਕਸ਼ਮੀਰੀ ਸਨ ਤੇ ਮਾਤਾ ਖੁਰਸ਼ੀਦ ਇਕ ਸਮਾਜਕ ਕਾਰਕੁੰਨ ਸਨ ਤੇ ਗਰੀਬ ਜਨਾਨੀਆਂ ਦੀ ਮਦਦ ਕਰਦੇ ਸਨ। ਜ਼ੁਹੈਰ ਕਸ਼ਮੀਰੀ ਨੇ ਆਪਣਾ ਪੱਤਰਕਾਰੀ ਦਾ ਸਫਰ ਇੰਡੀਅਨ ਐਕਸਪ੍ਰੈਸ ਅਖਬਾਰ ਤੋਂ ਸ਼ੁਰੂ ਕੀਤਾ ਸੀ ਤੇ ਉਸ ਨੇ ਕਨੇਡਾ ਜਾ ਕੇ ਵੀ ਪੱਤਰਕਾਰੀ ਕਿੱਤੇ ਨੂੰ ਜਾਰੀ ਰੱਖਿਆ ਤੇ ਕਾਫੀ ਮਕਬੂਲ ਥਾਂ ਹਾਸਲ ਕੀਤੀ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕੈਨੇਡਾ 'ਚ ਬਰਨਬੀ ਜ਼ਿਮਨੀ ਚੋਣ 'ਚ ਜਗਮੀਤ ਸਿੰਘ ਦਾ ਰਿਚਰਡ ਨਾਲ ਪਏਗਾ ਪੇਚਾ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਵਿੱਚ ਬਰਨਬੀ ਦੱਖਣੀ ਤੋਂ ਜ਼ਿਮਨੀ ਚੋਣ ਲਈ ਸੱਤਾਧਾਰੀ ਲਿਬਰਲਸ ਨੇ ਆਪਣੇ ਨਵੇਂ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਐਨਡੀਪੀ. ਦੇ ਲੀਡਰ ਜਗਮੀਤ ਸਿੰਘ ਖਿਲਾਫ, ਇਸ ਸੀਟ ਤੋਂ ਰਿਚਰਡ ਟੀ. ਲੀ ਦਾਵੇਦਾਰੀ ਪੇਸ਼ ਕਰਦੇ ਨਜ਼ਰ ਆਉਣਗੇ।



ਸਾਬਕਾ ਸੂਬਾਈ ਵਿਧਾਇਕ ਰਿਚਰਡ ਟੀ. ਲੀ ਹੁਣ 25 ਫਰਵਰੀ ਨੂੰ ਹੋਣ ਜਾ ਰਹੀ ਉਪ ਚੋਣ ਵਿਚ ਲਿਬਰਲ ਪਾਰਟੀ ਲਈ ਕੈਰਲ ਵਾਂਗ ਦੀ ਜਗ੍ਹਾ ਦਾਵੇਦਾਰੀ ਪੇਸ਼ ਕਰਨਗੇ। ਇਸ ਤੋਂ ਪਹਿਲਾਂ ਲੀ ਨੂੰ ਸਾਲ 2001 ਵਿਚ ਬਰਨਬੀ ਨੌਰਥ ਦੀ ਰਾਈਡਿੰਗ ਤੋਂ ਚੁਣਿਆ ਗਿਆ ਸੀ। ਉਨ੍ਹਾਂ ਸਾਲ 2017 ਵਿੱਚ ਮਿਲੀ ਹਾਰ ਤਕ ਇਸ ਰਾਈਡਿੰਗ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਸਨ। ਲੀ ਇਸ ਦੌਰਾਨ ਡਿਪਟੀ ਸਪੀਕਰ ਵੀ ਰਹੇ ਸਨ। ਕੁਝ ਕਥਿਤ ਨਸਲੀ ਟਿੱਪਣੀਆਂ ਨਾਲ ਸਬੰਧਤ ਮਾਮਲੇ ਦੇ ਚਲਦਿਆਂ ਅਸਤੀਫ਼ਾ ਦੇਣ ਵਾਲੀ, ਲਿਬਰਲ ਪਾਰਟੀ ਦੀ ਸਾਬਕਾ ਉਮੀਦਵਾਰ ਕੈਰਲ ਵਾਂਗ ਨੇ ਵੀਰਵਾਰ ਨੂੰ ਆਖਿਆ ਸੀ ਕਿ ਉਹ ਅਸਤੀਫਾ ਵਾਪਿਸ ਲੈਣਾ ਚਾਹੁੰਦੀ ਹੈ। ਕੈਰਲ ਵਾਂਗ ਇੱਕ ਵਾਰ ਫੇਰ ਚੋਣਾਂ ਦੀ ਦੌੜ ਵਿਚ ਸ਼ਾਮਲ ਹੋਣਾ ਚਾਹੁੰਦੀ ਸੀ। ਪਰ ਕੁਝ ਹੀ ਸਮੇਂ ਬਾਅਦ ਖ਼ਬਰ ਆਈ ਸੀ ਕਿ ਲਿਬਰਲ ਪਾਰਟੀ ਨੇ ਫੈਸਲਾ ਕੈਰਲ ਵਾਂਗ ਦੇ ਖ਼ਿਲਾਫ ਲਿਆ ਹੈ ਤੇ ਫੇਰ ਹੁਣ ਰਿਚਰਡ ਟੀ. ਲੀ ਵਿਚ ਲਿਬਰਲ ਪਾਰਟੀ ਨੇ ਭਰੋਸਾ ਜਤਾਇਆ ਹੈ।

ਕੈਨੇਡਾ ਵਿਚ ਬਹੁਚਰਚਿਤ ਬਰਨਬੀ ਦੱਖਣੀ ਲੋਕ ਸਭਾ ਹਲਕੇ ਦੀ ਉੱਪ ਚੋਣ 'ਚ ਨਾਮਜ਼ਦਗੀਆਂ ਦੌਰਾਨ ਹੀ ਵੱਡਾ ਉਲਟਫੇਰ ਹੋਇਆ ਹੈ। ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜਗਮੀਤ ਸਿੰਘ ਦੇ ਮੁਕਾਬਲੇ ਵਿਰੋਧੀ ਪਾਰਟੀਆਂ (ਲਿਬਰਲ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ) ਦੇ ਪ੍ਰਭਾਵਸ਼ਾਲੀ ਉਮੀਦਵਾਰ ਮੈਦਾਨ 'ਚ ਸਨ, ਪਰ ਲਿਬਰਲ ਦੀ ਉਮੀਦਵਾਰ ਕੈਰਲ ਵਾਂਗ ਨੂੰ ਸੋਸ਼ਲ ਮੀਡੀਆ ਉਤੇ ਕੀਤੀ ਨਸਲੀ ਟਿੱਪਣੀ ਦੇ ਵਿਰੋਧ ਕਾਰਨ ਪਹਿਲਾਂ ਹੀ ਚੋਣ ਮੈਦਾਨ 'ਚੋਂ ਹਟਣਾ ਪਿਆ ਹੈ।

ਜ਼ਿਕਰਯੋਗ ਹੈ ਕਿ ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਪ੍ਰਧਾਨ ਜਗਮੀਤ ਸਿੰਘ ਦੇ ਉਮੀਦਵਾਰ ਵਜੋਂ ਮੈਦਾਨ 'ਚ ਉਤਰਨ ਕਾਰਨ ਇਹ ਚੋਣ ਕੈਨੇਡੀਅਨ ਸਿਆਸਤ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।ਦੱਸਣਾ ਬਣਦਾ ਹੈ ਕਿ ਇਸ ਹਲਕੇ 'ਚ ਚੀਨੀ ਮੂਲ ਦੇ ਲੋਕਾਂ ਦੀ ਵੱਡੀ ਅਬਾਦੀ ਹੈ ਤੇ ਕੈਰਲ ਵਾਂਗ ਉਸੇ ਭਾਈਚਾਰੇ ਨਾਲ ਸਬੰਧਤ ਹੈ। ਉਸ ਨੇ ਆਪਣੇ ਸੋਸ਼ਲ ਮੀਡੀਆ 'ਤੇ ਇਹ ਲਿਖ ਕੇ ਬਿਪਤਾ ਸਹੇੜ ਲਈ ਸੀ ਕਿ ਜੇ ਚੀਨੀ ਭਾਈਚਾਰਾ ਉਸ ਪਿਛੇ ਇਕਜੁੱਟ ਹੋ ਜਾਏ ਤਾਂ ਪੰਜਾਬੀ ਮੂਲ ਦੇ ਜਗਮੀਤ ਸਿੰਘ ਨੂੰ ਅਸਾਨੀ ਨਾਲ ਹਰਾ ਕੇ ਜਿੱਤ ਦੇ ਝੰਡੇ ਗੱਡੇ ਜਾ ਸਕਦੇ ਹਨ। ਬੇਸ਼ੱਕ ਨੁਕਤਾਚੀਨੀ ਹੋਣ ਕਾਰਨ ਕੈਰਲ ਨੇ ਆਪਣੀ ਟਿੱਪਣੀ ਮਿਟਾ ਦਿੱਤੀ ਸੀ ਪਰ ਉਸ ਦੀ ਪਾਰਟੀ ਨੇ ਲਿਹਾਜ਼ ਨਹੀਂ ਕੀਤਾ ਤੇ ਇਹ ਕਹਿੰਦਿਆਂ ਉਸ ਦਾ ਨਾਂ ਉਮੀਦਵਾਰ ਵਜੋਂ ਵਾਪਸ ਲਿਆ ਕਿ ਅਜਿਹਾ ਪਾਰਟੀ ਦੀਆਂ ਨੀਤੀਆਂ ਦੇ ਉਲਟ ਹੈ।

## ਦਿੱਲੀ 'ਚ ਧਾਰਮਿਕ ਸਥਾਨਾਂ ਨੇੜੇ ਨਹੀਂ ਵਿਕੇਗਾ ਮੀਟ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੱਖਣੀ ਦਿੱਲੀ ਨਗਰ ਨਿਗਮ (ਐਸਡੀਐਮਸੀ) ਮਾਸ ਦੀ ਵਿੱਕਰੀ ਲਈ ਨਵੇਂ ਨਿਯਮ ਲਾਗੂ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਸ ਦੇ ਮੁਤਾਬਕ ਹੁਣ ਧਾਰਮਿਕ ਸਥਾਨਾਂ ਦੇ ਨਜ਼ਦੀਕ ਮੀਟ ਨਹੀਂ ਮਿਲੇਗਾ। ਪਾਲਿਸੀ ਮੁਤਾਬਕ ਧਾਰਮਿਕ ਸਥਾਨ ਤੇ ਮੀਟ ਸ਼ਾਪ ਵਿਚਾਲੇ ਘੱਟੋ-ਘੱਟ 150 ਮੀਟਰ ਦੀ ਦੂਰੀ ਲਾਜ਼ਮੀ ਹੋਏਗੀ। ਐਸਡੀਐਮਸੀ ਦੀ ਸਟੈਂਡਿੰਗ ਕਮੇਟੀ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਸਦਨ ਵਿੱਚੋਂ ਮਨਜ਼ੂਰੀ ਮਿਲਣ ਬਾਅਦ ਇਸ ਨੂੰ ਲਾਗੂ ਕੀਤਾ ਜਾਏਗਾ।

## ਕਮਲਾ ਹੈਰਿਸ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਦਾਅਵੇਦਾਰੀ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਕਮਲਾ ਹੈਰਿਸ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਟੱਕਰ ਦੇਣ ਲਈ ਸੰਨ 2020 ਵਿਚ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਆਪਣੀ ਦਾਅਵੇਦਾਰੀ ਦੀ ਮੁਹਿੰਮ ਵਿੱਢ ਦਿੱਤੀ ਹੈ। ਕਮਲਾ ਨੇ ਕਿਹਾ ਕਿ ਉਸ ਨੂੰ ਉਸ ਦਿਨ ਆਪਣੀ ਦਾਅਵੇਦਾਰੀ ਪੇਸ਼ ਕਰਨ ਦਾ ਮਾਣ ਹੈ ਜਿਸ ਦਿਨ ਮਾਣਮੱਤੇ ਅਮਰੀਕੀ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਮਹਾਤਮਾ ਗਾਂਧੀ ਤੋਂ ਪ੍ਰੇਰਨਾ ਲਈ ਸੀ।

# ਭਾਰਤ ਵਿਚ 2014 ਦੀਆਂ ਆਮ ਚੋਣਾਂ ਦੌਰਾਨ ਹੋਈ ਸੀ ਹੇਰਾਫੇਰੀ : ਸਾਈਬਰ ਮਾਹਿਰ

**ਲੰਡਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਸਿਆਸੀ ਪਨਾਹ ਲੈਣ ਦੇ ਇੱਛੁਕ ਇਕ ਭਾਰਤੀ ਸਾਈਬਰ ਮਾਹਿਰ ਨੇ ਦਾਅਵਾ ਕੀਤਾ ਹੈ ਕਿ ਸੰਨ 2014 ਦੀਆਂ ਆਮ ਚੋਣਾਂ ਵਿਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮਜ਼) ਵਿਚ ਗੜਬੜ ਹੋਈ ਸੀ। ਸਾਈਬਰ ਮਾਹਿਰ ਨੇ ਕਿਹਾ ਕਿ ਈਵੀਐਮਜ਼ ਨਾਲ ਛੇੜਛਾੜ ਸੰਭਵ ਹੈ। ਇਥੇ ਸਕਾਈਪ ਰਾਹੀਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਸ ਮਾਹਿਰ, ਜਿਸ ਦੀ ਪਛਾਣ ਸੱਈਅਦ ਸੁਜਾ ਵਜੋਂ ਦੱਸੀ ਗਈ ਹੈ, ਨੇ ਕਿਹਾ ਕਿ ਉਹ ਸਾਅ 2014 ਵਿਚ ਭਾਰਤ ਤੋਂ ਇਸ ਲਈ ਭੱਜ ਆਇਆ ਸੀ ਕਿਉਂਕਿ ਉਥੇ ਉਹਦੀ ਟੀਮ ਦੇ ਕੁਝ ਮੈਂਬਰਾਂ ਦੀਆਂ ਹੱਤਿਆਵਾਂ ਮਗਰੋਂ ਉਹ ਡਰ ਗਿਆ ਸੀ। ਉਹਨੇ ਦਾਅਵਾ ਕੀਤਾ ਕਿ ਟੈਲੀਕਾਮ ਜਾਇੰਟ ਰਿਲਾਇੰਸ ਜੀਓ ਨੇ ਈਵੀਐਮਜ਼ ਨੂੰ ਹੈਕ ਕਰਨ ਲਈ ਸਿਗਨਲ ਦੀ ਫ੍ਰੀਕੁਐਂਸੀ ਘਟਾਉਣ ਵਿਚ ਭਾਜਪਾ ਦੀ ਮਦਦ ਕੀਤੀ ਸੀ। ਸੁਜਾ ਨੇ ਕਿਹਾ ਕਿ ਜੇਕਰ ਉਹਦੀ ਟੀਮ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿੱਚ ਭਾਜਪਾ ਦੀਆਂ ਟਰਾਂਸਮਿਸ਼ਨਾਂ ਨੂੰ ਹੈਕ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾ ਡੱਕਦੀ ਤਾਂ ਸ਼ਾਇਦ ਭਾਜਪਾ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਜਿੱਤ ਜਾਂਦੀ। ਸੁਜਾ ਦੇ ਇਨ੍ਹਾਂ ਦਾਅਵਿਆਂ ਦੀ ਭਾਵੇਂ ਅਜੇ ਪੁਸ਼ਟੀ ਨਹੀਂ ਹੋ ਸਕੀ, ਪਰ ਉਹਨੇ ਦਾਅਵਾ ਕੀਤਾ ਹੈ ਕਿ ਉਹ ਸਰਕਾਰੀ ਮਾਲਕੀ ਵਾਲੇ ਸੈਕਟਰ ਇਲੈਕਟ੍ਰਾਨਿਕ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ (ਈਸੀਆਈਐਲ) ਦੀ ਟੀਮ ਦਾ ਹਿੱਸਾ ਸੀ, ਜਿਸ ਨੇ ਈਵੀਐਮਜ਼ ਦਾ ਡਿਜ਼ਾਈਨ ਤਿਆਰ ਕਰਨ ਦੇ ਨਾਲ ਇਸ ਨੂੰ ਵਿਕਸਤ ਕੀਤਾ ਸੀ। ਸੁਜਾ ਨੇ ਕਿਹਾ ਕਿ ਉਹ ਭਾਰਤੀ ਪੱਤਰਕਾਰ ਐਸੋਸੀਏਸ਼ਨ (ਯੂਰੋਪ) ਵੱਲੋਂ ਵਿਉਂਤੀ ਪ੍ਰੈਸ ਕਾਨਫਰੰਸ ਵਿੱਚ ਵੀ ਮੌਜੂਦ ਸੀ।



## ਜੇਤਲੀ ਵੱਲੋਂ ਦੋਸ਼ ਬੇਬੁਨਿਆਦ ਕਰਾਰ

ਭਾਰਤ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਸਾਲ 2014 ਦੀਆਂ ਆਮ ਚੋਣਾਂ ਵਿਚ ਈਵੀਐਮਜ਼ ਨਾਲ ਛੇੜਛਾੜ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਦਾ ਪਾਗਲਪਣ ਇਸ ਕਦਰ ਵਧ ਗਿਆ ਹੈ ਕਿ ਇਹ ਲਾਗ ਦਾ ਰੂਪ ਲੈਣ ਲੱਗਾ ਹੈ। ਜੇਤਲੀ ਨੇ ਟਵੀਟ ਕਰਦਿਆਂ ਕਿਹਾ, 'ਕੀ ਯੂਪੀਏ ਸਰਕਾਰ ਦੇ ਕਾਰਜਕਾਲ ਦੌਰਾਨ ਚੋਣ ਕਮਿਸ਼ਨ ਤੇ ਇਸ ਨਾਲ ਜੁੜੇ ਲੱਖਾਂ ਸਟਾਫ ਮੈਂਬਰ ਈਵੀਐਮਜ਼ ਦੇ ਨਿਰਮਾਣ ਤੇ ਇਸ ਦੀ ਪ੍ਰੋਗਰਾਮਿੰਗ ਵਿੱਚ ਸ਼ਾਮਲ ਸਨ। ਦੋਸ਼ ਸਰਾਸਰ ਬੇਬੁਨਿਆਦ ਹਨ।

## ਚੋਣ ਕਮਿਸ਼ਨ ਕੋਲ ਚੁੱਕਾਂਗੇ ਈਵੀਐਮ ਹੈਕਿੰਗ ਦਾ ਮਾਮਲਾ-ਮਮਤਾ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਕਿਹਾ ਕਿ ਅਮਰੀਕਾ ਆਧਾਰਿਤ ਸਾਈਬਰ ਮਾਹਿਰ ਵੱਲੋਂ ਕੀਤੇ ਦਾਅਵਿਆਂ ਮਗਰੋਂ ਵਿਰੋਧੀ ਧਿਰ ਵੱਲੋਂ ਈਵੀਐਮਜ਼ ਨੂੰ ਹੈਕ ਕਰਨ ਦਾ ਮਾਮਲਾ ਚੋਣ ਕਮਿਸ਼ਨ ਦੇ ਧਿਆਨ 'ਚ ਲਿਆਂਦਾ ਜਾਵੇਗਾ। ਉਨ੍ਹਾਂ ਇਕ ਟਵੀਟ 'ਚ ਕਿਹਾ ਕਿ ਹਰ ਵੋਟ ਕੀਮਤੀ ਹੈ ਤੇ ਇਸ ਮੁੱਦੇ ਨੂੰ ਉਠਾਇਆ ਜਾਣਾ ਚਾਹੀਦਾ ਹੈ।










# ਭਾਰਤ ’ਚੋਂ ਮੋਦੀ ਦੀਆਂ ਜੜ੍ਹਾਂ ਪੁੱਟਣ ਲਈ 22 ਪਾਰਟੀਆਂ ਨੇ ਬਣਾਇਆ ਮਹਾਂਗੱਠਜੋੜ



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ‘ਚ ਕੋਲਕਾਤਾ ‘ਚ ਹੋਈ ਮਹਾਂ ਰੈਲੀ ਦੌਰਾਨ ਆਗੂ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ।

**ਕੋਲਕਾਤਾ/ਬਿਊਰੋ ਨਿਊਜ਼ :**

ਆਉਂਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐਨਡੀਏ ਦਾ ਬਿਸਤਰਾ ਗੋਲ ਕਰਨ ਲਈ 22 ਰਾਜਨੀਤਕ ਪਾਰਟੀਆਂ ਨੇ ਮਹਾਂਗੱਠਜੋੜ ਬਣਾ ਕੇ ਇਕੱਠਿਆਂ ਚੋਣ ਲੜਨ ਦਾ ਅਹਿਦ ਕੀਤਾ ਹੈ। ਇਥੇ ਬ੍ਰਿਗੇਡ ਪਰੇਡ ਗਰਾਊਂਡ ‘ਚ ਤ੍ਰਿਣਮੂਲ ਕਾਂਗਰਸ ਆਗੂ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਵਿਚ ਕੀਤੀ ਗਈ ਇਕ ਵੱਡੀ ਰੈਲੀ ‘ਚ ਵਿਰੋਧੀ ਧਿਰ ਨੇ ਇਕਜੁੱਟਤਾ ਦਿਖਾਈ। ਰੈਲੀ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਐਚਡੀ ਦੇਵਗੌੜਾ, ਕਰਨਾਟਕ ਦੇ ਮੁੱਖ ਮੰਤਰੀ ਡੀ ਕੁਮਾਰਾਸਵਾਮੀ (ਜਨਤਾ ਦਲ-ਸੈਕੁਲਰ), ਸ਼ਰਦ ਪਵਾਰ (ਐਨਸੀਪੀ), ਅਖਿਲੇਸ਼ ਯਾਦਵ (ਸਮਾਜਵਾਦੀ ਪਾਰਟੀ), ਫਾਰੂਕ ਅਬਦੁੱਲਾ (ਨੈਸ਼ਨਲ ਕਾਨਫਰੰਸ), ਐਮਕੇ ਸਟਾਲਿਨ (ਡੀਐਮਕੇ), ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ (ਆਪ), ਸ਼ਰਦ ਯਾਦਵ, ਅਰੁਣ ਸ਼ੌਰੀ, ਯਸ਼ਵੰਤ ਸਿਨਹਾ, ਭਾਜਪਾ ਦੇ ਬਾਗ਼ੀ ਆਗੂ ਸ਼ਤਰੂਘਣ ਸਿਨਹਾ ਅਤੇ ਹੋਰ ਆਗੂ ਵੀ ਮੰਚ ‘ਤੇ ਹਾਜ਼ਰ ਸਨ। ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਕੋਲਕਾਤਾ ਨਹੀਂ ਆਈ ਪਰ ਪਾਰਟੀ ਦੇ ਜਨਰਲ ਸਕੱਤਰ ਸਤੀਸ਼ ਚੰਦਰਾ ਮਿਸ਼ਰਾ ਨੇ ਆਪਣੇ ਸੰਬੋਧਨ ‘ਚ ਉੱਤਰ ਪ੍ਰਦੇਸ਼ ‘ਚ ਬਸਪਾ ਵੱਲੋਂ ਸਮਾਜਵਾਦੀ ਪਾਰਟੀ ਨਾਲ ਕੀਤੇ ਗਏ ਗਠਜੋੜ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੂਰਾ ਮੁਲਕ ਭਾਜਪਾ ਨੂੰ ਸੱਤਾ ਤੋਂ ਉਖਾੜਨ ਦੀ ਮੰਗ ਕਰ ਰਿਹਾ ਹੈ ਅਤੇ ਉਹ ਬਾਬਾਸਾਹੇਬ ਅੰਬੇਡਕਰ ਦੇ ਸੰਵਿਧਾਨ ਨੂੰ ਬਚਾਉਣ ਲਈ ਇਕੱਠੇ ਹੋਏ ਹਨ।

22 ਵਿਰੋਧੀ ਪਾਰਟੀਆਂ ਦੇ ਇਕ ਮੰਚ ‘ਤੇ ਇਕੱਠੇ ਹੋਏ ਆਗੂਆਂ ਨੇ ਸੱਦਾ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਮਮਤਾ ਬੈਨਰਜੀ ਨੇ ਸਭ ਤੋਂ ਅਖੀਰ ‘ਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, ਕਿ “ਭਾਜਪਾ ਸਰਕਾਰ ਦੀ ਮਿਆਦ ਪੁੱਗ ਚੁੱਕੀ ਹੈ। ਦਿੱਲੀ ਮੇਂ ਸਰਕਾਰ ਬਦਲ ਦੋ। ” ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ‘ਚ ਸਾਂਝੀ ਵਿਰੋਧੀ ਧਿਰ ਦੀ ਜਿੱਤ ਹੋਵੇਗੀ। ਮਮਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਹੁਦੇ ਦਾ ਮੁੱਦਾ ਕੋਈ ਸਮੱਸਿਆ ਨਹੀਂ ਹੈ। ਵੱਖ ਵੱਖ ਆਗੂਆਂ ਨੇ ਪਾਰਟੀਆਂ ਵਿਚਕਾਰ ਮੱਤਭੇਦਾਂ ਨੂੰ ਦਰਕਿਨਾਰ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਅਹੁਦੇ ਦਾ ਮੁੱਦਾ ਚੋਣਾਂ ਮਗਰੋਂ ਵੀ ਨਿਬੇੜ ਸਕਦੇ ਹਨ। ਕੁਝ ਆਗੂਆਂ ਨੇ ਸੁਝਾਅ ਦਿੱਤਾ ਕਿ ਵਿਰੋਧੀ ਧਿਰ ਨੂੰ ਹਰੇਕ ਹਲਕੇ ‘ਚ ਭਾਜਪਾ ਉਮੀਦਵਾਰ ਖ਼ਿਲਾਫ਼ ਇਕੋ ਸਾਂਝਾ ਉਮੀਦਵਾਰ ਖੜ੍ਹਾ ਕਰਨਾ ਚਾਹੀਦਾ ਹੈ। ਉਨ੍ਹਾਂ ਚੋਣਾਂ ਤੋਂ ਪਹਿਲਾਂ ਹੋਰ ਸਾਂਝੀਆਂ ਰੈਲੀਆਂ ਕਰਨ ਦਾ ਫ਼ੈਸਲਾ ਵੀ ਲਿਆ। ਅਗਲੀਆਂ ਰੈਲੀਆਂ ਦਿੱਲੀ ਅਤੇ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਅਮਰਾਵਤੀ ‘ਚ ਹੋਣਗੀਆਂ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਯੂਪੀਏ ਚੇਅਰਪਰਸਨ ਸੋਨੀਆ ਗਾਂਧੀ ਕੋਲਕਾਤਾ ਰੈਲੀ ‘ਚੋਂ ਗ਼ੈਰਹਾਜ਼ਰ ਰਹੇ। ਉਂਝ ਮਲਿਕਾਰਜੁਨ ਖੜਗੇ ਅਤੇ ਅਭਿਸ਼ੇਕ ਮਨੂੰ ਸਿੰਘਵੀ ਪਾਰਟੀ ਵੱਲੋਂ ਰੈਲੀ ‘ਚ ਮੌਜੂਦ ਸਨ। ਲੋਕ ਸਭਾ ‘ਚ ਪਾਰਟੀ ਦੇ ਆਗੂ ਸ੍ਰੀ ਖੜਗੇ ਨੇ ਆਪਣੇ ਸੰਬੋਧਨ ਦੌਰਾਨ ਸੋਨੀਆ ਗਾਂਧੀ ਦਾ ਸੁਨੇਹਾ ਪੜ੍ਹ ਕੇ ਸੁਣਾਇਆ ਅਤੇ ਰੈਲੀ ਦੀ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪਾਰਟੀਆਂ ਵਿਚਕਾਰ ਮੱਤਭੇਦਾਂ ਦੇ ਸੰਦਰਭ ‘ਚ ਉਨ੍ਹਾਂ ਦੋਹਾ ਸੁਣਾਇਆ ਜਿਸ ਦਾ ਮਤਲਬ ਸੀ ਕਿ ਜੇਕਰ ਉਨ੍ਹਾਂ ਦੇ ਦਿਲ ਨਹੀਂ ਜੁੜਦੇ ਤਾਂ ਵੀ ਉਨ੍ਹਾਂ ਨੂੰ ਇਕ-ਦੂਜੇ ਦੇ ਹੱਥ ਫੜਨੇ ਚਾਹੀਦੇ ਹਨ।

ਸੀਨੀਅਰ ਕਾਂਗਰਸ ਆਗੂ ਅਭਿਸ਼ੇਕ ਮਨੂੰ ਸਿੰਘਵੀ ਨੇ ਵਿਰੋਧੀ ਧਿਰ ਦੀ ਰੈਲੀ ਨੂੰ ਸਤਰੰਗੀ ਪੀਂਘ ਨਾਲ ਜੋੜਦਿਆਂ ਕਿਹਾ ਕਿ ਵਿਰੋਧੀ ਗਠਜੋੜ ਦਾ ਮਕਸਦ ਭਾਜਪਾ ਨੂੰ ਹਰਾ ਕੇ ਮੁਲਕ ‘ਚ ਧਰਮ ਨਿਰਪੱਖ ਸਰਕਾਰ ਬਣਾਉਣਾ ਹੈ। ਉਨ੍ਹਾਂ ਕਿਹਾ,“ਬੱਦਲਵਾਈ ਖ਼ਤਮ ਹੋ ਰਹੀ ਹੈ ਅਤੇ ਮੋਦੀ ਸਰਕਾਰ ਦੇ ਡਿੱਗਣ ਨਾਲ ਛੇਤੀ ਹੀ ਸਤਰੰਗੀ ਪੀਂਘ ਬਣੇਗੀ ਜੋ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰੇਗੀ। ” ਉਨ੍ਹਾਂ ਕਿਹਾ ਕਿ ਪਹਿਲਾਂ ਕਦੇ ਵੀ ਅਜਿਹੀ ਸਿਆਸੀ ਬਦਲਾਖੋਰੀ ਨਜ਼ਰ ਨਹੀਂ ਆਈ ਹੈ। ਅਮਿਤ ਸ਼ਾਹ ਯੂਪੀ ‘ਚ 100 ਰੈਲੀਆਂ ਕਰਦੇ ਹਨ ਅਤੇ ਉਨ੍ਹਾਂ ‘ਤੇ ਇਕ ਵੀ ਸਵਾਲ ਨਹੀਂ ਕੀਤਾ ਜਾਂਦਾ ਪਰ ਜਦੋਂ ਆਰਜੇਡੀ ਰੈਲੀ ਕਰਦੀ ਹੈ ਤਾਂ ਉਨ੍ਹਾਂ ਨੂੰ ਆਮਦਨ ਕਰ ਦਾ ਨੋਟਿਸ ਆ ਜਾਂਦਾ ਹੈ।

ਈਵੀਐਮ ਦੀ ਦੁਰਵਰਤੋਂ ਰੋਕਣ ਲਈ ਕਮੇਟੀ ਬਣਾਈ : ਭਾਜਪਾ ਵੱਲੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਦੀ ਦੁਰਵਰਤੋਂ ਕਰਨ ਦੀਆਂ ਰਿਪੋਰਟਾਂ ਮਗਰੋਂ ਵਿਰੋਧੀ ਧਿਰ ਦੇ ਆਗੂਆਂ ‘ਤੇ ਆਧਾਰਿਤ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ‘ਚ ਅਭਿਸ਼ੇਕ ਮਨੂੰ ਸਿੰਘਵੀ (ਕਾਂਗਰਸ), ਅਖਿਲੇਸ਼ ਯਾਦਵ (ਸਮਾਜਵਾਦੀ ਪਾਰਟੀ), ਸਤੀਸ਼ ਚੰਦਰਾ ਮਿਸ਼ਰਾ (ਬਹੁਜਨ ਸਮਾਜ ਪਾਰਟੀ) ਅਤੇ ਅਰਵਿੰਦ ਕੇਜਰੀਵਾਲ (ਆਮ ਆਦਮੀ ਪਾਰਟੀ) ਸ਼ਾਮਲ ਹਨ। ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ ਨੇ ਕਿਹਾ ਕਿ ਈਵੀਐਮਜ਼ ਦੇ ਕੰਮਕਾਜ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਉਸ ਦੀ ਦੁਰਵਰਤੋਂ ਰੋਕਣ ਦੇ ਰਾਹ ਵੀ ਲੱਭੇ ਜਾਣਗੇ। ਉਨ੍ਹਾਂ ਦੱਸਿਆ ਕਿ ਕਮੇਟੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਨੂੰ ਚੋਣ ਸੁਧਾਰਾਂ ਦਾ ਸੁਝਾਅ ਦੇਵੇਗੀ ਅਤੇ ਵੀਵੀਪੈਟ ਦੀ ਵਰਤੋਂ ਕਰਨ ਲਈ ਦਬਾਅ ਬਣਾਇਆ ਜਾਵੇਗਾ।

# ਕੇਜਰੀਵਾਲ ਨੇ ਪੰਜਾਬ ’ਚ ਰੈਲੀ ਕਰ ਕੇ ਦਿੱਲੀ ਜਿੱਤਣ ਦਾ ਡੰਕਾ ਵਜਾਇਆ

## ਭਗਵੰਤ ਨੇ ਹਮੇਸ਼ਾ ਲਈ ਸ਼ਰਾਬ ਛੱਡਣ ਦੀ ਸਹੁੰ ਪਾਈ



**ਬਰਨਾਲਾ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਜਿਹੜੇ ਵੀ ਲੋਕ ਛੱਡ ਕੇ ਗਏ ਹਨ, ਉਨ੍ਹਾਂ ਦੇ ਜਾਣ ਨਾਲ ਸਗੋਂ ਪਾਰਟੀ ਵਿਚ ਸਫ਼ਾਈ ਹੋਈ ਹੈ। ਰੱਬ ਹੀ ਇਹ ਸਭ ਸਫ਼ਾਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਅਹੁਦਿਆਂ ਦੇ ਲਾਲਚੀ ਹੀ ਪਾਰਟੀ ਛੱਡ ਕੇ ਗਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਉਨ੍ਹਾਂ ਉੱਤੇ ਪਿਛਲੇ ਦੋ ਸਾਲਾਂ ਵਿਚ ਚਾਰ ਵਾਰ ਹਮਲਾ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਕਦੇ ਸੁਣਿਆ ਸੀ ਕਿ ਕਿਸੇ ਮੁੱਖ ਮੰਤਰੀ ਉਤੇ ਇੰਝ ਹਮਲੇ ਹੋਏ ਹੋਣ।

ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੂਰੇ ਪੰਜਾਬ ਤੇ ਪੰਜਾਬੀਆਂ ਨੂੰ ਧੋਖਾ ਦਿੱਤਾ ਹੈ ਤੇ ਉਨ੍ਹਾਂ ਆਪਣਾ ਕੋਈ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਝੂਠੇ ਵਾਅਦੇ ਕਰ-ਕਰ ਕੇ ਗੱਦੀ ਤਾਂ ਹਾਸਲ ਕਰ ਲਈ ਪਰ ਕੀਤਾ ਕੁਝ ਵੀ ਨਹੀਂ। ਉਨ੍ਹਾਂ ਕਿਹਾ ਕਿ ਕੈਪਟਨ ਨੇ ਦਲਿਤਾਂ ਤੇ ਅਨੁਸੂਚਿਤ ਜਾਤਾਂ ਨੂੰ ਰੱਜ ਕੇ ਧੋਖਾ ਦਿੱਤਾ।

ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਦਿੱਲੀ ਵਿਚ ਸਿੱਖਿਆ ਦੇ ਖੇਤਰ ‘ਚ ਕਈ ਸੁਧਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਦਿੱਲੀ ਵਿਚ ਦਲਿਤ ਬੱਚਿਆਂ ਨੂੰ ਸਿੱਖਿਆ ਦਿਵਾਉਣ ਲਈ ਖ਼ਾਸ ਉਦਮ ਕੀਤੇ ਹਨ।

ਅਰਵਿੰਦ ਕੇਜਰੀਵਾਲ ਨੇ ਸਾਹਮਣੇ ਬੈਠੀ ਜਨਤਾ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਪਿਛਲੀ ਵਾਰ ਅਕਾਲੀਆਂ ਤੇ ਕਾਂਗਰਸ ਨੇ ਮਿਲ ਕੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਨੂੰ ਹਰਾ ਦਿੱਤਾ ਸੀ ਪਰ ਐਤਕੀਂ ਤੁਸੀਂ ਸਾਰੀਆਂ 13 ਦੀਆਂ 13 ਸੀਟਾਂ ਜਿਤਵਾਉਣੀਆਂ ਹਨ।

ਇਸ ਰੈਲੀ ਵਿਚ ਭਗਵੰਤ ਮਾਨ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਾਨੂੰ ਦੋਵੇਂ ਬਾਦਲਾਂ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਵੀ ਇਹ ਦੋਸ਼ ਲਾਇਆ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੋਵੇਂ ਮਿਲ ਕੇ ਪੰਜਾਬੀਆਂ ਨਾਲ ਸਿਆਸਤ ਖੇਡ ਰਹੇ ਹਨ।

ਇਸ ਦੌਰਾਨ ਇਕ ਦਿਲਚਸਪ ਘਟਨਾਕ੍ਰਮ ਵਿਚ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਹੁਣ ਸਦਾ ਲਈ ਸ਼ਰਾਬ ਪੀਣੀ ਛੱਡ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ ਸਵੇਰ ਦਾ ਭੁੱਲਿਆ ਸ਼ਾਮੀਂ ਘਰ ਆ ਜਾਵੇ, ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ ਪਰ ਮੈਂ ਤਾਂ ਦੁਪਹਿਰ ਨੂੰ ਹੀ ਘਰ ਮੁੜ ਆਇਆ ਹਾਂ। ਉਨ੍ਹਾਂ ਕਿਹਾ ਕਿ ਉਹ ਹੁਣ ਸਿਰਫ਼ ਪੰਜਾਬ ਤੇ ਪੰਜਾਬੀਆਂ ਦੀ ਸੇਵਾ ਲਈ ਹੀ ਸਦਾ ਵਾਸਤੇ ਮੌਜੂਦ ਹਨ ਤੇ ਤਨ, ਮਨ ਤੇ ਧਨ ਨਾਲ ਸਦਾ ਆਮ ਲੋਕਾਂ ਨਾਲ ਹੀ ਜੁੜੇ ਰਹਿਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸ਼ਰਾਬ ਛੱਡਣ ਦਾ ਵਾਅਦਾ ਆਪਣੀ ਮਾਂ ਨਾਲ ਕੀਤਾ ਹੈ, ਜੋ ਇਸ ਵੇਲੇ ਰੈਲੀ ‘ਚ ਬੈਠੇ ਹਨ। ਉਨ੍ਹਾਂ ਦੀ ਮਾਂ ਵੀ ਸਟੇਜ ‘ਤੇ ਬੈਠੇ ਸਨ ਤੇ ਲੋਕਾਂ ਨੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਤੁਰੰਤ ਆ ਕੇ ਆਪਣੇ ਪੁੱਤਰ ਭਗਵੰਤ ਨਾਲ ਖਲੋ ਗਏ।

ਤਲਵੰਡੀ ਸਾਬੋ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕਾ ਬਲਜਿੰਦਰ ਕੌਰ ਨੇ ਆਪਣੇ ਸੰਬੋਧਨ ਦੌਰਾਨ ਸਮੂਹ ਪੰਜਾਬੀਆਂ ਤੋਂ ਆਸ ਪ੍ਰਗਟਾਈ ਕਿ ਹੁਣ ਨਵਾਂ ਇਤਿਹਾਸ ਲਿਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਦੇਸ਼ ਨੂੰ ਤੁਸੀਂ ਸਮੂਹ ਜਨਤਾ ਨੇ ਹੀ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਵੱਡੀਆਂ ਸ਼ਹਾਦਤਾਂ ਦਿੱਤੀਆਂ ਹਨ ਤੇ ਧੋਖੇ ਵੀ ਬਹੁਤ ਖਾਧੇ ਹਨ। ਧੋਖੇ ਦੇਣ ਵਾਲੇ ਹੋਰ ਕੋਈ ਨਹੀਂ - ‘ਉਹ ਪ੍ਰਕਾਸ਼ ਸਿੰਘ ਬਾਦਲ ਤੇ ਅਮਰਿੰਦਰ ਸਿੰਘ ਵਰਗੇ ਹੀ ਹਨ।‘ ਉਨ੍ਹਾਂ ਕਿਹਾ ਕਿ ਇਸ ਵੇਲੇ ਇੱਕੋ-ਇੱਕ ਭਰੋਸੇਯੋਗ ਆਗੂ ਅਰਵਿੰਦ ਕੇਜਰੀਵਾਲ ਹੀ ਹਨ।


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# 'ਮਹਾਰਾਣੀ ਜਿੰਦਾਂ' ਨਾਟਕ ਦੇ ਬੇਹਤਰੀਨ ਮੰਚਨ ਲਈ ਪੰਜਾਬ ਲੋਕ ਰੰਗ ਦੀ ਟੀਮ ਸਨਮਾਨਿਤ



ਗੁਰਦੁਆਰਾ ਸਾਹਿਬ ਐਲਸਬਰਾਂਟੇ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਨਾਲ 'ਪੰਜਾਬ ਲੋਕ ਰੰਗ' ਦੀ ਟੀਮ ਸਿਰੋਪਾਓ ਦੀ ਬਖਸ਼ਿਸ਼ ਉਪਰੰਤ।

**ਐਲਸਬਰਾਂਟੇ/ਬਿਊਰੋ ਨਿਊਜ਼ :** ਪਿਛਲੇ ਇਕ ਦਹਾਕੇ ਤੋਂ ਉੱਤਰੀ ਅਮਰੀਕਾ ਵਿਚ ਪੰਜਾਬੀ ਰੰਗ ਮੰਚ ਦੇ ਖੇਤਰ ਵਿਚ ਪੂਰੀ ਸਰਗਰਮੀ ਨਾਲ ਵਿਚਰ ਰਹੀ ਸੁਰਿੰਦਰ ਸਿੰਘ ਧਨੋਆ ਦੀ ਨਿਰਦੇਸ਼ਨਾਂ ਵਾਲੀ 'ਪੰਜਾਬ ਲੋਕ ਰੰਗ' ਦੀ ਟੀਮ ਨੂੰ ਇੱਥੇ ਗੁਰੂਘਰ ਵਿਖੇ ਪ੍ਰਬੰਧਕ ਕਮੇਟੀ ਵਲੋਂ ਰਿਚਮੰਡ 'ਚ ਖੇਡੇ ਗਏ ਸਿੱਖ ਰਾਜ ਦੇ ਆਖਰੀ ਸਾਸ਼ਕ ਮਹਾਰਾਜਾ ਦਲੀਪ ਸਿੰਘ ਤੇ ਅਧਾਰਿਤ 'ਮਹਾਰਾਣੀ ਜਿੰਦਾਂ' ਨਾਟਕ ਦੀ ਬਿਹਤਰੀਨ ਪੇਸ਼ਕਾਰੀ ਲਈ ਸਿਰੋਪਾਓ ਦੇ ਕੇ ਮਾਣ ਸਨਮਾਨ ਬਖਸ਼ਿਆ ਗਿਆ। ਨਾਟਕ ਦੇ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਨੇ ਤਿੰਨ ਮਹੀਨਿਆਂ ਵਿਚ ਅੱਧੀ ਦਰਜਨ ਤੋਂ ਵੱਧ ਕੈਲੀਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਵਿਚ ਖੇਡੇ ਗਏ ਇਸ ਨਾਟਕ ਨੂੰ ਮਿਲੇ ਭਰਵੇਂ ਹੁੰਗਾਰੇ ਲਈ ਪੰਜਾਬੀਆਂ ਤੇ ਸਿੱਖ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਮਾਣ ਨਾਲ ਐਲਾਨ ਕੀਤਾ ਕਿ ਉਨ੍ਹਾਂ ਦੀ 'ਪੰਜਾਬ ਲੋਕ ਰੰਗ' ਦੀ ਟੀਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ 'ਤੇ ਬਲਵੰਤ ਗਾਰਗੀ ਦਾ ਨਾਟਕ 'ਗਗਨੁ ਮਹਿ ਥਾਲ' ਉੱਤਰੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਮੰਚਨ ਕਰੇਗੀ। ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਚ ਮਾਣ ਸਨਮਾਨ ਦਿੱਤੇ ਜਾਣ ਵੇਲੇ ਸੁਰਿੰਦਰ ਸਿੰਘ ਧਨੋਆ, ਉਨ੍ਹਾਂ ਦੀ ਅਦਾਕਾਰ ਪਤੀ ਜਸਵਿੰਦਰ ਧਨੋਆ ਤੇ ਆਰਗੇਨਾਈਜ਼ਰ ਪਾਲੀ ਧਨੌਲਾ ਸਮੇਤ ਸਾਰੀ ਟੀਮ ਹਾਜ਼ਰ ਸੀ।

# ਜੀਐਚਜੀ. ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 9 ਮਾਰਚ ਨੂੰ



ਪੋਸਟਰ ਰਿਲੀਜ਼ ਸਮੇਂ ਦੀ ਤਸਵੀਰ।

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਜੀਐਚਜੀ. ਅਕੈਡਮੀ ਵੱਲੋਂ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਜਸਵੰਤ ਸਿੰਘ ਖਾਲੜਾ ਪਾਰਕ' ਫਰਿਜ਼ਨੋ ਵਿਖੇ 8ਵਾਂ ਸਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ ਇਸ ਸਾਲ 9 ਮਾਰਚ ਨੂੰ ਹੋਵੇਗੀ। ਇਸ ਸਬੰਧੀ ਅਕੈਡਮੀ ਵੱਲੋਂ ਸਹਿਯੋਗੀ ਮੈਂਬਰਾਂ ਲਈ ਰੱਖੇ ਗਏ ਦੁਪਹਿਰ ਦੇ ਖਾਣੇ ਦੌਰਾਨ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਸਮੇਂ ਬੱਚਿਆ ਨੇ ਮੰਨੋਰੰਜਨ ਲਈ ਗੀਤ ਗਾਏ ਅਤੇ ਖੇਡਾਂ ਖੇਡੀਆਂ। ਇਸ ਸਮੇਂ ਬੁਲਾਰਿਆਂ ਵਿੱਚ ਗੁਰਦੀਪ ਸ਼ੇਰਗਿੱਲ, ਬਸੰਤ ਸਿੰਘ ਧਾਲੀਵਾਲ, ਸੁਖਦੇਵ ਸਿੱਧੂ ਪਰਮਜੀਤ ਧਾਲੀਵਾਲ ਅਤੇ ਬਾਕੀ ਮੈਂਬਰਾਂ ਨੇ ਵਿਚਾਰਾਂ ਦੀ ਸਾਂਝ ਪਾਈ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਅਤੇ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਨਵੇਂ ਪ੍ਰੋਗਰਾਮ ਵੀ ਉਲੀਕੇ ਗਏ। ਦੱਸਿਆ ਗਿਆ ਕਿ ਹਰ ਸਾਲ ਵਾਂਗ ਮਹੌਲ ਇਸ ਵਾਰ ਵੀ ਇਕ ਦੇਸੀ ਪੰਜਾਬੀ ਮੇਲੇ ਦੀ ਤਰਾਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰੇਗਾ, ਜਿਸ ਦੌਰਾਨ ਫਰੀ ਮੈਡੀਕਲ ਚੈੱਕਅੱਪ ਕੈਂਪ ਵੀ ਲਾਇਆ ਜਾਵੇਗਾ। ਇਸ ਵਿਰਾਸਤੀ ਖੇਡ ਮੇਲੇ ਵਿੱਚ ਬੱਚਿਆਂ ਵੱਲੋਂ ਪੰਜਾਬੀ ਵਿਰਾਸਤੀ ਖੇਡਾਂ ਜਿਨਾਂ ਵਿੱਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ, ਨਿੰਬੂ ਰੇਸ, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ਼ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਜਾਵੇਗਾ। ਸਥਾਨਿਕ ਬਾਬਿਆਂ ਦੇ ਗਰੁੱਪਾਂ ਵੱਲੋਂ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ ਜਾਣਗੇ। ਇਸੇ ਦੌਰਾਨ ਔਰਤਾਂ ਵੱਲੋਂ ਵੀ ਚਾਟੀ ਰੇਸ, ਮਿਊਜ਼ੀਕਲ ਚੇਅਰ, ਗੀਤ ਅਤੇ ਬੋਲੀਆਂ ਆਦਿਕ ਦੇ ਮੁਕਾਬਲੇ ਹੋਣਗੇ। ਇਸ ਤੋਂ ਇਲਾਵਾ ਬਾਸਕਟਬਾਲ, ਵਾਲੀਬਾਲ ਅਤੇ ਸਾਕਰ ਦੇ ਮੁਕਾਬਲੇ ਵੀ ਹੋਣਗੇ। ਬਜ਼ੁਰਗਾਂ ਵੱਲੋਂ ਰੱਸਾਕਸ਼ੀ ਦੇ ਜੌਹਰ ਵੀ ਦਿਖਾਏ ਜਾਣਗੇ। ਇਸ ਮੌਕੇ ਸੰਨ 1972 ਉਲੰਪਿਕ ਦੇ 'ਟਰਿੱਪਲ ਜੰਪ' ਜੇਤੂ ਸ. ਮਹਿੰਦਰ ਸਿੰਘ ਗਿੱਲ ਦਾ ਸਨਮਾਨ ਕੀਤਾ ਜਾਵੇਗਾ। ਪ੍ਰੋਗਰਾਮ ਦੌਰਾਨ ਹਾਜ਼ਰੀਨ ਲਈ ਜਲੇਬੀਆਂ, ਪਕੌੜਿਆਂ ਅਤੇ ਫਰੂਟ ਆਦਿਕ ਦੇ ਲੰਗਰਾਂ ਦੇ ਖੁੱਲ੍ਹੇ ਪ੍ਰਬੰਧ ਹੋਣਗੇ। ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਇਸ ਮੇਲੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਪੋਸਟਰ ਰਿਲੀਜ਼ ਪ੍ਰੋਗਰਾਮ ਵਿਚ ਉਦੈਦੀਪ ਸਿੱਧੂ, ਪਰਮਜੀਤ ਧਾਲੀਵਾਲ, ਗੁਰਪ੍ਰੀਤ ਸ਼ੇਰਗਿੱਲ, ਬਸੰਤ ਧਾਲੀਵਾਲ, ਸੁਖਦੇਵ ਸਿੱਧੂ, ਸੁਖਮਿੰਦਰ ਸਰੋਏ, ਜਗਰੂਪ ਧਾਲੀਵਾਲ, ਅਰਵਿੰਦਰ ਕਾਹਲੋਂ, ਪ੍ਰੀਤ ਗਿੱਲ, ਸੁਰਜੀਤ ਸਿੰਘ ਨਾਗੀ ਆਦਿਕ ਬਹੁਤ ਸਾਰੇ ਮੈਂਬਰ ਪਰਿਵਾਰਾਂ ਸਮੇਤ ਸ਼ਾਮਿਲ ਹੋਏ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੋਦੀ ਸਰਕਾਰ ਨੇ ਕੀਤੀ ਸੀ ਕੈਨੇਡਾ ਦੇ ਖ਼ਾਲਿਸਤਾਨੀਆਂ ਨਾਲ ਗੱਲਬਾਤ ਦੀ ਕੋਸ਼ਿਸ਼

## ਕੈਨੇਡਾ ਸਰਕਾਰ ਬਣੀ ਅੜਿੱਕਾ, ਇੰਗਲੈਂਡ ਦੇ ਖਾਲਿਸਤਾਨੀ ਨੂੰ ਨਹੀਂ ਦਿੱਤਾ ਵੀਜ਼ਾ

**ਟੋਰਾਂਟੋ/ਬਿਊਰੋ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਰਤ ਸਰਕਾਰ ਨੇ ਕੈਨੇਡਾ 'ਚ ਵਸਦੇ ਖ਼ਾਲਿਸਤਾਨੀ ਸਮਰਥਕਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਜਿਹੜਾ ਵਾਰਤਾਕਾਰ ਇੰਗਲੈਂਡ ਤੋਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਜਾਣਾ ਚਾਹ ਰਿਹਾ ਸੀ, ਕੈਨੇਡਾ ਸਰਕਾਰ ਨੇ ਉਸ ਦਾ ਵੀਜ਼ਾ ਹੀ ਮਨਜ਼ੂਰ ਨਹੀਂ ਕੀਤਾ ਸੀ। ਹੁਣ ਪਿਛਲੇ ਦੋ ਸਾਲਾਂ ਤੋਂ ਦੋਵੇਂ ਧਿਰਾਂ ਵਿਚਾਲੇ ਅਜਿਹੀ ਕੋਈ ਮੀਟਿੰਗ ਹੀ ਨਹੀਂ ਹੋ ਸਕੀ। ਇਹ ਜਾਣਕਾਰੀ ਇਸ ਸਾਰੇ ਘਟਨਾਕ੍ਰਮ ਨਾਲ ਜੁੜੇ ਵਿਅਕਤੀਆਂ ਨੇ ਦਿੱਤੀ ਹੈ। ਭਾਰਤ ਸਰਕਾਰ ਨੇ ਸਾਲ 2015 ਦੇ ਅੰਤ 'ਚ ਕੈਨੇਡਾ ਵਿੱਚ ਰਹਿੰਦੇ ਕੁਝ ਖ਼ਾਲਿਸਤਾਨੀ ਸਮਰਥਕਾਂ ਨਾਲ ਗੱਲਬਾਤ ਸ਼ੁਰੂ ਕਰਨ ਦੇ ਯਤਨ ਕੀਤੇ ਸਨ। ਦਰਅਸਲ, ਇਹ ਸ਼ੁਰੂਆਤ ਉਦੋਂ ਹੋਈ ਸੀ, ਜਦੋਂ ਪ੍ਰਧਾਨ ਮੰਤਰੀ ਮੋਦੀ ਲੰਦਨ ਗਏ ਸਨ ਤੇ ਉੱਥੇ ਹੋਰਨਾਂ ਤੋਂ ਇਲਾਵਾ 'ਸਿੱਖ ਹਿਊਮਨ ਰਾਈਟਸ ਗਰੁੱਪ' ਦੇ ਡਾਇਰੈਕਟਰ ਜਸਦੇਵ ਸਿੰਘ ਰਾਏ ਨੂੰ ਵੀ ਮਿਲੇ ਸਨ। ਉਨ੍ਹਾਂ ਨੂੰ ਹੀ ਖ਼ਾਲਿਸਤਾਨ ਹਮਾਇਤੀ ਕੁਝ ਸਿੱਖ ਸਮੂਹਾਂ ਨਾਲ ਰਾਬਤਾ ਕਾਇਮ ਕਰਨ ਲਈ ਚੁਣਿਆ ਗਿਆ ਸੀ। ਰਾਏ ਇੰਗਲੈਂਡ ਦੇ ਨਾਗਰਿਕ ਹਨ। ਉਹ ਕੁਝ ਅਜਿਹੇ ਸਾਬਕਾ ਖ਼ਾਲਿਸਤਾਨ-ਪੱਖੀ ਵਿਅਕਤੀਆਂ ਨੂੰ ਮਿਲੇ ਸਨ, ਜਿਹੜੇ ਭਾਰਤ ਸਰਕਾਰ ਨਾਲ ਗੱਲਬਾਤ ਲਈ ਤਿਆਰ ਸਨ ਪਰ ਸਾਲ 2016 ਦੇ ਅੰਤ ਵਿਚ ਕੈਨੇਡਾ ਸਰਕਾਰ ਨੇ ਸ੍ਰੀ ਰਾਏ ਦਾ ਵੀਜ਼ਾ ਮਨਜ਼ੂਰ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਇਹ ਨਾਂਹ ਕੈਨੇਡਾ ਦੀ ਰਾਜਧਾਨੀ ਔਟਵਾ ਸਥਿਤ 'ਇਲੈਕਟ੍ਰੌਨਿਕ ਟ੍ਰੈਵਲ ਆਥੋਰਾਇਜ਼ੇਸ਼ਨ' ਦੀ ਤਰਫ਼ੋਂ ਇਸ ਲਈ ਹੋਈ ਸੀ ਕਿਉਂਕਿ ਪਹਿਲਾਂ ਕਿਸੇ ਵੇਲੇ ਸ੍ਰੀ ਰਾਏ 'ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ' ਨਾਲ ਜੁੜੇ ਰਹੇ ਸਨ ਤੇ ਇਹ ਜਥੇਬੰਦੀ ਕੈਨੇਡਾ 'ਚ ਦਹਿਸ਼ਤਗਰਦ ਸੰਗਠਨ



ਮੰਨਿਆ ਜਾਂਦਾ ਹੈ ਤੇ ਇਸ 'ਤੇ ਉਸ ਦੇਸ਼ ਵਿਚ ਮੁਕੰਮਲ ਪਾਬੰਦੀ ਹੈ। ਉਸ ਤੋਂ ਪਹਿਲਾਂ ਰਾਏ ਘੱਟੋ-ਘੱਟ 25 ਵਾਰ ਕੈਨੇਡਾ ਜਾ ਕੇ ਆਏ ਸਨ ਤੇ ਉਨ੍ਹਾਂ ਹਰ ਵਾਰ ਕੈਨੇਡਾ ਦੀ ਸਕਿਓਰਿਟੀ ਇੰਟੈਲੀਜੈਂਸ ਸਰਵਿਸ ਨੂੰ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੇ ਸਿੱਖ ਸਮੂਹਾਂ ਨਾਲ ਸੰਪਰਕ ਰਹੇ ਸਨ ਤੇ ਹਨ। ਜੇ ਸ੍ਰੀ ਰਾਏ ਨੂੰ ਉਦੋਂ ਵੀਜ਼ਾ ਮਿਲ ਜਾਂਦਾ, ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂ ਰਾਮ ਮਾਧਵ ਨੇ ਖ਼ਾਲਿਸਤਾਨੀ ਸਿੱਖਾਂ ਨਾਲ ਅਗਲੇਰੇ ਪੱਧਰ ਦੀ ਗੱਲਬਾਤ ਕਰਨੀ ਸੀ ਪਰ ਅਜਿਹੀ ਕੋਈ ਗੱਲਬਾਤ ਬਾਅਦ 'ਚ ਅੱਗੇ ਹੀ ਨਹੀਂ ਵਧ ਸਕੀ ਕਿਉਂਕਿ ਕੁਝ ਸਰਗਰਮ ਸਿੱਖ ਸਮੂਹ ਰਾਏ ਤੋਂ ਬਗ਼ੈਰ ਭਾਰਤ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਲਈ ਤਿਆਰ ਹੀ ਨਹੀਂ ਹੋਏ ਸਨ। ਉਸ ਤੋਂ ਬਾਅਦ ਭਾਰਾਤ ਸਰਕਾਰ ਨਾਲ ਨਾ ਹੀ ਕੋਈ ਮੀਟਿੰਗ ਸੰਭਵ ਹੋ ਸਕੀ ਤੇ ਨਾ ਹੀ ਇਸ ਮੁੱਦੇ 'ਤੇ ਕੋਈ ਵਿਚਾਰ-ਚਰਚਾ ਹੀ ਹੋ ਸਕੀ।ਇਸ ਮੁੱਦੇ 'ਤੇ ਜਦੋਂ ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਵਿਭਾਗ ਦੇ ਬੁਲਾਰੇ ਨਾਲ ਗੱਲ ਕੀਤੀ, ਤਾਂ ਉਸ ਨੇ ਕਿਹਾ ਕਿ ਨਿੱਜਤਾ ਤੇ ਭੇਤਦਾਰੀ ਕਾਨੂੰਨਾਂ ਕਾਰਨ ਉਹ ਕਿਸੇ ਖ਼ਾਸ ਮਾਮਲੇ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਦੇ। ਭਾਰਤ ਸਰਕਾਰ ਤੇ ਕੁਝ ਖ਼ਾਲਿਸਤਾਨੀ ਸਿੱਖ ਸਮਰਥਕਾਂ ਵਿਚਾਲੇ ਮੁਢਲੇ ਦੌਰ ਦੀ ਗੱਲਬਾਤ ਵਿੱਚ ਜਸਦੇਵ ਸਿੰਘ ਰਾਏ ਤੋਂ ਇਲਾਵਾ ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਖੇ ਰਹਿੰਦੇ ਹਰਜੀਤ ਸਿੰਘ ਅਟਵਾਲ ਵੀ ਮੌਜੂਦ ਰਹੇ ਸਨ। ਅਟਵਾਲ ਨੇ ਦੱਸਿਆ ਕਿ ਇਸ ਦਿਸ਼ਾ ਵਿਚ ਕਿਸੇ ਤਰ੍ਹਾਂ ਦੀ ਕੋਈ ਪ੍ਰਗਤੀ ਵੇਖਣ ਨੂੰ ਨਹੀਂ ਮਿਲੀ। ਮੈਨੂੰ ਰਾਏ ਹੁਰਾਂ ਨਾਲ ਗੱਲ ਕੀਤਿਆਂ ਵੀ ਕਾਫ਼ੀ ਸਮਾਂ ਬੀਤ ਗਿਆ ਹੈ। ਇਹ ਗੱਲਬਾਤ ਰਾਏ ਹੁਰਾਂ ਦੀ ਮੌਜੂਦਗੀ 'ਚ ਹੀ ਸੰਭਵ ਹੋ ਸਕਦੀ ਸੀ, ਉਂਝ ਨਹੀਂ। ਚੇਤੇ ਰਹੇ ਕਿ ਅਟਵਾਲ ਖ਼ੁਦ ਵੀ ਪਹਿਲਾਂ 'ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ ਹੁਣ ਪਾਬੰਦੀਸ਼ੁਦਾ ਜਥੇਬੰਦੀ ਦੇ ਮੈਂਬਰ ਰਹਿ ਚੁੱਕੇ ਹਨ ਤੇ ਖ਼ਾਲਿਸਤਾਨ ਦੀ ਹਮਾਇਤ ਵੀ ਕਰਦੇ ਰਹੇ ਹਨ।ਰਾਏ ਨੂੰ ਉੱਤਰ ਪ੍ਰਦੇਸ਼ ਦੇ ਸ਼ਹਿਰ ਵਾਰਾਨਸੀ 'ਚ ਹੋਣ ਵਾਲੇ ਸਾਲ 2019 ਦੇ 'ਪ੍ਰਵਾਸੀ ਭਾਰਤੀ ਦਿਵਸ' ਲਈ ਭਾਰਤ ਸਰਕਾਰ ਦੀ ਤਰਫ਼ੋਂ ਖ਼ਾਸ ਸੱਦਾ ਦਿੱਤਾ ਗਿਆ ਹੈ।

## ਸਿੱਖ ਉਪਰ ਹਮਲਾ ਕਰਨ ਦੇ ਮਾਮਲੇ 'ਚ ਨ.ਫਰਤੀ ਅਪਰਾਧ ਤਹਿਤ ਦੋਸ਼ ਆਇਦ

**ਓਰੇਗਨ/ਹੁਸਨ ਲੜੋਆ ਬੰਗਾ :** ਇਕ ਸਟੋਰ ਵਿਚ ਕੰਮ ਕਰਦੇ ਭਾਰਤੀ ਮੂਲ ਦੇ ਇਕ ਸਿੱਖ ਉਪਰ ਹਮਲਾ ਕਰਨ ਦੇ ਮਾਮਲੇ ਵਿਚ ਓਰੇਗਨ ਦੇ ਵਾਸੀ ਇਕ ਵਿਅਕਤੀ ਵਿਰੁਧ ਨ.ਫ਼ਰਤੀ ਅਪਰਾਧ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਅਦਾਲਤ ਵਿਚ ਆਇਦ ਦੋਸ਼ਾਂ ਅਨੁਸਾਰ 24 ਸਾਲਾ ਐਂਡਰੀਊ ਰਾਮਸੇਅ ਨੇ ਹਰਸਿੰਦਰ ਸਿੰਘ ਡੌਡ ਨਾਮੀ ਸਿੱਖ ਉਪਰ ਉਸ ਦੇ ਧਰਮ ਕਾਰਨ ਹਮਲਾ ਕੀਤਾ। ਜਦੋਂ ਡੌਡ ਉਪਰ ਹਮਲਾ ਕੀਤਾ ਗਿਆ ਤਾਂ ਸਟੋਰ ਵਿਚ ਮੌਜੂਦ ਹੋਰ ਗਾਹਕ ਉਸ ਦੀ ਮੱਦਦ ਲਈ ਦੌੜੇ। ਮੌਕੇ 'ਤੇ ਮੌਜੂਦਾ ਇਕ ਗਾਹਕ ਅਨੁਸਾਰ ਝਗੜਾ ਉਸ ਸਮੇਂ ਹੋਇਆ ਜਦੋਂ ਐਂਡਰੀਊ ਨੇ ਸਿਗਰਟ ਵਾਸਤੇ ਰੋਲਿੰਗ ਪੇਪਰ ਮੰਗਿਆ ਪਰੰਤੂ ਉਸ ਕੋਲ ਪਛਾਣ ਆਈ.ਡੀ ਨਾ ਹੋਣ ਕਾਰਨ ਕਲਰਕ ਨੇ ਰੋਲਿੰਗ ਪੇਪਰ ਦੇਣ ਤੋਂ ਨਾਂਹ ਕਰ ਦਿੱਤੀ। ਇਸ ਉਪਰੰਤ ਐਂਡਰੀਊ ਨੇ ਡੌਡ ਉਪਰ ਹਮਲਾ ਕਰ ਦਿੱਤਾ ਤੇ ਨਸਲੀ ਟਿੱਪਣੀਆਂ ਕੀਤੀਆਂ।



## ਆਰਐਸਐਸ ਨੂੰ ਲੋਕ ਸਭਾ ਚੋਣਾਂ ਵਿਚ ਬੀਜੇਪੀ ਦੀ ਜਿੱਤ 'ਤੇ ਸ਼ੱਕ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਰਾਸ਼ਟਰੀ ਸਵੈਮਸੇਵਕ ਸੰਘ ਦੇ ਉੱਚ ਅਹੁਦੇਦਾਰ ਭਈਆਜੀ ਜੋਸ਼ੀ ਨੇ ਹੁਣੇ ਜਿਹੇ ਪ੍ਰਇਆਗਰਾਜ ਵਿਚ ਕਿਹਾ ਕਿ ਅਯੁੱਧਿਆ 'ਚ ਰਾਮ ਮੰਦਰ ਸੰਨ 2025 ਵਿਚ ਬਣੇਗਾ। ਭਈਆਜੀ ਦੇ ਇਸ ਬਿਆਨ ਮਗਰੋਂ ਇਹ ਸਵਾਲ ਉੱਠਣ ਲੱਗਾ ਹੈ ਕਿ ਕੀ ਸਾਲ 2019 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਸਪੱਸ਼ਟ ਬਹੁਮਤ ਮਿਲਣ ਦੀ ਸੰਭਾਵਨਾ ਘੱਟ ਲੱਗ ਰਹੀ ਹੈ। ਇਹੋ ਵਜ੍ਹਾ ਹੈ ਕਿ ਬਾਅਦ ਵਿਚ ਉਨ੍ਹਾਂ ਸਪੱਸ਼ਟੀਕਰਨ ਦਿੱਤਾ ਕਿ ਉਨ੍ਹਾਂ ਦੇ ਬਿਆਨ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਆਰਐਸਐਸ ਦੇ ਜਨਰਲ ਸਕੱਤਰ ਭਈਆਜੀ ਨੇ ਸਾਫ਼ ਕੀਤਾ ਕਿ ਉਨ੍ਹਾਂ ਦਾ ਮਤਲਬ ਸੀ ਕਿ ਜੇਕਰ ਹੁਣੇ ਰਾਮ ਮੰਦਰ ਦਾ ਨਿਰਮਾਣ ਸ਼ੁਰੂ ਹੋ ਜਾਂਦਾ ਤਾਂ




ਵੀ ਨਿਰਮਾਣ ਕਾਰਜ ਪੂਰਾ ਹੋਣ ਨੂੰ ਪੰਜ-ਛੇ ਸਾਲ ਲੱਗ ਜਾਣਗੇ, ਇਸ ਕਾਰਨ ਸਾਲ 2025 ਦਾ ਹਵਾਲਾ ਦਿੱਤਾ ਸੀ। ਹੋ ਸਕਦਾ ਹੈ ਕਿ ਸੰਘ ਅਜਿਹੀ ਬਿਆਨਬਾਜ਼ੀ ਨਾਲ ਮੋਦੀ ਸਰਕਾਰ 'ਤੇ ਦਬਾਅ ਬਣਾਉਣਾ ਚਾਹੁੰਦਾ ਹੋਵੇ ਪਰ ਆਰਐਸਐਸ ਲੀਡਰ ਦੇ ਇਸ ਬਿਆਨ ਤੋਂ ਪਤਾ ਲੱਗਦਾ ਹੈ ਕਿ ਉਹ ਰਾਮ ਮੰਦਰ ਬਾਰੇ ਮੋਦੀ ਦੇ ਬਿਆਨ ਤੋਂ ਖਫਾ ਹਨ। ਦਰਅਸਲ, ਮੋਦੀ ਨੇ ਕਿਹਾ ਸੀ ਕਿ ਅਯੁੱਧਿਆ ਵਿਚ ਮੰਦਰ ਨਿਰਮਾਣ ਮਾਮਲੇ ਵਿਚ ਸਰਕਾਰ ਸੰਵਿਧਾਨਕ ਪ੍ਰਕਿਰਿਆ ਨਾਲ ਹੀ ਜਾਵੇਗੀ। ਕੋਰਟ ਜਿਵੇਂ ਕਹੇਗੀ ਉਵੇਂ ਹੋਵੇਗਾ। ਮੋਦੀ ਦਾ ਕਹਿਣਾ ਸੀ ਕਿ ਸਰਕਾਰ ਇਸ ਬਾਰੇ ਕੋਈ ਵੀ ਕਾਨੂੰਨ ਨਹੀਂ ਲਿਆਉਣ ਵਾਲੀ ਪਰ ਸੰਘ ਦਾ ਕਹਿਣਾ ਹੈ ਕਿ ਬਾਕੀ ਚੀਜ਼ਾਂ ਲਈ ਕਾਨੂੰਨ ਲਿਆਂਦਾ ਜਾ ਸਕਦਾ ਹੈ ਤਾਂ ਰਾਮ ਮੰਦਰ ਲਈ ਕਿਉਂ ਨਹੀਂ ?


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹ.ਫਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਕਰਤਾਰਪੁਰ ਲਾਂਘੇ 'ਚ ਆਉਂਦੀ ਵੇਈਂ 'ਤੇ ਪਾਕਿ ਨੇ ਉਸਾਰਿਆ ਪੁਲ

- **ਅਗਸਤ 'ਚ ਮੁਕੰਮਲ ਹੋਵੇਗਾ ਰਾਵੀ ਦਰਿਆ ਦਾ ਪੁਲ**
- **ਗੁਰਦੁਆਰਾ ਸਾਹਿਬ ਤੋਂ ਭਾਰਤੀ ਬਾਰਡਰ ਟਰਮੀਨਲ ਤਕ ਬਣਾਈ ਜਾਣ ਵਾਲੀ ਸੜਕ ਦਾ ਕੰਮ 31 ਅਗਸਤ ਤਕ ਹੋਵੇਗਾ ਮੁਕੰਮਲ**
- **ਭਾਰਤ ਸਰਕਾਰ ਨੇ ਅਜੇ ਤਕ ਨਹੀਂ ਖਰੀਦੀ ਗਿੱਠ ਥਾਂ**



**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਾਕਿਸਤਾਨ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤੀ ਸਿੱਖ ਸੰਗਤ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਲਈ ਲਾਂਘਾ ਮੁਹੱਈਆ ਕਰਵਾਉਣ ਹਿੱਤ ਸ਼ੁਰੂ ਕੀਤੀ ਉਸਾਰੀ ਦੇ ਚਲਦਿਆਂ ਰਸਤੇ 'ਚ ਆਉਂਦੀ ਵੇਈਂ ਨਦੀ 'ਤੇ ਪੁਲ ਬਣਾਉਣ ਦੀ ਉਸਾਰੀ ਮੁਕੰਮਲ ਕਰ ਲਈ ਗਈ ਹੈ। ਪਾਕਿ ਵਲੋਂ ਲਾਂਘੇ ਲਈ ਜੰਗੀ ਪੱਧਰ 'ਤੇ ਸ਼ੁਰੂ ਕੀਤੀ ਉਸਾਰੀ ਭਾਰਤ ਨੂੰ ਮੂੰਹ ਚਿੜਾਉਂਦੀ ਪ੍ਰਤੀਤ ਹੋ ਰਹੀ ਹੈ ਕਿਉਂਕਿ ਭਾਰਤ ਵਾਲੇ ਪਾਸੇ ਲਾਂਘੇ ਦੀ ਉਸਾਰੀ ਨੂੰ ਲੈ ਕੇ ਅਜੇ ਤਕ ਸਿਰਫ਼ ਖਾਕਾ ਤਿਆਰ ਕਰਕੇ ਸਰਵੇ ਅਤੇ ਨਿਸ਼ਾਨਦੇਹੀ ਤੋਂ ਇਲਾਵਾ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਕੀਤਾ ਗਿਆ ਹੈ। ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦਰਮਿਆਨ ਸਿਰਫ਼ ਚਿੱਠੀ-ਪੱਤਰੀ ਹੀ ਚੱਲ ਰਹੀ ਹੈ, ਜਦ ਕਿ ਪਾਕਿਸਤਾਨ ਵਾਲੇ ਪਾਸੇ ਸਿਰਫ਼ ਡੇਢ ਮਹੀਨੇ 'ਚ ਹੀ ਲਗਪਗ ਇਕ ਕਿੱਲੋਮੀਟਰ ਲੰਬੀ ਸੜਕ ਬਣਾਉਣ ਦੇ ਨਾਲ-ਨਾਲ ਲਾਂਘੇ ਦੇ ਰਸਤੇ 'ਚ ਆਉਂਦੀ ਵੇਈਂ ਨਦੀ (ਬਰਸਾਤੀ ਨਾਲਾ) 'ਤੇ ਪੁਲ ਬਣਾਉਣ ਦਾ ਕੰਮ ਵੀ ਲਗਭਗ ਮੁਕੰਮਲ ਕਰ ਲਿਆ ਗਿਆ ਹੈ। ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਅਤੇ ਅੰਤਰ ਵਿਸ਼ਵਾਸ ਮਾਮਲਿਆਂ ਦੇ ਮੰਤਰੀ ਮੌਲਾਨਾ ਨੂਰ ਉਲ ਹੱਕ ਕਾਦਰੀ ਵਲੋਂ ਜ਼ਿਲ੍ਹਾ ਨਾਰੋਵਾਲ 'ਚ ਲਾਂਘੇ ਦੀ ਚੱਲ ਰਹੀ ਉਸਾਰੀ ਦਾ ਦੌਰਾ ਕਰਨ ਉਪਰੰਤ ਮੌਕੇ 'ਤੇ ਭੇਜੀ ਗਈ ਸਬੰਧਿਤ ਮੰਤਰਾਲੇ ਦੀ ਟੀਮ ਨੇ ਲਾਂਘੇ ਦੀ ਉਸਾਰੀ ਬਾਰੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰਤਾਰਪੁਰ ਲਾਂਘੇ ਲਈ ਗੁਰਦੁਆਰਾ ਸਾਹਿਬ ਤੋਂ ਭਾਰਤੀ ਬਾਰਡਰ ਟਰਮੀਨਲ ਤਕ ਬਣਾਈ ਜਾਣ ਵਾਲੀ ਸੜਕ, ਜਿਸ ਦੀ ਕੁੱਲ ਲੰਬਾਈ 6.2 ਕਿਲੋਮੀਟਰ (ਇਸ 'ਚ ਲਗਭਗ ਦੋ ਕਿਲੋਮੀਟਰ ਲੰਬੀ ਸੜਕ ਹੋਟਲ, ਸਰਾਂ ਤੇ ਸ਼ਾਪਿੰਗ ਮਾਲ ਤਕ ਜਾਣ ਲਈ ਬਣਾਈ ਜਾਵੇਗੀ) ਹੈ, ਦੀ ਉਸਾਰੀ ਦਾ ਕੰਮ 31 ਅਗਸਤ ਤਕ ਮੁਕੰਮਲ ਕੀਤਾ ਜਾਵੇਗਾ, ਜਦਕਿ ਬਾਰਡਰ ਟਰਮੀਨਲ ਦੀ ਉਸਾਰੀ 31 ਜੁਲਾਈ ਤਕ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪਾਕਿ ਵਾਲੇ ਪਾਸੇ ਦੋ ਵੱਡੇ ਟਰਮੀਨਲ ਬਣਾਏ ਜਾ ਰਹੇ ਹਨ, ਜਿਨ੍ਹਾਂ 'ਚੋਂ ਇਕ ਗੁਰਦੁਆਰਾ ਸਾਹਿਬ ਦੇ ਬਾਹਰ ਅਤੇ ਇਕ ਭਾਰਤੀ ਸਰਹੱਦ 'ਤੇ ਉਸਾਰੇ ਜਾਣ ਵਾਲੇ ਟਰਮੀਨਲ ਤੋਂ ਥੋੜ੍ਹੀ ਦੂਰੀ 'ਤੇ ਉਸਾਰਿਆ ਜਾਵੇਗਾ। ਇਸ ਦੇ ਇਲਾਵਾ ਦਰਿਆ ਰਾਵੀ 'ਤੇ ਬਣਾਏ ਜਾਣ ਵਾਲੇ 800 ਮੀਟਰ ਲੰਬੇ ਪੁਲ ਦੀ ਉਸਾਰੀ ਵੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਸ ਦਾ ਨਿਰਮਾਣ 21 ਅਗਸਤ ਤਕ ਮੁਕੰਮਲ ਕੀਤੇ ਜਾਣ ਲਈ ਉਸਾਰੀ ਕਰਵਾ ਰਹੀ ਫ਼ਰੰਟੀਅਰ ਵਰਕਸ ਐਸੋਸੀਏਸ਼ਨ (ਐਫ. ਡਬਲਯੂ. ਓ.) ਨੂੰ ਹੁਕਮ ਜਾਰੀ ਕੀਤੇ ਗਏ ਹਨ। ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ 31 ਅਗਸਤ ਤੱਕ ਲਾਂਘੇ ਦੀ ਉਸਾਰੀ ਦਾ ਕੰਮ ਮੁਕੰਮਲ ਕਰਨ ਉਪਰੰਤ ਰਸਤੇ 'ਚ ਸੁਰੱਖਿਆ ਲਈ ਹਿਫ਼ਾਜ਼ਤੀ ਕੰਡੇਦਾਰ ਤਾਰ ਲਗਾਈ ਜਾਵੇਗੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਸਾਰੀ ਦੇ ਦੂਜੇ ਪੜਾਅ 'ਚ ਯਾਤਰੂਆਂ ਲਈ ਦੋ ਸ਼ਾਪਿੰਗ ਮਾਲ, ਉਡੀਕ-ਘਰ ਅਤੇ ਹੋਟਲ ਆਦਿ ਦਾ ਨਿਰਮਾਣ ਕਰਵਾਇਆ ਜਾਵੇਗਾ, ਜਦਕਿ ਕਰਤਾਰਪੁਰ-ਸਿਆਲਕੋਟ ਰੋਡ ਦੀ ਨਵ-ਉਸਾਰੀ ਦਾ ਕੰਮ ਸਾਲ 2022 'ਚ ਮੁਕੰਮਲ ਹੋਣ ਦੀ ਸੰਭਾਵਨਾ ਹੈ। ਉਕਤ ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਪਾਕਿਸਤਾਨ ਸਰਕਾਰ ਨੇ ਪੂਰੀ ਦੁਨੀਆ ਭਰ 'ਚ ਵਸਦੇ ਸਿੱਖਾਂ ਤੋਂ ਸ੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਬਣ ਰਹੇ ਵਿੱਦਿਅਕ, ਹੋਟਲ ਤੇ ਸਨਅਤਾਂ ਵਿਚ ਨਿਵੇਸ਼ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਸਿੱਖ ਕੌਮ ਨਾਲ ਸਬੰਧਿਤ ਉਕਤ ਇਲਾਕਿਆਂ ਦੀ ਤਰੱਕੀ ਹੋ ਸਕੇ।

**ਭਾਰਤ ਸਰਕਾਰ ਦੇ ਢਿੱਲੇ ਕੰਮ :** ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਲਾਂਘੇ ਦਾ ਕੰਮ 35 ਫ਼ੀਸਦੀ ਮੁਕੰਮਲ ਕਰ ਲਿਆ ਹੈ, ਜਦੋਂਕਿ ਕੇਂਦਰ ਸਰਕਾਰ ਵੱਲੋਂ ਸਾਢੇ ਚਾਰ ਕਿਲੋਮੀਟਰ ਰਸਤਾ ਬਣਾਉਣ ਅਤੇ ਜ਼ਮੀਨ ਖ਼ਰੀਦਣ ਲਈ ਅਜੇ ਤਕ ਪੱਤਰ ਵੀ ਜਾਰੀ ਨਹੀਂ ਕੀਤਾ ਗਿਆ। ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਆਗੂ ਗੁਰਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਜਿਸ ਦੇਸ਼ ਦੇ ਬਾਸ਼ਿੰਦੇ ਲਾਂਘੇ ਦੀ ਮੰਗ ਕਰ ਰਹੇ ਹਨ, ਉਸ ਦੇਸ਼ ਦੀ ਸਰਕਾਰ ਹੀ ਢਿੱਲ-ਮੱਠ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਲਗਭਗ ਦੋ ਮਹੀਨੇ ਪਹਿਲਾਂ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਸਾਢੇ ਚਾਰ ਕਿਲੋਮੀਟਰ ਸੜਕ ਦਾ ਨਿਰਮਾਣ ਸਾਢੇ ਚਾਰ ਮਹੀਨਿਆਂ ਵਿਚ ਹੋਣ ਦੀ ਗੱਲ ਕਹੀ ਸੀ ਤੇ 26 ਜਨਵਰੀ ਨੂੰ ਇਸ ਐਲਾਨ ਨੂੰ ਦੋ ਮਹੀਨੇ ਹੋ ਜਾਣਗੇ। ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਕੇਂਦਰ ਸਰਕਾਰ ਦੇ ਉੱਚ ਅਧਿਕਾਰੀਆਂ ਦੀ ਅਹਿਮ ਮੀਟਿੰਗ 21 ਜਨਵਰੀ ਨੂੰ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਗਡਕਰੀ ਨੇ 26 ਨਵੰਬਰ ਨੂੰ ਕਰਤਾਰਪੁਰ ਲਾਂਘੇ ਵਾਲੇ ਮਾਰਗ ਨੂੰ ਨੈਸ਼ਨਲ ਹਾਈਵੇਅ ਐਲਾਨਦਿਆਂ ਸਾਢੇ ਚਾਰ ਮਹੀਨਿਆਂ 'ਚ ਇਸ ਨੂੰ ਮੁਕੰਮਲ ਕਰਨ ਦਾ ਐਲਾਨ ਕੀਤਾ ਸੀ, ਪਰ ਲਾਂਘੇ ਲਈ ਜ਼ਮੀਨ ਖ਼ਰੀਦਣ ਲਈ ਸਬੰਧਤ ਵਿਭਾਗ ਵੱਲੋਂ ਅਜੇ ਤੱਕ ਪੱਤਰ ਵੀ ਜਾਰੀ ਨਹੀਂ ਕੀਤਾ ਗਿਆ। ਇਸ ਦੌਰਾਨ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅੱਜ ਡੇਰਾ ਬਾਬਾ ਨਾਨਕ ਦੇ ਵਿਕਾਸ ਕਾਰਜਾਂ ਲਈ ਸਾਢੇ ਤਿੰਨ ਤੋਂ ਚਾਰ ਕਰੋੜ ਰੁਪਏ ਦੇ ਟੈਂਡਰ ਜਾਰੀ ਕਰ ਦਿੱਤੇ ਹਨ। ਇਸੇ ਦੌਰਾਨ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਸੰਸਥਾਵਾਂ ਨੇ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਲਾਂਘੇ ਦਾ ਕੰਮ ਜੰਗੀ ਪੱਧਰ 'ਤੇ ਕੀਤੇ ਜਾਣ 'ਤੇ ਖ਼ੁਸ਼ੀ ਜਤਾਈ ਹੈ ਤੇ ਭਾਰਤ ਸਰਕਾਰ ਦੀ ਢਿੱਲ-ਮੱਠ ਦੀ ਨਿਖੇਧੀ ਕੀਤੀ ਹੈ। ਦੱਸਣਯੋਗ ਹੈ ਕਿ ਨੈਸ਼ਨਲ ਹਾਈਵੇਅ ਅਥਾਰਟੀ ਵੱਲੋਂ ਅਜੇ ਤੱਕ ਲਾਂਘੇ ਦੀਆਂ ਗਿਣਤੀਆਂ-ਮਿਣਤੀਆਂ ਹੀ ਕੀਤੀਆਂ ਜਾ ਰਹੀਆਂ ਹਨ। ਸਬੰਧਤ ਜ਼ਮੀਨ ਮਾਲਕਾਂ ਵੱਲੋਂ ਕੇਂਦਰ ਸਰਕਾਰ ਤੋਂ ਢੁਕਵੇਂ ਮੁਆਵਜ਼ੇ ਦੀ ਮੰਗ ਕੀਤੀ ਜਾ ਰਹੀ ਹੈ।

## ਸ਼ੱਟਡਾਊਨ ਦੇ ਝੰਬੇ ਸਰਕਾਰੀ ਮੁਲਾਜ਼ਮਾਂ ਲਈ ਸਿੱਖਾਂ ਨੇ ਲਗਾਇਆ ਲੰਗਰ

**ਹਿਊਸਟਨ/ਬਿਊਰੋ ਨਿਊਜ਼ :** ਸਿੱਖ ਕੌਮ ਦੇ ਨਿਆਰੇਪਣ ਦੇ ਬਹੁਤ ਸਾਰੇ ਰੰਗਾਂ ਵਿਚੋਂ ਇਕ "ਗੁਰੂ ਕਾ ਲੰਗਰ" ਦੁਨੀਆ ਭਰ ਵਿਚ ਹਰ ਧਰਮ, ਨਸਲ, ਰੰਗ ਤੇ ਜਾਤੀ ਦੇ ਲੋਕਾਂ ਲਈ ਔਖੀਆਂ ਘੜੀਆਂ ਵਿਚ ਸਹਾਰਾ ਬਣ ਜਾਂਦਾ ਹੈ। ਅਜਿਹੀ ਹੀ ਇਕ ਮਿਸਾਲ ਇਨ੍ਹੀ ਦਿਨੀਂ ਉਦੋਂ ਦੇਖਣ ਨੂੰ ਮਿਲੀ ਜਦੋਂ ਟੈਕਸਸ ਦੇ ਸਾਂ ਅੰਤੋਨੀਓ ਵਿਚ ਰਹਿੰਦੇ ਸਿੱਖ ਭਾਈਚਾਰੇ ਨੇ ਇਕ ਨਿਵੇਕਲੇ ਉੱਦਮ ਤਹਿਤ ਲੰਗਰ ਲਗਾ ਕੇ ਤਿੰਨ ਦਿਨ ਅਮਰੀਕੀ ਸਰਕਾਰ ਦੇ ਮੁਲਾਜ਼ਮਾਂ ਦਾ ਢਿੱਡ ਭਰਿਆ। ਇਹ ਸੈਂਕੜੇ ਮੁਲਾਜ਼ਮ, ਸਦਰ ਡੋਨਲਡ ਟਰੰਪ ਦੀ 'ਕੰਧ ਦੀ ਅੜੀ' ਨੂੰ ਲੈ ਕੇ ਫੰਡਾਂ ਦੀ ਘਾਟ ਦੇ ਚੱਲਦਿਆਂ ਸਰਕਾਰ ਦੀ ਆਰਜ਼ੀ ਤਾਲਾਬੰਦੀ (ਸ਼ੱਟਡਾਊਨ) ਮਗਰੋਂ ਬਿਨਾਂ ਤਨਖਾਹਾਂ ਤੋਂ ਕੰਮ ਕਰਨ ਲਈ ਮਜਬੂਰ ਹਨ। ਪਿਛਲੇ ਤਿੰਨ ਹਫ਼ਤਿਆਂ ਤੋਂ ਜਾਰੀ ਆਰਜ਼ੀ ਤਾਲਾਬੰਦੀ ਕਰਕੇ ਅਹਿਮ ਵਿਭਾਗਾਂ 'ਚ ਕੰਮ ਕਰਦੇ ਅੱਠ ਲੱਖ ਤੋਂ ਵੱਧ ਸੰਘੀ ਮੁਲਾਜ਼ਮ ਕੰਮ ਛੱਡਣ ਲਈ ਮਜਬੂਰ ਹੋ ਗਏ ਹਨ। ਜਾਣਕਾਰੀ ਅਨੁਸਾਰ ਸਿੱਖ ਭਾਈਚਾਰੇ ਨੇ ਬਿਨਾ ਤਨਖਾਹਾਂ ਤੋਂ ਕੰਮ ਕਰਨ ਲਈ ਮਜਬੂਰ ਸਾਰੇ ਸੰਘੀ ਮੁਲਾਜ਼ਮਾਂ ਜਾਂ ਆਰਜ਼ੀ ਤਾਲਾਬੰਦੀ ਕਰਕੇ ਫਰਲੋ ਮਾਰਨ ਵਾਲੇ ਮੁਲਾਜ਼ਮਾਂ ਲਈ ਲੰਗਰ ਲਗਾ ਕੇ ਉਨ੍ਹਾਂ ਦਾ ਢਿੱਡ ਭਰਿਆ। ਤਿੰਨ ਦਿਨ ਲਈ ਲਾਏ ਗਏ ਲੰਗਰ ਵਿਚ ਤਾਜ਼ਾ ਤੇ ਗਰਮ ਸ਼ਾਕਾਹਾਰੀ ਖਾਣਾ ਵਰਤਾਇਆ ਗਿਆ। ਸਿੱਖ ਭਾਈਚਾਰੇ ਨੇ ਲੰਗਰ ਲਈ ਗੁਰਦੁਆਰੇ ਦੇ ਮੀਨੂ ਮੁਤਾਬਕ ਵਸਤਾਂ ਜਿਵੇਂ ਮਸਰਾਂ ਦੀ ਦਾਲ, ਸਬਜ਼ੀਆਂ, ਚੌਲ ਤੇ ਪ੍ਰਸ਼ਾਦੇ ਤਿਆਰ ਕੀਤੇ। ਸਾਂ ਅੰਤੋਨੀਓ ਦੇ ਗੁਰਦੁਆਰੇ ਦੇ ਪ੍ਰਧਾਨ ਬਲਵਿੰਦਰ ਢਿੱਲੋਂ ਨੇ ਦੱਸਿਆ ਕਿ 'ਸਿੱਖ ਭਾਈਚਾਰਾ ਉਨ੍ਹਾਂ ਸੰਘੀ ਮੁਲਾਜ਼ਮਾਂ ਦੇ ਨਾਲ ਡਟ ਕੇ ਖੜ੍ਹਾ ਹੈ, ਜਿਨ੍ਹਾਂ ਨੂੰ ਅਜੇ ਤਕ ਤਨਖਾਹਾਂ ਨਹੀਂ ਮਿਲੀਆਂ।' ਸਾਂ ਅੰਤੋਨੀਓ ਦਾ ਸਿੱਖ ਸੈਂਟਰ ਸ਼ਹਿਰ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ, ਜੋ ਸੰਨ 2001 ਵਿਚ ਸਥਾਪਤ ਕੀਤਾ ਗਿਆ ਸੀ। ਗੁਰਦੁਆਰੇ ਵੱਲੋਂ ਨਵੇਂ ਪਰਵਾਸੀਆਂ ਨੂੰ ਵੀ ਉਨ੍ਹਾਂ ਦੀ ਲੋੜ ਮੁਤਾਬਕ ਖਾਣਾ, ਕੱਪੜੇ ਤੇ ਆਸਰਾ ਦਿੱਤਾ ਜਾਂਦਾ ਹੈ।

## ਸਿਰਸੇਵਾਲੇ ਸਾਧ ਨੂੰ ਪੱਤਰਕਾਰ ਦੇ ਕਤਲ ਕੇਸ ਵਿਚ ਉਮਰ ਕੈਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤੀ ਸਿਆਸਤਦਾਨਾਂ ਦੀ ਸ਼ਹਿ ਉਤੇ ਸਿੱਖ ਕੌਮ ਨਾਲ ਆਢਾ ਲਾਉਣ ਵਾਲਾ ਡੇਰਾ ਸਿਰਸਾ ਦਾ ਪਾਖੰਡੀ ਮੁਖੀ ਗੁਰਮੀਤ ਰਾਮ ਰਹੀਮ ਆਖਿਰ ਬੁਰੀ ਤਰ੍ਹਾਂ ਤੁੰਨਿਆਂ ਗਿਆ ਹੈ। ਉਸ ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲ ਦੇ ਦੋਸ਼ ਵਿਚ ਤਾ-ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਲਾਂਕਿ, ਸੀਬੀਆਈ ਦੇ ਵਕੀਲਾਂ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ ਪਰ ਬਚਾਅ ਪੱਖ ਦੇ ਵਕੀਲਾਂ ਨੇ ਸਜ਼ਾ ਘੱਟ ਕਰਨ ਦੀ ਅਪੀਲ ਕੀਤੀ। ਸੀਬੀਆਈ ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਵੱਲੋਂ ਸਜ਼ਾ ਸੁਣਾਉਣ ਸਮੇਂ



ਅਦਾਲਤ ਵਿਚ ਮਰਹੂਮ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਪੁੱਤਰ ਅੰਸ਼ੁਲ ਤੇ ਪੁੱਤਰੀ ਸ਼੍ਰੇਅਸੀ ਵੀ ਮੌਜੂਦ ਸੀ। ਇਨ੍ਹਾਂ ਦੇ ਨਾਲ ਕੇਸ ਦੇ ਅਹਿਮ ਗਵਾਹ ਤੇ ਰਾਮ ਰਹੀਮ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਵੀ ਮੌਜੂਦ ਸਨ। ਰਾਮ ਰਹੀਮ ਸਮੇਤ ਚਾਰੇ ਦੋਸ਼ੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਕਾਰਵਾਈ ਵਿਚ ਸ਼ਾਮਲ ਹੋਏ । ਸ਼੍ਰੇਅਸੀ ਨੇ ਵੀ ਅਦਾਲਤ ਨੂੰ ਸਖ਼ਤ ਸਜ਼ਾ ਦੀ ਅਪੀਲ ਕੀਤੀ ਸੀ, ਕਿਉਂਕਿ ਰਾਮ ਰਹੀਮ ਕਰਕੇ ਉਨ੍ਹਾਂ ਦੇ ਪਰਿਵਾਰ ਨੂੰ ਬੇਹੱਦ ਮੁਸ਼ਕਲਾਂ ਵਿਚੋਂ ਗੁਜ਼ਰਨਾ ਪਿਆ ਹੈ। ਜ਼ਿਕਰਯੋਗ ਹੈ ਕਿ ਡੇਰਾ ਪ੍ਰੇਮੀ ਕੁਲਦੀਪ ਸਿੰਘ ਤੇ ਨਿਰਮਲ ਸਿੰਘ ਨੇ 24 ਅਕਤੂਬਰ, 2002 ਨੂੰ ਸਿਰਸਾ ਦੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਨੂੰ ਗੋਲ਼ੀਆਂ ਮਾਰ ਦਿੱਤੀਆਂ ਸਨ। ਘਟਨਾ ਤੋਂ 27 ਦਿਨ ਬਾਅਦ ਪੱਤਰਕਾਰ ਦੀ ਮੌਤ ਹੋ ਗਈ ਸੀ। ਅਦਾਲਤ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ, ਡੇਰੇ ਦੇ ਸਾਬਕਾ ਮੈਨੇਜਰ ਕ੍ਰਿਸ਼ਨ ਲਾਲ ਤੇ ਕੁਲਦੀਪ ਤੇ ਨਿਰਲਨ ਨੂੰ ਪੱਤਰਕਾਰ ਦਾ ਕਤਲ ਕਰਨ ਦਾ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ। ਗੁਰਮੀਤ ਰਾਮ ਰਹੀਮ ਸਿੰਘ ਸਮੇਤ ਕਤਲ ਦੇ ਚਾਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਰਾਮ ਰਹੀਮ ਨੂੰ 50,000 ਰੁਪਏ ਤੇ ਬਾਕੀ ਤਿੰਨਾਂ ਨੂੰ ਆਰਮਜ਼ ਐਕਟ ਤਹਿਤ ਪੰਜ-ਪੰਜ ਹਜ਼ਾਰ ਰੁਪਏ ਦਾ ਜ਼ੁਰਮਾਨਾ ਵੀ ਲਾਇਆ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਸੀਬੀਆਈ ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਨੇ ਹੁਕਮ ਦਿੱਤੇ ਹਨ ਕਿ ਬਲਾਤਕਾਰ ਦੇ ਕੇਸ ਵਿਚ 20 ਸਾਲ ਦੀ ਸਜ਼ਾ ਭੁਗਤਣ ਦੇ ਬਾਅਦ ਹੀ ਰਾਮ ਰਹੀਮ ਦੀ ਪੱਤਰਕਾਰ ਕਤਲ ਕੇਸ ਵਿਚ ਮਿਲੀ ਉਮਰ ਕੈਦ ਦੀ ਸਜ਼ਾ ਸ਼ੁਰੂ ਹੋਵੇਗੀ ਅਤੇ ਉਹ ਵੀ ਤਾ-ਉਮਰ। ਇਸ ਤੋਂ ਸਾਫ ਹੈ ਕਿ ਰਾਮ ਰਹੀਮ ਦਾ ਹੁਣ ਉਮਰ ਭਰ ਜੇਲ੍ਹ ਤੋਂ ਬਾਹਰ ਆਉਣਾ ਤਕਰੀਬਨ ਨਾਮੁਮਕਿਨ ਹੈ।

ਇਸ ਤਰ੍ਹਾਂ ਮਰਹੂਮ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਪਰਿਵਾਰ ਨੂੰ 17 ਸਾਲ ਬਾਅਦ ਇਨਸਾਫ਼ ਮਿਲਿਆ ਹੈ।

## ਪੰਥਕ ਅਸੈਂਬਲੀ ਦੇ ਪ੍ਰਬੰਧਕਾਂ ਵੱਲੋਂ ਪੰਥਕ ਕਨਫੈਡਰੇਸ਼ਨ ਦਾ ਐਲਾਨਨਾਮਾ ਜਾਰੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਥਕ ਅਸੈਂਬਲੀ ਦੇ ਪ੍ਰਬੰਧਕਾਂ ਵਲੋਂ ਇਸ ਦਾ ਅਗਲਾ ਪੜਾਅ ਆਖੀ ਜਾਂਦੀ ਪੰਥਕ ਕਨਫੈਡਰੇਸ਼ਨ ਦਾ ਐਲਾਨ ਕੀਤਾ ਗਿਆ ਹੈ। ਪੰਥਕ ਕਨਫੈਡਰੇਸ਼ਨ ਦੇ ਪ੍ਰਬੰਧਕਾਂ ਵਲੋਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਵਿਖੇ ਪੱਤਰਕਾਰ ਵਾਰਤਾ ਵਿਚ 'ਪੰਥਕ ਕਨਫੈਡਰੇਸ਼ਨ ਦਾ ਐਲਾਨਨਾਮਾ ਜਾਰੀ ਕੀਤਾ ਹੈ।



ਪੰਥਕ ਕਨਫੈਡਰੇਸ਼ਨ ਦਾ ਐਲਾਨਨਾਮਾ ਜਾਰੀ ਕਰਨ ਸਮੇਂ ਕਿਹਾ ਗਿਆ ਕਿ

ਪਿਛਲੇ ਸਾਲ 20-21 ਅਕਤੂਬਰ, 2018 ਨੂੰ ਅੰਮ੍ਰਿਤਸਰ ਵਿਚ ਵੱਖ ਵੱਖ ਸਿੱਖ ਧਿਰਾਂ ਅਤੇ ਗਰੁੱਪਾਂ ਦੀ 'ਪੰਥਕ ਅਸੈਂਬਲੀ' ਹੋਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ ਅਤੇ ਚਿਰਾਂ ਤੋਂ ਸਾਂਝੇ ਪੰਥਕ ਪਲੇਟਫਾਰਮ ਦੀ ਅਣਹੋਂਦ ਨੂੰ ਧਿਆਨ ਵਿਚ ਰੱਖਦਿਆਂ ਸਿੱਖ ਬੁੱਧੀਜੀਵੀਆਂ ਨੇ ਪੰਥਕ ਅਸੈਂਬਲੀ ਦਾ ਵਿਸਥਾਰ ਕਰਕੇ ਪੰਥਕ ਕਨਫੈਡਰੇਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਕਨਫੈਡਰੇਸ਼ਨ ਸਰਬ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਅਤੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਮੰਨਣ ਵਾਲੀਆਂ ਸਿੱਖ ਧਿਰਾਂ ਨੂੰ ਇੱਕ ਪਲੇਟਫਾਰਮ ਉਤੇ ਲਿਆ ਕੇ ਸਿੱਖ ਪੰਥ ਦੀ ਸਾਂਝੀ ਸੋਚ ਨੂੰ ਬੁਲੰਦ ਕਰੇਗੀ ਅਤੇ ਉਸ ਉਤੇ ਪਹਿਰਾ ਵੀ ਦੇਵੇਗੀ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਅਤੇ ਸਿਆਸਤ ਦਾ ਆਪਸੀ ਅਟੁੱਟ ਰਿਸ਼ਤਾ ਹੈ। ਇਸ ਕਰਕੇ ਪੰਥਕ ਕਨਫੈਡਰੇਸ਼ਨ ਪੰਥ ਦੀ ਆਜ਼ਾਦ ਹਸਤੀ ਅਤੇ ਸਿੱਖ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਲਈ ਅਤੇ ਸਿੱਖ ਭਾਈਚਾਰੇ ਦੀ ਬਣਦੀ ਸਿਆਸੀ ਸਪੇਸ ਨੂੰ ਹਾਸਲ ਕਰਨ ਲਈ ਸਮੇਂ ਸਮੇਂ ਲੋੜ ਅਨੁਸਾਰ ਸਿਆਸਤ ਵਿਚ ਸਰਗਰਮ ਰੋਲ ਨਿਭਾਏਗੀ।

ਇਸ ਦੇ ਨਾਲ ਹੀ ਕਨਫੈਡਰੇਸ਼ਨ ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ ਵਿਚ ਆਪਣੇ ਯੂਨਿਟ ਖੜ੍ਹੇ ਕਰੇਗੀ। ਸਿੱਖ ਧਾਰਮਿਕ ਅਦਾਰਿਆਂ ਦੀ ਪਾਕੀਜ਼ਗੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਨੂੰ ਕਾਇਮ ਰੱਖਣ ਲਈ ਹਮੇਸ਼ਾ ਤਤਪਰ ਰਹੇਗੀ। ਕਨਫੈਡਰੇਸ਼ਨ ਪੰਜਾਬ ਦੇ ਪਾਣੀਆਂ ਸਮੇਤ ਕੁਦਰਤੀ ਸਾਧਨਾਂ ਤੇ ਸਮੂਹ ਪੰਜਾਬੀ ਲੋਕਾਂ, ਖਾਸ ਕਰਕੇ ਦਲਿਤਾਂ ਦੀ ਆਰਥਿਕ, ਮਾਨਸਿਕ ਅਤੇ ਆਤਮਿਕ ਲੁੱਟ ਦਾ ਵਿਰੋਧ ਕਰੇਗੀ। ਪੰਧਕ ਆਗੂਆਂ ਨੇ ਕਿਹਾ ਕਿ ਅਸਲ ਵਿਚ, ਅਜੋਕੀ ਵਿੱਦਿਆ ਬੱਚਿਆਂ ਨੂੰ ਸਾਮਰਾਜੀ ਖਪਤਕਾਰੀ ਮਸ਼ੀਨ ਦੇ ਪੁਰਜ਼ੇ ਬਣਾ ਕੇ ਮੁਨਾਫੇ ਲਈ ਹਾਬੜੀ ਸਾਮਰਾਜੀ ਮਸ਼ੀਨ ਵਿਚ ਫਿੱਟ ਕਰ ਰਹੀ ਹੈ। ਭਿਆਨਕ ਬਿਮਾਰੀਆਂ ਦੀ ਲਪੇਟ ਵਿਚ ਲਿਆ ਕੇ ਪੰਜਾਬੀਆਂ ਨੂੰ ਮਹਿੰਗੇ ਇਲਾਜਾਂ ਦੇ ਵਸ ਪਾਇਆ ਜਾ ਰਿਹਾ ਹੈ। ਰੂਹਾਨੀਅਤ ਵਿਹੂਣੀ ਇਸ ਜੀਵਨ ਜਾਚ ਤੋਂ ਸਤੇ ਬੱਚੇ ਨਸ਼ੇੜੀ ਬਣਦੇ ਜਾ ਰਹੇ ਹਨ ਅਤੇ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ।

ਇਸ ਸਾਰੇ ਕੁੱਝ ਨੂੰ ਧਿਆਨ ਵਿਚ ਰੱਖ ਕੇ ਪੰਥਕ ਕਨਫੈਡਰੇਸ਼ਨ ਪੰਜਾਬ ਦੇ ਮੌਜੂਦਾ ਜਾਤ-ਪਾਤ ਸਿਸਟਮ ਨੂੰ ਤੋੜ ਕੇ, ਮਾਨਵਤਾ ਦੇ ਕਲਿਆਣ ਲਈ ਹਮੇਸ਼ਾ ਉੱਦਮਸ਼ੀਲ ਰਹੇਗੀ ਅਤੇ ਸਾਰਿਆਂ ਨਾਲ ਰਲ-ਮਿਲ ਕੇ ਸਿੱਖ ਪੰਥ ਦੀ ਵਿਚਾਰਧਾਰਕ ਦਿਸ਼ਾ ਤਹਿ ਕਰਨ ਦੇ ਯਤਨ ਕਰੇਗੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਸਜ਼ਾਵਾਂ ਪੂਰੀਆ ਕਰ ਚੁੱਕੇ ਸਿੰਘਾਂ ਨੂੰ ਰਿਹਾ ਕਰਵਾਉਣ ਲਈ ਪੰਥਕ ਕਨਫੈਡਰੇਸ਼ਨ ਹਮੇਸ਼ਾ ਯਤਨਸ਼ੀਲ ਰਹੇਗੀ। ਆਉਣ ਵਾਲੀਆਂ ਪਾਰਲੀਮੈਂਟ ਚੋਣਾਂ ਵਿਚ ਦਖਲ-ਅੰਦਾਜ਼ੀ ਕਿਵੇਂ ਕੀਤੀ ਜਾਵੇ, ਇਸ ਦਾ ਫੈਸਲਾ ਫਰਵਰੀ ਦੇ ਪਹਿਲੇ ਹਫਤੇ ਪੰਥਕ ਅਸੈਂਬਲੀ ਬੁਲਾ ਕੇ ਕੀਤਾ ਜਾਵੇਗਾ। ਜਥੇਦਾਰ ਸੁਖਦੇਵ ਸਿੰਘ ਭੌਰ ਪੰਥਕ ਕਨਫੈਡਰੇਸ਼ਨ ਦੇ ਕਨਵੀਨਰ ਅਤੇ ਨਵਕਿਰਨ ਸਿੰਘ ਐਡਵੋਕੇਟ ਤੇ ਪੱਤਰਕਾਰ ਜਸਪਾਲ ਸਿੰਘ ਦੋਵੇਂ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾਉਣਗੇ।

# ਖਹਿਰਾ ਦੀ ਵਿਧਾਇਕੀ ਖ਼ਤਰੇ ਵਿਚ

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਤੋਂ ਬਾਗ਼ੀ ਹੋ ਕੇ ਪੰਜਾਬੀ ਏਕਤਾ ਪਾਰਟੀ ਬਣਾਉਣ ਵਾਲੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀਆਂ ਮੁਸ਼ਕਲਾਂ ਵਧਣੀਆਂ ਲਗਪਗ ਤੈਅ ਹਨ। ਪੰਜਾਬ ਵਿਧਾਨ ਸਭਾ ਵੱਲੋਂ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਸੰਬੰਧੀ ਨੋਟਿਸ ਜਾਰੀ ਕੀਤਾ ਗਿਆ। ਇਹ ਨੋਟਿਸ ਭਾਰਤ ਦੇ ਸੰਵਿਧਾਨ ਦੇ ਦਸਵੇਂ ਸ਼ਡਿਊਲ ਤਹਿਤ ਦਿੱਤਾ ਗਿਆ ਹੈ। ਇਸ ਨਾਲ ਸੁਖਪਾਲ ਸਿੰਘ ਖਹਿਰਾ ਦੀ ਵਿਧਾਇਕੀ ਖੁਸਣੀ ਤੈਅ ਲੱਗ ਰਹੀ ਹੈ। ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਖਹਿਰਾ ਨੂੰ ਨੋਟਿਸ ਭੇਜਿਆ ਹੈ ਤੇ 15 ਦਿਨਾਂ ਦੇ ਅੰਦਰ ਜਵਾਬ ਦੇਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਸਪੀਕਰ ਕੋਲ ਪਹੁੰਚ ਕਰ ਕੇ ਇਹ ਮੰਗ ਰੱਖੀ ਗਈ ਸੀ। ਪਾਰਟੀ ਦੀ ਸ਼ਿਕਾਇਤ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ। ਖਹਿਰਾ ਨੇ ਆਮ ਆਦਮੀ ਪਾਰਟੀ ਛੱਡ ਕੇ ਨਵੀਂ 'ਪੰਜਾਬੀ ਏਕਤਾ ਪਾਰਟੀ' ਬਣਾ ਲਈ ਹੈ। ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਖਹਿਰਾ ਨੂੰ ਨੋਟਿਸ ਭੇਜ ਕੇ 15 ਦਿਨਾਂ ਅੰਦਰ ਜਵਾਬ ਦੇਣ ਲਈ ਕਿਹਾ ਹੈ।



ਆਮ ਆਦਮੀ ਪਾਰਟੀ ਨੇ ਪਿਛਲੇ ਦਿਨੀਂ ਸਪੀਕਰ ਕੋਲ ਪਹੁੰਚ ਕਰਕੇ ਮੰਗ ਕੀਤੀ ਸੀ ਕਿ ਖਹਿਰਾ ਦੀ ਵਿਧਾਇਕੀ ਰੱਦ ਕੀਤੀ ਜਾਵੇ, ਕਿਉਂਕਿ ਉਨ੍ਹਾਂ 'ਆਪ' ਤੋਂ ਵੱਖ ਹੋ ਕੇ ਨਵੀਂ ਪਾਰਟੀ ਬਣਾ ਲਈ ਹੈ। ਸ੍ਰੀ ਖਹਿਰਾ ਨੇ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਤਾਂ ਅਸਤੀਫਾ ਦੇ ਦਿੱਤਾ ਸੀ ਪਰ ਵਿਧਾਇਕੀ ਤੋਂ ਨਹੀਂ। ਆਮ ਆਦਮੀ ਪਾਰਟੀ ਨੇ ਸਪੀਕਰ ਕੋਲ ਸ਼ਿਕਾਇਤ ਕੀਤੀ ਸੀ ਕਿ ਖਹਿਰਾ ਖਿਲਾਫ ਦਲਬਦਲੂ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇ, ਕਿਉਂਕਿ ਉਨ੍ਹਾਂ 'ਆਪ' ਦੀ ਟਿਕਟ 'ਤੇ ਚੋਣ ਜਿੱਤੀ ਸੀ ਪਰ ਹੁਣ ਪਾਰਟੀ ਛੱਡ ਗਏ ਹਨ।

ਬੁਲਾਰੇ ਨੇ ਦੱਸਿਆ ਕਿ ਜੇਕਰ ਦਿੱਤੇ ਗਏ ਸਮੇਂ ਵਿੱਚ ਖਹਿਰਾ ਵੱਲੋਂ ਕੋਈ ਜਵਾਬ ਨਾ ਦਿੱਤਾ ਗਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਹ ਇਸ ਮਾਮਲੇ ਵਿਚ ਕੁਝ ਨਹੀਂ ਕਹਿਣਾ ਚਾਹੁੰਦੇ।

## ਸੁਖਦੇਵ ਸਿੰਘ ਢੀਂਡਸਾ ਬਾਦਲਾਂ ਸਣੇ ਸਾਰਿਆਂ ਨੂੰ ਲਪੇਟ ਗਿਆ

# ਕਹਿੰਦਾ ਇਨ੍ਹਾਂ ਡੋਬਿਐ ਰਲ ਕੇ ਪੰਜਾਬ ਨੂੰ !

**ਪਟਿਆਲਾ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਟਕਸਾਲੀ ਆਗੂ ਤੇ ਰਾਜ ਸਭਾ ਮੈਬਰ ਸੁਖਦੇਵ ਸਿੰਘ ਢੀਂਡਸਾ ਨੇ ਲੰਮਾ ਸਮਾਂ ਚੁੱਪ ਰਹਿਣ ਤੋਂ ਬਾਅਦ ਆਖਿਰਕਾਰ ਆਪਣੀ ਚੁੱਪੀ ਤੋੜ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮੌਜੂਦਾ ਹਾਲਾਤ ਲਈ ਸੂਬੇ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਜ਼ਿੰਮੇਵਾਰ ਹਨ ਜਿਨਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੀ ਵਿੱਤੀ ਹਾਲਤ ਅੱਜ ਕੰਗਾਲੀ ਦੇ ਕੰਢੇ ਆਣ ਖਲੋਤੀ ਹੈ। ਢੀਂਡਸਾ ਅਨੁਸਾਰ ਜਿਸ ਹਾਲਤ ਵਿਚ ਇਸ ਵੇਲੇ ਪੰਜਾਬ ਖੜ੍ਹਾ ਹੈ ਉਸ ਬਾਰੇ ਕਦੇ ਵੀ ਕਿਸੇ ਨੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ। ਢੀਂਡਸਾ ਅਨੁਸਾਰ ਇਸ ਵੇਲੇ ਜਿੱਥੇ ਪੰਜਾਬ ਕਰਜ਼ਾਈ ਹੈ ਉੱਥੇ ਸੂਬੇ ਅੰਦਰ ਨਸ਼ਾ ਲਗਾਤਾਰ ਵਿਕ ਰਿਹਾ ਹੈ ਜਿਸ ਲਈ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦਾਅਵੇ ਭਾਵੇਂ ਜਿਵੇਂ ਦੇ ਮਰਜ਼ੀ ਕਰ ਲੈਣ ਪਰ ਅਸਲੀਅਤ ਇਹ ਹੈ ਕਿ ਜ਼ਿੰਮੇਵਾਰੀ ਸਾਰਿਆਂ ਦੀ ਬਣਦੀ ਹੈ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇਸ ਵੇਲੇ ਹਾਲਾਤ ਇਹ ਹਨ ਕਿ ਸੂਬੇ ਨੂੰ ਸੰਭਾਲਣ ਦੀ ਥਾਂ ਆਪਸ ਵਿੱਚ ਲੱਤਾਂ ਖਿੱਚਣ ਤੇ ਇੱਕ ਦੂਜੇ ਨੂੰ ਨੀਵਾਂ ਵਖਾਉਣ ਦੇ ਨਾਲ -ਨਾਲ ਗਾਲਾਂ ਕੱਢਣ ਵਿੱਚ ਰੁਝੀਆਂ ਹੋਈਆਂ ਹਨ ਤੇ ਪੰਜਾਬ ਦਾ ਵਿਕਾਸ ਉਨ੍ਹਾਂ ਦੇ ਏਜੰਡੇ ਤੇ ਨਹੀਂ ਹੈ। ਢੀਂਡਸਾ ਨੇ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਜਾਰੀ ਕੀਤੇ ਜਾਣ ਵਾਲੇ ਚੋਣ ਮਨੋਰਥ ਪੱਤਰਾਂ ਨੂੰ ਸੰਵਿਧਾਨਿਕ ਕੀਤੇ ਜਾਣ ਦੇ ਨਾਲ ਨਾਲ ਇਸ ਨੂੰ ਲਾਗੂ ਕਰਨ ਲਈ ਪਾਬੰਦ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸਾਰੀਆਂ ਪਾਰਟੀਆਂ ਨੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ। ਸੁਖਦੇਵ ਸਿੰਘ ਢੀਂਡਸਾ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਪਾਰਟੀ ਨਸ਼ੇ ਨੂੰ ਮੁੱਦਾ ਬਣਾ ਕੇ ਹਕੂਮਤ ਵਿਚ ਆਈ ਸੀ ਪਰ ਹੁਣ ਹਾਲਾਤ ਇਹ ਹਨ ਕਿ ਇਸ ਪਾਰਟੀ ਦੇ ਆਪਣੇ ਹੀ ਲੋਕ ਨਸ਼ਾ ਰੋਕਣ ਲਈ ਆਵਾਜ਼ ਚੁੱਕ ਰਹੇ ਹਨ ਤੇ ਇਹ ਨਸ਼ਾ ਲਗਾਤਾਰ ਵਿਕ ਰਿਹਾ ਹੈ ਜਿਸ ਲਈ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ।



## ਗੈਂਗਸਟਰਾਂ ਵੱਲੋਂ ਪੱਤਰਕਾਰ 'ਤੇ ਹਮਲੇ ਦੀ ਚੁਫੇਰਿਓਂ ਨਿੰਦਾ

**ਜਲੰਧਰ/ਬਿਊਰੋ ਨਿਊਜ਼ :** ਅਜੀਤ ਸਿੰਘ ਬੁਲੰਦ ਨਾਂ ਦੇ ਗੁਰਸਿੱਖ ਪੱਤਰਕਾਰ ਉਤੇ ਸਥਾਨਕ ਖਿੰਗਰਾਂ ਗੇਟ 'ਚ ਸੜਕ ਦੇ ਵਿਚਕਾਰ ਹਮਲਾ ਕੀਤਾ ਗਿਆ। ਕਾਰ ਅਤੇ ਮੋਟਰਸਾਈਕਲ ਖੜ੍ਹੇ ਕਰਕੇ ਰਸਤਾ ਰੋਕ ਕੇ ਖੜ੍ਹੇ ਦਰਜਨ ਭਰ ਹਮਲਾਵਰਾਂ ਨੇ, ਜਿਹਨਾਂ ਨੂੰ ਸਿਆਸੀ ਥਾਪੜਾ ਦੱਸਿਆ ਜਾਂਦਾ ਹੈ, ਪੱਤਰਕਾਰ ਅਜੀਤ ਸਿੰਘ 'ਬੁਲੰਦ' 'ਤੇ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਏ। ਗੰਭੀਰ ਹਾਲਤ 'ਚ ਬੁਲੰਦ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ 'ਚ ਦਾਖ਼ਲ ਕਰਵਾਇਆ ਗਿਆ। 'ਬੁਲੰਦ' ਨੇ ਦੱਸਿਆ ਕਿ ਉਹ ਆਪਣੀ ਕਾਰ 'ਚ ਰਾਤ ਸਮੇਂ ਕਿਸੇ ਕੰਮ ਲਈ ਅੱਡਾ ਹੁਸ਼ਿਆਰਪੁਰ ਤੋਂ ਪੰਜਪੀਰ ਬਾਜ਼ਾਰ ਵੱਲ ਜਾ ਰਿਹਾ ਸੀ। ਜਦੋਂ ਉਹ ਖਿੰਗਰਾਂ ਗੇਟ ਪਹੁੰਚਿਆ ਤਾਂ ਕੁਝ ਵਿਅਕਤੀ ਇਕ ਛੋਟੀ ਕਾਰ ਸੜਕ ਦੇ ਵਿਚਕਾਰ ਰੋਕ ਕੇ ਖੜ੍ਹੇ ਸਨ ਅਤੇ ਉਨ੍ਹਾਂ ਦੇ ਨਾਲ 2 ਮੋਟਰਸਾਈਕਲਾਂ 'ਤੇ ਕਰੀਬ 6 ਵਿਅਕਤੀਆਂ ਨੇ ਬਾਕੀ ਦੀ ਸੜਕ ਰੋਕੀ ਹੋਈ ਸੀ। ਉਸ ਨੇ ਅੱਗੇ ਜਾਣ ਲਈ ਹਾਰਨ ਮਾਰਿਆ ਪਰ ਕਿਸੇ ਨੇ ਵੀ ਸੜਕ ਨਹੀਂ ਛੱਡੀ। ਉਸ ਵਲੋਂ ਉਨ੍ਹਾਂ ਵਿਅਕਤੀਆਂ ਨੂੰ ਸੜਕ ਛੱਡਣ ਲਈ ਕਿਹਾ ਗਿਆ ਤਾਂ ਉਹ ਵਿਅਕਤੀ ਮੰਦੇ ਬੋਲ ਬੋਲਦੇ ਹੋਏ ਇਕ ਪਾਸੇ ਹੋਣ ਲੱਗੇ। ਜਿਵੇਂ ਹੀ ਉਸ ਨੇ ਆਪਣੀ ਕਾਰ ਅੱਗੇ ਤੋਰੀ ਤਾਂ ਉਨ੍ਹਾਂ ਵਿਅਕਤੀਆਂ ਨੇ ਉਸ ਦੀ ਪੱਗ ਉਤਾਰੀ ਲਈ ਤੇ ਪੈਰਾਂ ਹੇਠ ਰੋਲੀ, ਉਸ ਨੂੰ ਘੇਰਾ ਪਾ ਲਿਆ ਅਤੇ ਕਾਰ ਵਿਚੋਂ ਉਸ ਨੂੰ ਬਾਹਰ ਖਿੱਚ ਲਿਆ ਗਿਆ। ਇਸ ਦੌਰਾਨ ਕੁਝ ਵਿਅਕਤੀਆਂ ਨੇ ਲੋਹੇ ਦੀਆਂ ਰਾਡਾਂ ਅਤੇ ਕਿਰਪਾਨਾਂ ਨਾਲ ਉਸ 'ਤੇ ਹਮਲਾ ਕਰਕੇ ਸਿਰ 'ਚ ਗੰਭੀਰ ਸੱਟਾਂ ਮਾਰੀਆਂ। ਅਜੀਤ ਸਿੰਘ ਦੇ ਕਹਿਣ ਅਨੁਸਾਰ ਉਹ ਨਸ਼ਿਆਂ ਵਿਰੁਧ ਖਬਰਾਂ ਛਾਪਦਾ ਸੀ, ਜਿਸ ਤੋਂ ਕੁਝ ਲੋਕ ਪ੍ਰੇਸ਼ਾਨ ਸਨ। ਆਮ ਲੋਕਾਂ ਦਾ ਕਹਿਣਾ ਹੈ ਕਿ ਜੇ ਪੱਤਰਕਾਰ ਹੀ



**ਬਾਕੀ ਸਫ਼ਾ 28 'ਤੇ**

## ਭਾਈ ਹਵਾਰਾ ਵਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਮਿਲਿਆ ਹੁੰਗਾਰਾ

**ਸ੍ਰੀ ਅੰਮ੍ਰਿਤਸਰ ਸਾਹਿਬ/ਬਿਊਰੋ ਨਿਊਜ਼ :**
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਬਰਗਾੜੀ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਬਰਗਾੜੀ ਵਿਖੇ ਲਾਏ ਧਰਨੇ ਦੀ ਸਮਾਪਤੀ ਤੋਂ ਬਾਅਦ ਜਥੇਦਾਰ ਜਗਤਾਰ ਸਿੰਘ ਹਵਾਰਾ ਵਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਲੋਂ 27 ਜਨਵਰੀ ਨੂੰ ਚੰਡੀਗੜ੍ਹ ਦੇ ਗੁਰਦੁਆਰਾ ਸ੍ਰੀ ਸ਼ਾਹਪੁਰ ਸੈਕਟਰ 38 ਵਿਚ ਪੰਥਕ ਇਕੱਠ ਦਾ ਸੱਦਾ ਦਿੱਤਾ ਗਿਆ ਹੈ।ਸਿੱਖ ਯੂਥ ਫੈਡਰੇਸ਼ਨ ਦੇ ਆਗੂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਹੋਰ ਨੌਜਵਾਨ ਆਗੂਆਂ, ਜਿਹਨਾਂ ਵਿਚ ਭਾਈ ਪਰਮਜੀਤ ਸਿੰਘ ਅਕਾਲੀ, ਭਾਈ ਪੰਜਾਬ ਸਿੰਘ, ਭਾਈ ਗੁਰਸੇਵਕ ਸਿੰਘ ਭਾਣਾ, ਭਾਈ ਪਪਲਪ੍ਰੀਤ ਸਿੰਘ ਵਲੋਂ ਪੱਤਰਕਾਰ ਵਾਰਤਾ ਰਾਹੀਂ ਇਹ ਐਲਾਨ ਕੀਤਾ ਕਿ ਉਹ ਵੀ 27 ਜਨਵਰੀ ਨੂੰ ਹੋਣ ਜਾ ਰਹੇ ਇਕੱਠ ਵਿੱਚ ਸ਼ਾਮਲ ਹੋਣਗੇ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਸਾਂਝੇ ਤੌਰ 'ਤੇ ਇਹ ਐਲਾਨ ਕੀਤਾ ਕਿ ਬਰਗਾੜੀ ਮੋਰਚਾ ਭਾਈ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਦੀ ਸਿਆਸੀ ਸੂਝ-ਬੂਝ ਦੀ ਘਾਟ ਕਰਕੇ ਅਸਫਲ ਹੋਇਆ ਹੈ, ਅਸੀਂ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਦਾ ਪੂਰਾ ਸਹਿਯੋਗ ਕਰਾਂਗੇ।



## ਤਲਜੀਤ ਸਿੰਘ ਜਿੰਮੀ ਕੇਂਦਰੀ ਜੇਲ੍ਹ ਸੰਗਰੂਰ 'ਚੋਂ ਰਿਹਾਅ ਹੋਇਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਇੰਗਲੈਂਡ ਤੋਂ ਭਾਰਤ ਪਹੁੰਚਣ 'ਤੇ ਗਿਰਫਤਾਰ ਕੀਤੇ ਗਏ ਤਲਜੀਤ ਸਿੰਘ ਉਰਫ ਜਿੰਮੀ ਨੂੰ ਕੇਂਦਰੀ ਜੇਲ੍ਹ ਸੰਗਰੂਰ ਤੋਂ ਰਿਹਾਅ ਕਰ ਦਿੱਤਾ ਗਿਆ ਹੈ।ਤਲਜੀਤ ਸਿੰਘ ਨੂੰ ਪੰਜਾਬ ਪੁਲਸ ਵਲੋਂ ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਹਵਾਈ ਅੱਡਾ ਦਿੱਲੀ ਤੋਂ 31 ਅਕਤੂਬਰ,2017 ਨੂੰ ਥਾਣਾ ਬਾਜਾਖਾਨਾ ਜਿਲ੍ਹਾ ਫਰੀਦਕੋਟ ਵਿਚ ਦਰਜ ਐਫ.ਆਈ.ਆਰ ਨੰ-63/2016 ਹੇਠ ਫੜਿਆ ਗਿਆ ਸੀ। ਤਲਜੀਤ ਸਿੰਘ ਉੱਤੇ ਐਨ.ਆਈ.ਏ ਵਲੋਂ ਵੀ ਕਈਂ ਕੇਸ ਦਰਜ ਕੀਤੇ ਗਏ ਸਨ ਪਰ ਮਗਰੋਂ ਜਿੰਮੀ ਨੂੰ ਛੱਡ ਦਿੱਤਾ ਗਿਆ। ਗੌਰਤਲਬ ਹੈ ਕਿ ਤਲਜੀਤ ਸਿੰਘ ਜਿੰਮੀ ਨੂੰ ਜਗਤਾਰ ਸਿੰਘ ਜੱਗੀ ਨਾਲ 15 ਜਨਵਰੀ ਨੂੰ ਫਰੀਦਕੋਟ ਅਦਾਲਤ ਵਲੋਂ ਜ਼ਮਾਨਤ ਦਿੱਤੀ ਗਈ ਸੀ ਪਰ ਜਗਤਾਰ ਸਿੰਘ ਜੱਗੀ ਉੱਤੇ ਫਿਲਹਾਲ ਹੋਰ ਕਈਂ ਕੇਸ ਹਨ, ਇਸ ਕਰਕੇ ਜੱਗੀ ਦੀ ਰਿਹਾਈ ਸੰਭਵ ਨਹੀਂ ਹੈ।



## ਭਾਈ ਹਵਾਰਾ ਕੋਲੋਂ ਥੱਪੜ ਖਾਣ ਵਾਲੇ ਨਿਸ਼ਾਂਤ ਸ਼ਰਮਾ ਨੂੰ ਤਿੰਨ ਸਾਲ ਦੀ ਸਜ਼ਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਤਿਹਾੜ ਜੇਲ੍ਹ ਵਿਚ ਨਜ਼ਰਬੰਦ ਭਾਈ ਜਗਤਾਰ ਸਿੰਘ ਹਵਾਰਾ ਉੱਤੇ ਹਮਲਾ ਕਰਨ ਦੇ ਜੁਰਮ ਵਿਚ ਚੰਡੀਗੜ੍ਹ ਅਦਾਲਤ ਨੇ ਨਿਸ਼ਾਂਤ ਸ਼ਰਮਾ ਅਤੇ ਰਮੇਸ਼ ਦੱਤ ਅਤੇ ਹੋਰਨਾਂ ਸਾਥੀਆਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਨਿਸ਼ਾਂਤ ਸ਼ਰਮਾ ਨਾਂ ਦਾ ਇਹ ਕਥਿਤ ਆਗੂ ਅਕਸਰ ਹੀ ਲੋਕਾਂ ਨਾਲ ਧੋਖਾਧੜੀ ਕਰਨ ਦੇ ਮਾਮਲਿਆਂ ਕਾਰਨ ਚਰਚਾ ਵਿਚ ਰਹਿੰਦਾ ਹੈ। ਪੰਜਾਬ ਦੀਆਂ ਸਰਕਾਰਾਂ ਇਸ ਨੂੰ ਗੰਨਮੈਨ ਦੇ ਕੇ ਰੱਖਦੀਆਂ ਹਨ ਤੇ ਇਹ ਆਪਣੇ ਆਪ ਨੂੰ ਕਈ ਹਿੰਦੂ ਜਥੇਬੰਦੀਆਂ ਦਾ ਪ੍ਰਧਾਨ ਦੱਸਦਾ ਹੈ।
ਨਿਸ਼ਾਂਤ ਸ਼ਰਮਾ ਸਿੱਖ ਹਲਕਿਆਂ ਵਿਚ ਭਾਈ ਜਗਤਾਰ ਸਿੰਘ ਹਵਾਰਾ ਕੋਲੋਂ ਥੱਪੜ ਖਾਣ ਕਰਕੇ ਖਾਸ ਤੌਰ 'ਤੇ ਮਸ਼ਹੂਰ ਹੈ। ਸਿੱਖ ਭਾਈਚਾਰੇ ਵਿਚ11-11-11 ਨੂੰ ਥੱਪੜ ਦਿਹਾੜੇ ਵਜੋਂ ਯਾਦ ਕੀਤਾ ਜਾਂਦਾ ਹੈ।



## ਕੈਪਟਨ ਸਰਕਾਰ ਵੇਚੇਗੀ ਪੇਂਡੂ ਹਸਪਤਾਲ

### *ਅਖ਼ਬਾਰਾਂ ਵਿਚ ਜਨਤਕ ਨੋਟਿਸ ਵੀ ਪ੍ਰਕਾਸ਼ਿਤ ਕਰਵਾਏ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪਿਛਲੀ ਅਕਾਲੀ ਭਾਜਪਾ ਸਰਕਾਰ ਨੂੰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬੜੀ ਬੁਰੀ ਤਰ੍ਹਾਂ ਭੰਡ-ਭੰਡ ਕੇ ਸੱਤਾ ਵਿੱਚ ਆਈ ਕਾਂਗਰਸ ਪਾਰਟੀ ਨੇ ਹੁਣ ਆਪ ਵੀ ਅਕਾਲੀਆਂ ਵਾਲਾ ਰਾਹ ਅਖ਼ਤਿਆਰ ਕਰਦਿਆਂ ਸੂਬੇ ਦੇ ਪੇਂਡੂ ਹਸਪਤਾਲ ਵੇਚਣ ਦੀ ਤਿਆਰੀ ਕਰ ਲਈ ਹੈ। ਹਾਲਾਤ ਇਹ ਹਨ ਕਿ ਇਸ ਤਿਆਰੀ ਤਹਿਤ ਅਖ਼ਬਾਰਾਂ ਵਿੱਚ ਜਨਤਕ ਨੋਟਿਸ ਵੀ ਪ੍ਰਕਾਸ਼ਿਤ ਕਰਵਾ ਦਿੱਤੇ ਗਏ ਹਨ। ਇਸ ਸਬੰਧ ਵਿੱਚ ਰਾਜ ਦੇ ਸਿਹਤ ਵਿਭਾਗ ਨੇ ਨਿੱਜੀ ਡਾਕਟਰਾਂ ਤੇ ਹਸਪਤਾਲਾਂ ਤੋਂ ਪੇਂਡੂ ਮੁੱਢਲੇ ਸਿਹਤ ਕੇਂਦਰਾਂ, ਭਾਈਚਾਰਕ ਸਿਹਤ ਕੇਂਦਰ ਤੇ ਅਰਬਨ ਭਾਈਚਾਰਕ ਸਿਹਤ ਕੇਂਦਰ ਚਲਾਉਣ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਹਾਲਾਤ ਇਹ ਹਨ ਕਿ ਸਰਕਾਰ ਨੇ ਇਨ੍ਹਾਂ ਸੰਸਥਾਵਾਂ ਨੂੰ ਵੇਚਣ ਲਈ ਕੀਤੀ ਜਾਣ ਵਾਲੀ ਬੋਲੀ ਸਬੰਧੀ ਵੀ ਅਰਜ਼ੀਆਂ ਮੰਗੀਆਂ ਹਨ ਤੇ ਸੂਬੇ ਦਾ ਸਿਹਤ ਵਿਭਾਗ ਅਜਿਹੀਆਂ ਨਿੱਜੀ ਮਾਲਦਾਰ ਪਾਰਟੀਆਂ ਦੀ ਤਲਾਸ਼ ਕਰ ਰਿਹਾ ਹੈ ਜਿਹੜੀਆਂ ਪਬਲਿਕ ਪ੍ਰਾਈਵੇਟ ਭਾਈਵਾਲੀ ਤਹਿਤ ਇਨ੍ਹਾਂ ਵਿੱਚੋਂ ਕੁਝ ਸੰਸਥਾਵਾਂ ਨੂੰ ਚਲਾ ਸਕਣ। ਕੁਲ ਮਿਲਾ ਕਿ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰ ਵੱਲੋਂ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਭਰੇ ਹੋਏ ਟੈਕਸ ਦੇ ਪੈਸੇ ਤੋਂ ਬਣਾਏ ਇਨ੍ਹਾਂ ਹਸਪਤਾਲਾਂ ਨੂੰ ਨਿੱਜੀ ਸੰਸਥਾਵਾਂ ਦੇ ਹੱਥਾਂ ਵਿੱਚ ਦੇਣ ਮੌਕੇ ਇਮਾਰਤਾਂ ਫਰਨੀਚਰ ਤੇ ਹੋਰ ਸਾਰਾ ਸਮਾਨ ਵੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ।

**ਬਾਕੀ ਸਫ਼ਾ 28 'ਤੇ**

# ਦਲ ਖਾਲਸਾ ਵਲੋਂ 26 ਜਨਵਰੀ ਜਸ਼ਨਾਂ ਦੇ ਬਾਈਕਾਟ ਦਾ ਸੱਦਾ

**ਫਿਰੋਜ਼ਪੁਰ/ਬਿਊਰੋ ਨਿਊਜ਼ :** ਭਾਰਤੀ ਗਣਤੰਤਰ ਦਿਵਸ ਨੂੰ ਸਿੱਖਾਂ ਲਈ ਵਿਸਾਹਘਾਤ ਦਿਹਾੜਾ ਦੱਸਦਿਆਂ, ਦਲ ਖਾਲਸਾ ਨੇ ਸਿੱਖਾਂ ਨਾਲ ਸੰਵਿਧਾਨਕ ਅਤੇ ਰਾਜਸੀ ਪ੍ਰਬੰਧਕੀ ਢਾਂਚੇ ਰਾਹੀਂ ਲਗਾਤਾਰ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਵਧੀਕੀਆਂ ਵਿਰੁੱਧ ਸਿੱਖਾਂ ਨੂੰ 26 ਜਨਵਰੀ ਦੇ ਜਸ਼ਨਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। 26 ਜਨਵਰੀ ਦੇ ਸਰਕਾਰੀ ਜਸ਼ਨਾਂ ਦੇ ਸਮਾਨਾਂਤਰ ਦਲ ਖਾਲਸਾ ਵਲੋਂ ਸਵੈ ਨਿਰਣੇ ਦਾ ਹੱਕ ਪ੍ਰਾਪਤ ਕਰਨ ਲਈ ਲੁਧਿਆਣਾ, ਹੁਸ਼ਿਆਰਪੁਰ ਤੇ ਜ਼ੀਰਾ ਵਿਖੇ ਪੀਪਲਜ਼ ਮਾਰਚ ਕੀਤਾ ਜਾਵੇਗਾ।

ਪਾਰਟੀ ਆਗੂਆਂ ਨੇ ਏਥੇ ਪ੍ਰੈਸ ਕਾਨਫਰੰਸ ਮੌਕੇ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਜਦ ਸੰਵਿਧਾਨ ਸਿੱਖਾਂ ਦੀ ਅੱਡਰੀ ਪਛਾਣ ਤੇ ਹੋਂਦ ਤੋਂ ਹੀ ਮੁਨਕਰ ਹੈ ਤਾਂ ਫਿਰ 26 ਜਨਵਰੀ ਦੇ ਜਸ਼ਨ ਕਾਹਦੇ। ਉਹਨਾਂ ਸਪਸ਼ਟ ਕੀਤਾ ਕਿ ਉਹਨਾਂ ਦੀ 26 ਜਨਵਰੀ ਦੀ ਮੁਖਾਲਫਤ ਭਾਰਤੀ ਲੋਕਾਂ ਵਿਰੁੱਧ ਨਹੀਂ ਹੈ। ਜਥੇਬੰਦੀ ਨੇ ਸਪਸ਼ਟ ਕੀਤਾ ਕਿ ਸੰਵਿਧਾਨ, ਜਨ ਗਨ ਮਨ, 26 ਜਨਵਰੀ, ਤਿਰੰਗਾ ਸਿੱਖਾਂ ਲਈ ਬੇਗਾਨੇ ਹਨ।

ਪਾਰਟੀ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਆਪਣੀ ਕਿਸਮਤ ਦੀ ਮਾਲਕ ਵੀ ਆਪ ਹੀ ਬਣਨਾ ਲੋਚਦੀ ਹੈ। ਸਿੱਖਾਂ ਨੂੰ ਦਿੱਲੀ ਤੋਂ ਥੋਪੇ ਜਾਂਦੇ ਫੈਸਲੇ ਪ੍ਰਵਾਨ ਨਹੀਂ ਹਨ। ਉਹਨਾਂ ਕਿਹਾ ਕਿ ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿੱਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸ ਨੂੰ ਲਾਗੂ ਕਰਨ ਨਾਲ ਹੀ ਹੋਵੇਗਾ।

ਉਹਨਾਂ ਕਿਹਾ ਕਿ ਸੰਵਿਧਾਨਕ ਮਦਾਂ ਲਗਾਤਾਰ ਸਿੱਖਾਂ ਨੂੰ ਠਿੱਠ ਕਰ ਕਰੀਆਂ ਹਨ। ਪਿਛਲੇ ੭ ਦਹਾਕਿਆਂ ਤੋਂ ਰਾਇਪੇਰੀਅਨ ਸਿਧਾਂਤ ਅਤੇ ਸੰਵਿਧਾਨ ਦੀ ਭਾਵਨਾ ਦੇ ਉਲਟ ਜਾ ਕੇ ਪੰਜਾਬ ਦਾ ਪਾਣੀ ਲੁੱਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਬਾਦਲਾਂ ਵਾਂਗ ਕੈਪਟਨ ਅਮਰਿੰਦਰ ਸਿੰਘ ਵੀ ਪੁਲਿਸ ਦੇ ਦਬਦਬੇ ਤੋਂ ਮੁਕਤ ਨਹੀਂ ਹੈ, ਇਸੇ ਲਈ ਬਹਿਬਲ ਕਲਾਂ ਗੋਲੀ ਕਾਂਡ ਦੇ ਸੁਮੇਧ ਸਿੰਘ ਸੈਣੀ ਸਾਰੇ ਦਾਗੀ ਤੇ ਦੋਸ਼ੀ ਅਫਸਰ ਕਾਨੂੰਨ ਦੀ ਪਕੜ ਤੋਂ ਆਜ਼ਾਦ ਘੁੰਮ ਰਹੇ ਹਨ। ਉਹਨਾਂ ਕਿਹਾ ਕਿ ਪਿਛਲੀ ਅਤੇ ਮੌਜੂਦਾ ਸਰਕਾਰ ਦੇ ਰਵੱਈਏ ਤੋਂ ਇਹ ਗੱਲ ਪੁਖਤਾ ਹੁੰਦੀ ਹੈ ਕਿ ਇਸ ਮੁਲਕ ਅੰਦਰ ਦੋਸ਼ੀ ਪੁਲਿਸ ਅਫਸਰਾਂ ਨੂੰ ਕਾਨੂੰਨ ਦੀ ਲਪੇਟ ਤੋਂ ਬਚਾਉਣ ਲਈ ਬਾਰ-ਬਾਰ ਇਨਸਾਫ ਦਾ ਗਲਾ ਘੁਟ ਦਿੱਤਾ ਜਾਂਦਾ ਹੈ। ਦੂਜੇ ਪਾਸੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਰਾਜਨੀਤਿਕ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਦਲ ਖਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ, ਜਗਜੀਤ ਸਿੰਘ ਖੋਸਾ, ਸੁਰਜੀਤ ਸਿੰਘ ਖਾਲਸਤਾਨੀ ਨੇ ਕਿਹਾ ਕਿ ਸਿੱਖਾਂ ਨੇ ਇਸ ਖਿੱਤੇ ਵਿਚ ਆਪਣਾ ਸਫਰ ਭਾਰਤੀ ਸੰਵਿਧਾਨ ਨੂੰ ਨਾ-ਮਨਜ਼ੂਰ ਕਰਕੇ ਆਰੰਭ ਕੀਤਾ ਹੈ, ਕਿਉਕਿ ਇਹ ਸੰਵਿਧਾਨ ਉਹਨਾਂ ਨਾਲ ਧੋਖਾ ਸੀ ਅਤੇ ਬਾਅਦ ਦੇ ਸਾਲਾਂ ਦੌਰਾਨ ਭਾਰਤੀ ਸਟੇਟ ਵਲੋਂ ਸਿੱਖਾਂ ਨਾਲ ਕੀਤੇ ਵਤੀਰੇ ਅਤੇ ਵਾਪਰੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ । ਉਹਨਾਂ ਕਿਹਾ ਕਿ ਦਿੱਲੀ ਦੇ ਹੁਕਮਰਾਨਾਂ ਨੇ ਸਿੱਖ ਸਮੱਸਿਆਵਾਂ ਨੂੰ ਜਾਂ ਤਾਂ ਅਣਗੌਲਿਆ ਕਰੀ ਰਖਿਆ, ਜਾਂ ਇਸ ਨੂੰ ਕਾਨੂੰਨ-ਵਿਵਸਥਾ ਦਾ ਮਸਲਾ ਬਣਾਕੇ ਸਿੱਖਾਂ ਦਾ ਸਰੀਰਕ ਘਾਣ ਕੀਤਾ।ਇਸ ਮਾਰਚ ਨੂੰ ਸਥਾਨਕ ਜਥੇਬੰਦੀਆਂ ਵੱਲੋਂ ਆਪਣਾ ਸਮਰਥਣ ਦਿੱਤਾ ਗਿਆ। ਇਸ ਮੌਕੇ ਏਕਨੂਰ ਖਾਲਸਾ ਫੌਜ ਦੇ ਹਿੰਮਤ ਸਿੰਘ, ਲਖਬੀਰ ਸਿੰਘ, ਸਵਰਨ ਸਿੰਘ ਤੇ ਕਰਤਾਰ ਸਿੰਘ ਵੀ ਹਾਜ਼ਰ ਸਨ।

ਅੰਮ੍ਰਿਤਸਰ ਟਾਈਮਜ਼ AMRITSAR TIMES

23 ਜਨਵਰੀ 2019 ਤੋਂ 29 ਜਨਵਰੀ 2019

# 26 ਜਨਵਰੀ ਤੇ ਸਿੱਖ ਪੰਥ

26 ਜਨਵਰੀ ਸਿੱਖਾਂ ਲਈ ਵਾਕਈ ਨਾ-ਭੁੱਲਣਯੋਗ ਦਿਨ ਹੈ। ਸੰਨ 1950 ਦੇ ਇਸ ਦਿਨ ਨੂੰ ਹੀ ਉਸ ਕਥਿਤ ਭਾਰਤੀ ਗਣਤੰਤਰ ਦੀ ਗੁਲਾਮੀ ਸਿੱਖਾਂ ਦੇ ਗਲ ਵਿਚ ਪਾ ਦਿੱਤੀ ਗਈ ਸੀ, ਜਿਸ ਦਾ ਅਹਿਸਾਸ ਅੱਜ ਤਕ ਸਿੱਖ ਕੌਮ ਨੂੰ ਸਮੇਂ-ਸਮੇਂ ਉਤੇ ਕਰਵਾਇਆ ਜਾਂਦਾ ਆ ਰਿਹਾ ਹੈ। ਇਸ ਤੋਂ ਵੀ ਪਹਿਲਾਂ ਜਦੋਂ 15 ਅਗਸਤ 1947 ਨੂੰ ਪੂਰਾ ਭਾਰਤ ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ, ਤਾਂ ਪੰਜਾਬ ਤੇ ਸਿੱਖ ਪੰਥ ਆਪਣੀ ਰੱਤ ਦੇ ਦੀਵੇ ਬਾਲ ਕੇ ਇਸ ਆਜ਼ਾਦੀ ਦੇ ਜਸ਼ਨ ਵਿਚ ਸ਼ਾਮਿਲ ਹੋ ਰਿਹਾ ਸੀ। ਇਸ ਦਰਦ ਦਾ ਅਹਿਸਾਸ ਉਦੋਂ ਹੋਰ ਵੱਧ ਤੀਬਰ ਤੇ ਗਹਿਰਾ ਹੋ ਗਿਆ ਸੀ ਜਦੋਂ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਦੀ ਇਕ ਗਸ਼ਤੀ ਚਿੱਠੀ ਵਿਚ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਹਿ ਕੇ ਉਸ ਦੇ "ਆਜ਼ਾਦੀ" ਦੇ ਭਰਮ ਨੂੰ ਝਟਕਾਇਆ ਗਿਆ ਸੀ। ਇਸ ਤੋਂ ਬਾਅਦ ਲਗਾਤਾਰ ਸੰਵਿਧਾਨ ਬਣਾਉਣ, ਲਾਗੂ ਕਰਨ, ਪੰਜਾਬੀ ਬੋਲੀ ਦੇ ਅਧਾਰ ਉਤੇ ਪੰਜਾਬੀ ਸੂਬੇ ਦੀ ਸਥਾਪਨਾ ਵਿਚ ਕਾਣੀ ਵੰਡ ਕਰਨ, ਪਾਣੀਆਂ ਦੀ ਲੁੱਟ, ਰਾਜਧਾਨੀ ਖੋਹਣ ਤੇ ਫਿਰ 1978, 1984 ਤੇ ਬਾਅਦ ਦੇ ਸਿੱਖ ਕਤਲੇਆਮਾਂ ਨੇ ਸਿੱਖਾਂ ਦਾ ਇਹ ਅਧਿਕਾਰ ਕਦੋਂ ਦਾ ਖੋਹ ਲਿਆ ਹੋਇਆ ਹੈ, ਕਿ ਉਹ 26 ਜਨਵਰੀ ਜਾਂ 15 ਅਗਸਤ ਉਤੇ ਉਵੇਂ ਹੀ ਖੁਸ਼ ਹੋਣ, ਜਸ਼ਨ ਮਨਾਉਣ ਜਿਵੇਂ ਬਾਕੀ ਭਾਰਤ ਦੇ ਲੋਕ ਹੋ ਰਹੇ ਹੁੰਦੇ ਹਨ।

ਦਰਅਸਲ ਜਦੋਂ ਅਸੀਂ ਹਾਲ ਹੀ ਦੀਆਂ ਜਾਂ ਕੁਝ ਸਾਲ ਪਹਿਲਾਂ ਜਾਂ ਫਿਰ ਕੁਝ ਦਹਾਕੇ ਪਹਿਲਾਂ ਦੀਆਂ ਗੱਲਾਂ ਨੂੰ ਯਾਦ ਕਰਕੇ ਹੀ ਪੰਜਾਬ, ਸਿੱਖ ਪੰਥ ਤੇ ਹਿੰਦੁਸਤਾਨ ਦੇ ਆਪਸੀ ਰਿਸ਼ਤਿਆਂ ਦੀ ਉਲਝੀ ਤਾਣੀ ਦਾ ਕੋਈ ਸਿਰਾ ਲੱਭਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਇਹ ਇਸ ਮਰਜ਼ ਦਾ ਕੋਈ ਵਕਤੀ ਜਿਹਾ ਇਲਾਜ ਕਰਨ ਦੀ ਕਸਰਤ ਹੀ ਹੁੰਦੀ ਹੈ। ਇਸ ਟਕਰਾਅ ਤੇ ਵਖਰੇਵੇਂ ਦੇ ਬੀਜ ਤਾਂ ਗੁਰਮਤਿ ਦੀ ਵਿਚਾਰਧਾਰਾ ਤੇ ਵਰਣ-ਆਸ਼ਰਮ ਦੀ ਵਿਚਾਰਧਾਰਾ ਦੇ ਸਿਧਾਂਤਕ ਅੱਡਰੇਪਣ ਵਿਚ ਪਏ ਹਨ। ਬਿਪਰਵਾਦੀ ਜਬਰ ਦਾ ਕੁਹਾੜਾ ਤਾਂ ਸਿੱਖੀ ਦੀ ਹੋਂਦ ਤੋਂ ਹੀ ਉਸ ਉਤੇ ਚਲਦਾ ਆ ਰਿਹਾ ਹੈ।

ਦਲ ਖਾਲਸਾ ਤੇ ਕੁਝ ਹੋਰ ਸਿੱਖ ਜਥੇਬੰਦੀਆਂ ਹਰ ਸਾਲ 15 ਅਗਸਤ ਤੇ 26 ਜਨਵਰੀ ਨੂੰ ਰੋਸ ਵੱਜੋਂ ਕਾਲਾ ਦਿਨ ਮਨਾਉਂਦੀਆਂ ਆ ਰਹੀਆਂ ਹਨ। ਇਸ ਵਾਰ ਵੀ ਗਣਤੰਤਰ ਦਿਵਸ ਦੇ ਜਸ਼ਨਾਂ ਦਾ ਬਾਈਕਾਟ ਕਰਨ ਦੇ ਰੋਸ ਵਿਖਾਵਿਆਂ ਦਾ ਕਾਰਨ ਸਿੱਖਾਂ ਦੀਆਂ ਉਹੋ ਚਿਰੋਕਣੀਆਂ ਮੰਗਾਂ ਤੇ ਹੱਕਾਂ ਦੀ ਬਹਾਲੀ ਬਾਰੇ ਚਾਰਾਜੋਈ ਕਰਨਾ ਹੈ, ਜਿਹੜੀਆਂ ਮੰਗਾਂ ਤੇ ਵਾਅਦੇ ਭਾਰਤੀ ਹਾਕਮਾਂ ਨੇ ਆਜ਼ਾਦੀ ਮਿਲਦਿਆਂ ਹੀ ਵਿਸਾਰ ਦਿੱਤੇ ਸਨ। ਭਾਰਤੀ ਸੰਵਿਧਾਨ ਦੀ ਧਾਰਾ 25ਬੀ, ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਦੱਸਦੀ ਹੈ, ਉਸ ਵਿਚ ਸੋਧ ਕਰਨ ਲਈ ਕੋਈ ਤਿਆਰ ਨਹੀਂ ਹੈ। ਪਿਛਲੇ ਸੰਘਰਸ਼ ਦੌਰਾਨ ਭਾਰਤੀ ਕਾਨੂੰਨ ਦੁਆਰਾ ਜੇਲ੍ਹਾਂ ਦੀਆਂ ਕਾਲ ਕੋਠੜੀਆਂ 'ਚ ਬੰਦ ਕਰ ਦਿੱਤੇ ਗਏ ਸਿੱਖ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਰਿਹਾਈ ਦੀ ਉਡੀਕ ਵਿਚ ਹਨ। ਸਿੱਖੀ ਨੂੰ ਤੇ ਸਿੱਖਾਂ ਨੂੰ ਅਣਗਿਣਤ ਸਮੱਸਿਆਵਾਂ ਇਸ ਦੇਸ਼ 'ਚ ਦਰਪੇਸ਼ ਹਨ, ਕਿਉਂਕਿ ਉਨ੍ਹਾਂ ਨੂੰ ਇਸ ਦੇਸ਼ 'ਚ ਬਰਾਬਰ ਦੇ ਸ਼ਹਿਰੀ ਵਾਲੇ ਹੱਕ-ਹਕੂਕ ਹਾਸਲ ਹੀ ਨਹੀਂ ਹੋਏ।

ਹਥਿਆਰਬੰਦ ਸੰਘਰਸ਼ ਦੌਰਾਨ ਸਿੱਖਾਂ ਦੀ ਨਸਲਕੁਸ਼ੀ ਦਾ ਰਾਹ ਅਪਣਾਇਆ ਗਿਆ। ਸਰਕਾਰ ਨੇ ਆਨੇ-ਬਹਾਨੇ ਸਿੱਖਾਂ ਦਾ ਭਿਆਨਕ ਕਤਲੇਆਮ ਕੀਤਾ। ਸਿੱਖਾਂ ਦੇ ਗੁਰੂ ਘਰਾਂ ਤੋਂ ਲੈ ਕੇ ਉਨ੍ਹਾਂ ਦੀ ਅਜ਼ਮਤ ਤੇ ਵਿਰਾਸਤ ਨੂੰ ਮਲੀਆਮੇਟ ਕਰਨ ਦੇ ਵਿਉਂਤਬੱਧ ਕਾਰੇ ਕੀਤੇ ਗਏ। ਪੰਜਾਬ ਸਮੇਤ ਇਸ ਦੇਸ਼ ਦੀ ਧਰਤੀ ਸਿੱਖਾਂ ਦੇ ਖ਼ੂਨ ਨਾਲ ਸਿੰਜੀ ਗਈ। ਆਖਿਰ ਇਸ ਲੜਾਈ ਦਾ ਅੰਤ ਪੰਜਾਬ ਦੀ ਆਰਥਿਕ ਤੇ ਸੱਭਿਆਚਾਰਕ ਤਬਾਹੀ ਦੇ ਰੂਪ ਵਿਚ ਨਿਕਲਿਆ। ਅੱਜ ਜਦੋਂ ਦੁਨੀਆ ਬਦਲ ਗਈ ਹੈ ਤਾਂ ਕੌਮਾਂ ਨੂੰ ਗੁਲਾਮ ਬਣਾ ਕੇ ਰੱਖਣ ਤੇ ਵਿਰੋਧੀ ਸੱਭਿਆਚਾਰਾਂ ਨੂੰ ਤਬਾਹ ਕਰਨ ਦੇ ਹਥਿਆਰ ਤੇ ਹਮਲੇ ਵੀ ਰੂਪ ਵਟਾ ਗਏ ਹਨ। ਸਿੱਖਾਂ ਨੂੰ ਜ਼ਲੀਲ ਕਰਨਾ, ਸਿੱਖੀ ਸਿਧਾਂਤਾਂ, ਪ੍ਰੰਪਰਾਵਾਂ ਤੇ ਮਰਿਆਦਾ ਦਾ ਮਾਖੌਲ ਉਡਾਉਣਾ, ਸਿੱਖ ਸੰਸਥਾਵਾਂ ਦੀ ਤਬਾਹੀ, ਸਿੱਖੀ 'ਚ ਦੁਫੇੜ ਅਤੇ ਸਿੱਖਾਂ ਉਤੇ ਬਿਪਰਵਾਦੀ ਰੰਗ ਚੜ੍ਹਾਉਣਾ, ਅੱਜ ਸਿੱਖ ਦੁਸ਼ਮਣ ਤਾਕਤਾਂ ਦਾ ਸੂਖਮ ਏਜੰਡਾ ਬਣ ਚੁੱਕਿਆ ਹੈ। ਸਿੱਖ, ਇਨਸਾਫ਼ ਮੰਗਦੇ ਹਨ, ਤਾਂ ਉਨ੍ਹਾਂ ਨੂੰ ਧੱਕੇ ਮਿਲਦੇ ਹਨ। ਸਿੱਖਾਂ ਦੇ ਸਬਰ ਨੂੰ ਉਨ੍ਹਾਂ ਦੀ ਕਮਜ਼ੋਰੀ ਮੰਨਿਆ ਜਾ ਰਿਹਾ ਹੈ।

ਹਰ ਵਾਰ ਸਿੱਖ ਜਥੇਬੰਦੀਆਂ ਦੇ ਕਾਲਾ ਦਿਨ ਮਨਾਉਣ ਦੇ ਸੱਦੇ ਅਤੇ ਰੋਸ ਮੁਜ਼ਾਹਰਿਆਂ ਬਾਰੇ ਬਹੁਤ ਕੁਝ ਬੁਰਾ-ਭਲਾ ਦੇਖਣ ਤੇ ਸੁਣਨ ਨੂੰ ਮਿਲਦਾ ਹੈ। ਰੋਸ ਪ੍ਰਗਟਾਵਿਆਂ ਉਤੇ ਸਵਾਲ ਚੁੱਕੇ ਜਾਂਦੇ ਹਨ। ਮੀਡੀਆ ਦਾ ਇਕ ਵੱਡਾ ਹਿੱਸਾ ਇਨ੍ਹਾਂ ਰੋਸ-ਵਿਖਾਵਿਆਂ ਦੇ ਰਾਜਨੀਤਕ ਅਰਥ ਕੱਢਦਾ ਹੋਇਆ, ਅੱਤਵਾਦ-ਵੱਖਵਾਦ ਦਾ ਰਾਗ ਅਲਾਪਦਾ ਹੈ ਪਰ ਸਿੱਖ-ਮਨਾਂ ਦੇ ਅੰਤਰੀਵ ਵਿਚ ਪਈ ਬੇਗਾਨਗੀ ਦੀ ਕਸਕ ਦੀ ਥਾਹ ਕੋਈ ਨਹੀਂ ਪਾ ਰਿਹਾ। ਆਖਿਰ ਜਿਸ ਦੇਸ਼ ਦੀ ਆਜ਼ਾਦੀ ਲਈ ਕਦੇ ਜਿਸ ਕੌਮ ਨੇ ਨੱਬੇ ਫੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ, ਫਾਂਸੀਆਂ ਦੇ ਰੱਸੇ ਗਲਾਂ ਵਿਚ ਪੁਆਏ ਸੀ, ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਸਭ ਤੋਂ ਵੱਧ ਹੱਡ ਗਾਲੇ ਸਨ, ਉਸੇ ਦੇਸ਼ ਦੇ ਆਜ਼ਾਦੀ ਤੇ ਗਣਤੰਤਰ ਦਿਵਸਾਂ ਉਤੇ ਉਹੀ ਕੌਮ ਕਿਉਂ ਨਾਬਰ ਹੋਈ ਵਿਚਰ ਰਹੀ ਹੈ ? ਦਰਅਸਲ ਆਜ਼ਾਦੀ ਦੇ ਨਾਮ ਉਤੇ ਸਿੱਖਾਂ ਨਾਲ ਇਕ ਵੱਡਾ ਧੋਖਾ ਹੋਇਆ ਸੀ। ਇਹ ਧੋਖਾ ਭਾਰਤ ਦੇ ਹੋਰ ਬਹੁਤ ਸਾਰੇ ਤਬਕਿਆਂ ਤੇ ਦਲਿਤਾਂ ਆਦਿ ਨਾਲ ਵੀ ਕਿਸੇ ਹੋਰ ਰੂਪ ਵਿਚ ਹੋਇਆ ਪਰ ਸਿੱਖ ਕੌਮ ਨੂੰ ਗੁਰੂ ਪਿਤਾ ਵੱਲੋਂ ਗੁੜ੍ਹਤੀ ਵਿਚ ਮਿਲੀ ਆਜ਼ਾਦ ਹਸਤੀ, ਨਿਆਰਾਪਣ ਤੇ ਉਸ ਦਾ ਪਾਤਸ਼ਾਹੀ ਦਾਅਵਾ ਇਸ ਧੋਖੇ ਦੀਆਂ ਪਰਤਾਂ ਦੁਨੀਆ ਸਾਹਮਣੇ ਨੰਗਾ ਕਰਨ ਦੀ ਜ਼ੁਰਅਤ ਸਭ ਤੋਂ ਵੱਧ ਦਿਖਾਉਂਦਾ ਆ ਰਿਹਾ ਹੈ। ਜਿਸ ਸੰਵਿਧਾਨ ਦੇ ਲਾਗੂ ਹੋਣ ਦੀ ਖੁਸ਼ੀ ਪੂਰੇ ਢੋਲ ਢਮੱਕੇ ਨਾਲ ਹਰ ਸਾਲ ਮਨਾਈ ਜਾਂਦੀ ਹੈ, ਉਸੇ ਸੰਵਿਧਾਨ ਵਿਚ ਦਰਜ ਹੈ ਕਿ ਆਪਣੇ ਜਮਹੂਰੀ ਹੱਕਾਂ ਦੀ ਵਰਤੋਂ ਕਰਦਿਆਂ, ਹਰ ਨਾਗਰਿਕ ਨੂੰ ਸ਼ਾਂਤਮਈ ਢੰਗ-ਤਰੀਕੇ ਨਾਲ ਆਪਣਾ ਰੋਸ ਪ੍ਰਗਟਾਉਣ ਦਾ ਹੱਕ ਵੀ ਹੈ। ਜੇ ਭਾਰਤੀ ਸੰਵਿਧਾਨ, ਸਿੱਖਾਂ ਦੇ ਹੱਕਾਂ ਦੀ ਰਾਖ਼ੀ ਕਰਨ ਤੋਂ ਅਸਮਰੱਥ ਹੈ, ਤਾਂ ਫਿਰ ਸਵਾਲ ਪੈਦਾ ਹੋਣਾ ਲਾਜ਼ਮੀ ਹੈ ਕਿ ਫਿਰ ਸਿੱਖ ਉਸ ਦੇ ਲਾਗੂ ਹੋਣ ਦੀ ਖੁਸ਼ੀ ਕਿਵੇਂ ਮਨਾਉਣ ? 26 ਜਨਵਰੀ ਨੂੰ ਕਾਲੇ ਦਿਨ ਵਜੋਂ ਮਨਾ ਕੇ ਸਿੱਖ ਸਮੁੱਚੀ ਦੁਨੀਆ ਨੂੰ ਸਿਰਫ਼ ਤੇ ਸਿਰਫ਼ ਇਹੋ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਭਾਰਤੀ ਸੰਵਿਧਾਨ, ਭਾਰਤੀ ਕਾਨੂੰਨ ਤੇ ਭਾਰਤੀ ਹਾਕਮ, ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਨਹੀਂ ਮੰਨਦੇ। ਸਿੱਖਾਂ ਨਾਲ ਬਰਾਬਰੀ ਵਾਲੇ ਵਰਤਾਉ ਦੀ ਥਾਂ ਭੇਦ-ਭਾਵ ਵਾਲਾ ਵਰਤਾਉ ਕੀਤਾ ਜਾ ਰਿਹਾ ਹੈ।

# ਜਦੋਂ ਅਦਾਲਤਾਂ ਖਾਮੋਸ਼ ਹੋ ਜਾਂਦੀਆਂ ਨੇ ਤੇ ਕਾਨੂੰਨ ਦੇ ਲੰਮੇ ਹੱਥ ਵੀ ਹਿੱਲਣੋਂ ਹਟ ਜਾਂਦੇ ਹਨ...

**ਭਾਰਤ ਵਿਚ ਰਾਜ ਦੇ ਮੁਖੀਆਂ ਵੱਲੋਂ ਦਿੱਤੇ ਗਏ ਦੋ ਬਿਆਨ, ਜਿਹੜੇ ਕਦੇ ਨਹੀਂ ਭੁਲਾਏ ਜਾ ਸਕਦੇ।**

**ਪਹਿਲਾ : ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ।**

**ਦੂਜਾ : ਕਿਰਿਆ -ਪ੍ਰਤੀਕਿਰਆ ਵਾਲੀ ਕੜੀ ਚੱਲ ਰਹੀ ਹੈ। ਪਹਿਲਾ ਬਿਆਨ ਰਾਜੀਵ ਗਾਂਧੀ ਨੇ 31 ਅਕਤੂਬਰ 1984 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਤਿੰਨ ਦਿਨਾਂ ਦੌਰਾਨ ਤਿੰਨ ਹਜ਼ਾਰ ਸਿੱਖਾਂ ਦੇ ਮਾਰੇ ਜਾਣ ਉਤੇ ਦਿੱਤਾ ਸੀ। ਇਹ ਬਿਆਨ ਉਸ ਨੇ ਤਿੰਨ ਹਫਤਿਆਂ ਬਾਅਦ ਦਿੱਤਾ ਸੀ।**

**ਦੂਜਾ ਬਿਆਨ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਮੁਸਲਮਾਨਾਂ ਦੇ ਕਤਲੇਆਮ ਦੇ ਦੂਜੇ ਦਿਨ ਦੌਰਾਨ ਦਿੱਤਾ ਸੀ। ਇਹ ਕਤਲੇਆਮ 27 ਫਰਵਰੀ 2002 ਨੂੰ ਗੋਧਰਾ ਰੇਲਵੇ ਸ਼ਟੇਸ਼ਨ ਤੇ ਸਾਬਰਮਤੀ ਐਕਸਪ੍ਰੈਸ ਗੱਡੀ ਵਿਚ ਸਫਰ ਕਰ ਰਹੇ 58 ਯਾਤਰੀਆਂ ਦੇ ਸੜ ਕੇ ਮਰ ਜਾਣ ਤੇ ਭੜਕਿਆ ਸੀ।**

**ਜੋਤੀ ਪੁਨਵਾਨੀ**

(ਲੇਖਿਕਾ ਮੁੰਬਈ ਦੀ ਉੱਘੀ ਪੱਤਰਕਾਰ ਹੈ।)



ਬੁਲੰਦਸ਼ਹਿਰ ਵਿਖੇ ਹੋਈ ਭੰਨਤੋੜ ਤੋਂ ਬਾਅਦ ਦਾ ਇਕ ਦ੍ਰਿਸ਼

3 ਦਸੰਬਰ 2018 ਨੂੰ ਬੁਲੰਦ ਸ਼ਹਿਰ ਵਿਚ ਗਾਵਾਂ ਨੂੰ ਮਾਰਨ ਦਾ ਵਿਰੋਧ ਕਰ ਰਹੀ ਭੀੜ ਵੱਲੋਂ ਕਤਲ ਕੀਤੇ ਗਏ ਇਕ ਪੁਲਿਸ ਅਫਸਰ ਸਬੋਧ ਕੁਮਾਰ ਸਿੰਘ ਦਾ ਪਰਿਵਾਰ, ਗਊ ਹੱਤਿਆ ਦੇ ਸ਼ੱਕੀ ਤਿੰਨ ਮੁਸਲਿਮ ਦੋਸ਼ੀਆਂ ਤੇ ਐਨਐਸਏ. (ਰਾਸ਼ਟਰੀ ਸੁਰੱਖਿਆ ਕਾਨੂੰਨ) ਲਾਉਣ ਬਾਰੇ ਪੜ ਕੇ ਕੀ ਸੋਚਦਾ ਹੋਵੇਗਾ ? ਇਸ ਬਾਰੇ ਸੋਚ ਕੇ ਆਮ ਆਦਮੀ ਹੈਰਾਨ (ਪਰੇਸ਼ਾਨ) ਹੋ ਜਾਂਦਾ ਹੈ। ਜਦ ਕਿ ਦੂਜੇ ਪਾਸੇ ਅਫਸਰ ਸੁਬੋਧ ਕੁਮਾਰ ਸਿੰਘ ਦੇ ਕਾਤਲਾਂ ਦੀ ਗਿਰਫਤਾਰੀ ਦੀ ਕਾਰਵਾਈ ਕੀੜੀ ਦੀ ਚਾਲ ਚੱਲ ਰਹੀ ਹੈ। ਇਹਨਾਂ ਦੋਸ਼ੀਆ ਵਿਚੋਂ ਦੋ ਨੇ ਇਸ ਘਟਨਾ ਤੋਂ ਤੁਰੰਤ ਬਾਅਦ ਆਪਣੀਆਂ ਵੀਡੀਓਜ਼ ਸੋਸ਼ਲ ਮੀਡੀਆ ਉਤੇ ਪਾ ਦਿੱਤੀਆਂ ਸਨ, ਪਰ ਫਿਰ ਵੀ ਪੁਲਿਸ ਕਈ ਹਫਤਿਆਂ ਤੱਕ ਉਹਨਾਂ ਤਕ ਪਹੁੰਚ ਨਾ ਸਕਣ ਦੇ ਦਾਅਵੇ ਕਰਦੀ ਰਹੀ।

ਬੁਲੰਦ ਸ਼ਹਿਰ ਦੇ ਜਿਲਾ ਮੈਜਿਸਟਰੇਟ ਅਨੁਜ ਝਾਅ ਵੱਲੋਂ ਗਾਵਾਂ ਨੂੰ ਮਾਰਨ ਦੇ ਦੋਸ਼ੀਆਂ ਉਤੇ ਐਨਐਸਏ ਲਾਉਣ ਲਈ ਘੜੀ ਗਈ ਕਹਾਣੀ ਕੋਈ ਨਵੀਂ ਨਹੀਂ ਹੈ। ਜੱਜ ਝਾਅ ਮੁਤਾਬਿਕ ਇਹਨਾਂ ਵੱਲੋਂ ਕੀਤੇ ਜੁਰਮ (ਕਥਿਤ ਗਊ ਹੱਤਿਆ) ਕਾਰਨ ਹੀ 3 ਦਸੰਬਰ 2018 ਨੂੰ ਹਿੰਸਾ ਭੜਕੀ ਸੀ।

ਇਹ ਵਰਤਾਰਾ ਰਾਜ ਦੇ ਮੁਖੀਆਂ ਵੱਲੋਂ ਦਿੱਤੇ ਗਏ ਦੋ ਬਿਆਨਾਂ, ਜਿਹੜੇ ਕਦੇ ਨਹੀਂ ਭੁਲਾਏ ਜਾ ਸਕਦੇ, ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਪਹਿਲਾ : ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ। ਦੂਜਾ : ਕਿਰਿਆ - ਪ੍ਰਤੀਕਿਰਆ ਵਾਲੀ ਕੜੀ ਚੱਲ ਰਹੀ ਹੈ।

ਪਹਿਲਾ ਬਿਆਨ ਰਾਜੀਵ ਗਾਂਧੀ ਨੇ 31 ਅਕਤੂਬਰ 1984 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਤਿੰਨ ਦਿਨਾਂ ਦੌਰਾਨ ਤਿੰਨ ਹਜ਼ਾਰ ਸਿੱਖਾਂ ਦੇ ਮਾਰੇ ਜਾਣ ਉਤੇ ਦਿੱਤਾ ਸੀ। ਇਹ ਬਿਆਨ ਉਸ ਨੇ ਤਿੰਨ ਹਫਤਿਆਂ ਬਾਅਦ ਦਿੱਤਾ ਸੀ।

ਦੂਜਾ ਬਿਆਨ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਮੁਸਲਮਾਨਾਂ ਦੇ ਕਤਲੇਆਮ ਦੇ ਦੂਜੇ ਦਿਨ ਦੌਰਾਨ ਦਿੱਤਾ ਸੀ। ਇਹ ਕਤਲੇਆਮ 27 ਫਰਵਰੀ 2002 ਨੂੰ ਗੋਧਰਾ ਰੇਲਵੇ ਸ਼ਟੇਸ਼ਨ ਤੇ ਸਾਬਰਮਤੀ ਐਕਸਪ੍ਰੈਸ ਗੱਡੀ ਵਿਚ ਸਫਰ ਕਰ ਰਹੇ 58 ਯਾਤਰੀਆਂ ਦੇ ਸੜ ਕੇ ਮਰ ਜਾਣ ਤੇ ਭੜਕਿਆ ਸੀ।

ਇਹਨਾਂ ਦੋ ਘਟਨਾਵਾਂ ਲਈ ਅਦਾਲਤੀ ਕਾਰਵਾਈ ਵੀ ਇਹਨਾਂ ਆਗੂਆਂ ਦੇ ਬਿਆਨਾਂ ਅਨੁਸਾਰ ਹੀ ਚੱਲੀ। ਇੰਦਰਾ ਗਾਂਧੀ ਨੂੰ ਮਾਰਨ ਵਾਲਿਆਂ ਨੂੰ ਤਾਂ ਸੰਨ 1989 ਵਿੱਚ ਫਾਂਸੀ ਦੇ ਦਿੱਤੀ ਗਈ ਪਰ ਸਿੱਖਾਂ ਦੇ ਕਾਤਲਾਂ ਨੂੰ ਪਹਿਲੀ ਸ਼ਜਾ ਸੰਨ 1996 ਵਿਚ ਹੋਈ। ਇੱਕ ਪ੍ਰਸਿੱਧ ਦੋਸ਼ੀ (ਭੀੜ ਨੂੰ ਭੜਕਾਉਣ ਵਾਲਾ) ਕੁਝ ਦਿਨਾਂ ਲਈ ਜੇਲ ਗਿਆ। ਕੇਵਲ ਦੋ ਬੰਦਿਆਂ ਵੱਲੋਂ ਕੀਤੀ ਕਾਰਵਾਈ ਬਦਲੇ ਵਿਚ ਸਾਰੇ ਸਿੱਖਾਂ ਤੋਂ ਬਦਲਾ ਲੈਣ ਵਾਲਿਆਂ ਨੂੰ ਕੋਈ ਸ਼ਜਾ ਨਹੀਂ ਹੋਈ।

ਗੁਜਰਾਤ ਵਿਚ ਵੀ ਇਹੀ ਵਾਪਰਿਆ । ਐਸ-6 ਡੱਬੇ ਨੂੰ ਅੱਗ ਲਾਉਣ ਵਾਲਿਆਂ ਉਤੇ ਪੋਟਾ ਵਰਗਾ ਕਾਲਾ ਕਾਨੂੰਨ ਲਾਗੂ ਕੀਤਾ ਗਿਆ। ਇਹ ਉਦੋਂ ਤਕ ਲਾਗੂ ਰਿਹਾ ਜਦੋਂ ਤਕ 2008 ਵਿਚ ਸੁਪਰੀਮ ਕੋਰਟ ਨੇ ਇਸ ਨੂੰ ਖਤਮ ਨਹੀਂ ਕੀਤਾ। ਦੂਜੇ ਪਾਸੇ ਨਿਰਦੋਸ਼ੇ ਮੁਸਲਮਾਨਾਂ ਨੂੰ ਮਾਰਨ ਵਾਲਿਆਂ ਤੇ ਆਮ ਜਿਹੇ ਕਾਨੂੰਨ ਲਾਗੂ ਕੀਤੇ। ਇਹਨਾਂ ਵਿੱਚੋਂ ਵੀ ਬਹੁਤੇ ਛੁੱਟ ਜਾਣੇ ਸਨ ਜੇ ਦੋ ਸਾਲ ਬਾਅਦ ਸੁਪਰੀਮ ਕੋਰਟ ਇਸ ਮਾਮਲੇ ਵਿਚ ਦਖਲ ਨਾ ਦਿੰਦੀ।

ਇਹ ਵੀ ਅਜੀਬ ਹੈ ਕਿ ਦੋ ਵੱਡੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਦਿੱਲੀ ਅਤੇ ਗੁਜਰਾਤ ਦੰਗਿਆਂ ਬਾਰੇ ਘੜਿਆ ਧਰਤੀ ਹਿੱਲਣ ਵਾਲਾ ਸਿਧਾਂਤ ਕਿਤੇ ਹੋਰ ਨਹੀਂ ਲਾਗੂ ਕੀਤਾ ਗਿਆ।

6 ਦਸੰਬਰ 1992 ਨੂੰ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਹੋਈ ਹਿੰਸਾ ਵਿਚ ਪੂਰੇ ਭਾਰਤ ਵਿਚ ਸਤਾਰਾਂ ਸੌ ਲੋਕ ਮਾਰੇ ਗਏ। ਇਸ ਧਾਰਮਕ ਸਥਾਨ ਦੇ ਢਾਹੇ ਜਾਣ ਦੀ ਘਟਨਾ, ਜਿਸ ਨੇ ਸਾਨੂੰ ਸਭ ਨੂੰ ਸ਼ਰਮਸ਼ਾਰ ਕੀਤਾ ਹੈ, ਦੇ ਨਤੀਜੇ ਅਜੇ ਵੀ ਨਿਕਲ ਰਹੇ ਹਨ ।

ਇਹਨਾਂ ਸਤਾਰਾਂ ਸੌ ਵਿਚੋਂ ਨੌਂ ਸੌ ਲੋਕ ਦਸੰਬਰ 1992 ਅਤੇ ਜਨਵਰੀ 1993 ਵਿਚ ਮੁੰਬਈ ਵਿਚ ਮਾਰੇ ਗਏ। ਦੇਸ਼ ਦੀ ਵਿੱਤੀ ਰਾਜਧਾਨੀ ਵਿਚ ਹੋਏ ਫਸਾਦਾਂ ਦਾ ਜਵਾਬੀ ਅਸਰ ਸਾਰੇ ਦੇਸ਼ ਉੱਤੇ ਪਿਆ। ਇਸ ਹਿੰਸਾ ਕਾਰਨ ਦੇਸ਼ ਵਿਚ ਪਹਿਲੀ ਦਹਿਸ਼ਤੀ ਕਾਰਵਾਈ ਹੋਈ ਜਿਸ ਵਿਚ 257 ਲੋਕ ਮਾਰੇ ਗਏ। ਦਾਊਦ ਇਬਰਾਹੀਮ ਵੱਲੋਂ ਤਿਆਰ ਕੀਤੀ ਯੋਜਨਾ ਤਹਿਤ ਕੁਝ ਕੁ ਮੁਸਲਮਾਨਾਂ ਵੱਲੋਂ 12 ਮਾਰਚ 1993 ਵਿਚ ਬੰਬਈ ਵਿੱਚ ਬੰਬ ਧਮਾਕੇ ਕੀਤੇ ਗਏ ।



ਬਾਬਰੀ ਮਸਜਿਦ ਨੂੰ ਢਾਹੁਣ ਵਾਲੇ ਜਾਂ ਉਸ ਤੋਂ ਬਾਅਦ ਮੁੰਬਈ ਹਿੰਸਾ ਵਾਲੇ ਦੋਸ਼ੀ ਫੜਨੇ ਔਖੇ ਨਹੀਂ ਸਨ। ਮਸਜਿਦ ਹਜ਼ਾਰਾਂ ਸੁਰੱਖਿਆ ਜਵਾਨਾਂ ਦੀਆਂ ਅੱਖਾਂ ਸਾਹਮਣੇ ਢਾਹੀ ਗਈ। ਬੰਬਈ ਵਿਚ ਸ਼ਿਵ ਸੈਨਾ ਆਗੂ ਬਾਲ ਠਾਕਰੇ ਨੇ ਸ਼ਰੇਆਮ ਆਪਣੇ ਅਖਬਾਰ 'ਸਾਮਣਾ' ਰਾਹੀਂ ਮੁਸਲਿਮ ਵਿਰੋਧੀ ਹਿੰਸਾ ਨੂੰ ਭੜਕਾਇਆ ਅਤੇ ਪ੍ਰੰਸਸਾ ਕੀਤੀ। ਲੋਟੂ ਭੀੜ ਨੇ ਆਪਣੀ ਸਿਆਸੀ ਸਰਪ੍ਰਸਤੀ ਨੂੰ ਛੁਪਾਉਣ ਦੀ ਕੋਈ ਲੋੜ ਨਹੀਂ ਸਮਝੀ ।ਪਰ ਸ਼ਜਾ ਦੀ ਗੱਲ ਤਾਂ ਛੱਡੋ ਬਾਬਰੀ ਮਸਜਿਦ ਨੂੰ ਢਾਹੁਣ ਵਾਲੇ ਦੋਸ਼ੀਆਂ ਵਿਚੋਂ ਇਕ ਉਪ-ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਇਆ ਤੇ ਦੇਸ਼ ਦਾ ਗ੍ਰਹਿ ਮੰਤਰੀ ਬਣਿਆ ਅਤੇ ਉਸ ਦਾ ਇਕ ਹੋਰ ਸਾਥੀ ਕੇਂਦਰੀ ਵਜ਼ਾਰਤ ਦਾ ਹਿੱਸਾ ਬਣਿਆ। ਮੁੰਬਈ ਵਿਚ ਹਿੰਸਾ ਦੇ 60% ਮੁਕੱਦਮੇ ਪੁਲਿਸ ਨੇ ਬੰਦ ਕਰ ਦਿੱਤੇ। ਇਸ ਤੋਂ ਉਲਟ ਬੰਬ ਧਮਾਕੇ ਕਰਨ ਵਾਲਿਆਂ ਉਤੇ ਟਾਡਾ ਲਾਇਆ ਗਿਆ। ਇਹਨਾਂ ਵਿੱਚੋਂ ਸੌ ਨੂੰ ਫਾਂਸੀ ਜਾਂ ਉਮਰ ਕੈਦ ਹੋਈ ਭਾਵੇਂ ਕਿ ਇਸ ਨੂੰ 13 ਸਾਲ ਲੱਗੇ। ਬੰਬਈ ਫਸਾਦਾਂ ਦੇ ਮਾਮਲਿਆਂ ਵਿਚ ਦੋਸ਼ੀ ਕਿੰਨੇ ਪਾਏ ਗਏ - ਸਿਰਫ ਚਾਰ। ਇਹਨਾਂ ਵਿੱਚੋਂ 2 ਆਪਣੀ ਜ਼ਮਾਨਤ ਦੌਰਾਨ ਮਰ ਗਏ ਅਤੇ ਦੋ ਦੀ ਅਪੀਲ ਅਜੇ ਲਟਕੀ ਹੋਈ ਹੈ ।

ਇਸ ਤਰਾਂ ਤਬਾਹਕੁੰਨ ਹਿੰਸਾ ਦੀਆਂ ਕਿਹੜੀਆਂ ਹਾਲਤਾਂ ਵਿਚ ਕਿਰਿਆ-ਪ੍ਰਤੀਕਿਰਆ ਵਾਲਾ ਸਿਧਾਂਤ ਲਾਗੂ ਹੁੰਦਾ ਹੈ। ਜੇ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਜੇ ਮੁਜਰਿਮ, ਭਾਵੇਂ ਉਹ ਹਮਲਾਵਰ ਹੋਣ ਜਾਂ ਜਵਾਬੀ ਹਮਲਾਵਰ, ਘੱਟ ਗਿਣਤੀ ਨਾਲ ਸਬੰਧਿਤ ਹਨ ਤਾਂ ਅਦਾਲਤੀ ਕਾਰਵਾਈ ਬੜੀ ਤੇਜ਼ ਅਤੇ ਭਿਆਨਕ ਹੁੰਦੀ ਹੈ। ਪਰ ਜੇ ਉਹ ਸੰਗਠਿਤ ਹਿੰਦੂ ਗੁੱਟਾਂ ਨਾਲ ਸੰਬੰਧਿਤ ਹੋਣ ਤਾਂ ਕਾਨੂੰਨ ਦੇ ਲੰਮੇ ਹੱਥ ਹਿਲਣੋਂ ਰਹਿ ਜਾਂਦੇ ਹਨ। ਇਹ ਦੋਹਰੇ ਮਾਪਦੰਡ ਵਿਰਲਿਆਂ ਵਿਚੋਂ ਵਿਰਲੇ ਹਾਲਾਤ ਵਿਚ ਵੀ ਲਾਗੂ ਹੁੰਦੇ ਹਨ, ਜਿੱਥੇ ਇੱਕ ਹਿੰਦੂ ਪੁਲਿਸ ਅਫਸਰ ਬਲੀ ਦਾ ਬੱਕਰਾ ਬਣਿਆ। ਇਹ ਸਾਡੇ ਮੁਲਕ ਦੀ ਧਰਮ ਨਿਰਪੱਖਤਾ ਦੀ ਅਸਲੀ ਤਸਵੀਰ ਦਿਖਾਉਂਦਾ ਹੈ।

# ਭਾਰਤੀ ਸੰਵਿਧਾਨ : ਸਿੱਖਾਂ ਨਾਲ ਕੀਤੇ ਧੋਖੇ ਦਾ ਦਸਤਾਵੇਜ਼

**ਨਿਸ਼ਾਨ ਸਿੰਘ ਮੂਸੇ**

ਭਾਰਤ ਵਿਚ ਛੱਬੀ ਜਨਵਰੀ ਨੂੰ ਦੇਸ਼ ਵਿਚ ਰਹਿਣ ਵਾਲੀਆਂ ਸਾਰੀਆਂ ਕੌਮਾਂ ਵਿਚ ਨਿਆਂ ਅਤੇ ਸਮਾਨਤਾ ਦੀ ਵਿਚਾਰਧਾਰਾ ਮੁਤਾਬਕ ਗਣਤੰਤਰ ਦਿਵਸ ਵੱਜੋਂ ਮਨਾਇਆ ਜਾਂਦਾ ਹੈ। ਇਸ ਦਿਨ ਭਾਰਤੀ ਲੋਕਤੰਤਰ ਦੇ ਬਾਸ਼ਿੰਦੇ ਲੋਕਾਂ ਦਾ ਇਕੱਠ ਕਰ ਕੇ ਭਾਰਤ ਨੂੰ ਅਜ਼ਾਦ ਕਰਵਾਉਣ ਵਾਲੇ ਪ੍ਰਵਾਨਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰ, ਆਮ ਲੋਕਾਂ ਨੂੰ ਲੋਕਤੰਤਰ ਦੇ ਮੁਦੱਈ ਬਣਾਉਣ ਅਤੇ ਉਹਨਾਂ ਅੰਦਰ ਰਾਸ਼ਟਰੀ ਚਿਣਗ ਨੂੰ ਜਗਾਉਣ ਅਤੇ ਰਾਸ਼ਟਰਵਾਦ ਲਈ ਕੁਰਬਾਨ ਹੋਣ ਦੇ ਸੰਕਲਪ ਹੇਠ ਹਿੰਦੂ ਰਾਸ਼ਟਰਵਾਦ ਨੂੰ ਸੰਪੂਰਨ ਰੂਪ ਦੇਣ ਵਾਸਤੇ ਕਈ ਤਰ੍ਹਾਂ ਦੇ ਪ੍ਰਾਪੇਗੰਡੇ ਤਹਿਤ ਸਮਾਗਮ ਕੀਤੇ ਜਾਂਦੇ ਹਨ। ਇਹਨਾਂ ਸਰਕਾਰੀ ਸਮਾਗਮਾਂ ਦਾ ਮੁੱਖ ਉਦੇਸ਼ ਭਾਰਤ ਦੇ ਸੰਵਿਧਾਨ ਵਿਚ ਵਿਅਕਤੀਗਤ ਸੁਤੰਤਰਤਾ ਨੂੰ ਯਕੀਨੀ ਬਣਾਉਣ, ਹਰ ਇਕ ਨੂੰ ਬਰਾਬਰ ਦੀ ਅਜ਼ਾਦੀ, ਬਰਾਬਰ ਦਾ ਇਨਸਾਫ ਦੇਣ ਦਾ ਵੱਡਾ ਡਰਾਮਾ ਵੀ ਰਚਿਆ ਜਾਂਦਾ ਹੈ। ਛੱਬੀ ਜਨਵਰੀ, ਜਿਸ ਦਿਨ ਭਾਰਤ ਆਪਣਾ 'ਰੀਪਬਲਿਕ ਡੇ' ਮਨਾਉਂਦਾ ਹੈ, ਉਸ ਦਿਨ ਨੂੰ ਸਿੱਖ ਕੌਮ ਵਿਸਾਹਘਾਤ ਵੱਜੋਂ ਯਾਦ ਕਰਦੀ ਹੈ। ਭਾਰਤ ਦੀ ਅਜ਼ਾਦੀ ਤੋਂ ਲੈ ਕੇ ਹੁਣ ਤਕ ਭਾਰਤ ਵਿਚ ਸਿੱਖ ਕੌਮ ਨਾਲ ਧਰਮੀ, ਰਾਜਸੀ, ਕਾਨੂੰਨੀ, ਵਿਤਕਰਾ ਬਾ-ਦਸਤੂਰ ਜਾਰੀ ਹੈ। ਭਾਰਤ ਨੂੰ ਅਜ਼ਾਦ ਕਰਾਉਣ ਵਾਸਤੇ ਸਿੱਖ ਕੌਮ ਨੇ ਆਪਣੇ ਪਸੀਨੇ ਦੀ ਥਾਂ 'ਤੇ ਵੀ ਆਪਣਾ ਲਹੂ ਡੋਲ੍ਹਿਆਂ, ਦੇਸ਼ ਦੀ ਅਜ਼ਾਦੀ ਵਾਸਤੇ ਸਿੱਖ ਕੌਮ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਤਕੜੇ ਅੰਦੋਲਨ ਕੀਤੇ। ਭਾਰਤ ਦੇਸ਼ ਵਿਚੋਂ ਸਾਰੇ ਧਰਮਾਂ ਤੋਂ ਵੱਧ ਨੱਬੇ ਪ੍ਰਤੀ- ਸ਼ਤ ਕੁਰਬਾਨੀਆਂ ਸਿੱਖ ਕੌਮ ਨੇ ਕੀਤੀਆਂ, ਫਿਰ ਕਿਤੇ ਭਾਰਤ ਦੀ ਅਜ਼ਾਦੀ ਦਾ ਰਾਹ ਪੱਧਰਾ ਹੋਇਆ। ਉਸ ਵੇਲੇ ਦੇ ਕਾਂਗਰਸੀ ਲੀਡਰਾਂ ਨੇ ਸਿੱਖ ਕੌਮ ਨਾਲ ਪੈਰ-ਪੈਰ ਉਤੇ ਇਕਰਾਰ ਕੀਤੇ ਸਨ। ਜਿਵੇਂ ਭਾਰਤ ਦੇਸ਼ ਅਜ਼ਾਦ ਹੋਣ ਤੋਂ ਬਾਅਦ ਸਿੱਖ ਕੌਮ ਦਾ ਇੱਕ ਆਪਣਾ ਖਿੱਤਾ ਹੋਵੇਗਾ, ਜਿਸ ਵਿਚ ਸਿੱਖ ਕੌਮ ਆਪਣੇ ਧਰਮ ਦੇ ਵਿਧੀ ਵਿਧਾਨ ਰਾਹੀਂ ਪੂਰਨ ਅਜ਼ਾਦੀ ਦਾ ਨਿੱਘ ਮਾਣ ਸਕੇਗੀ, ਜਿਸ ਵਿਚ ਸਿੱਖ ਕੌਮ




ਪੂਰੀ ਤਰ੍ਹਾਂ ਸੁਤੰਤਰ ਹੋਵੇਗੀ। ਇਸ ਤਰ੍ਹਾਂ ਦੇ ਹੋਰ ਵੀ ਕਈ ਵਾਅਦੇ ਸਿੱਖਾਂ ਨਾਲ ਕੀਤੇ ਪਰ ਸੰਨ ੧੯੪੭ ਦੀ ਅਜ਼ਾਦੀ ਤੋਂ ਬਾਅਦ ਇਹ ਵਾਅਦੇ ਅੱਜ ਤਕ ਵਫਾ ਨਹੀਂ ਹੋਏ। ਸੰਨ ੧੯੪੭ ਦੀ ਅਜ਼ਾਦੀ ਤੋਂ ਬਾਅਦ ਸਿੱਖ ਇਕ ਗੁਲਾਮੀ ਵਿਚੋਂ ਨਿਕਲ ਦੂਜੀ ਗੁਲਾਮੀ ਵੱਲ ਧੱਕੇ ਗਏ ਜਾਂ ਇਹ ਕਹਿ ਲਓ ਕਿ ਸਿੱਖਾਂ ਨੇ ਇੱਕ ਗੁਲਾਮੀ ਵਿਚੋਂ ਨਿਕਲ ਕੇ ਆਪਣੇ ਆਪ ਭਾਰਤ ਦੇ ਗੁਲਾਮੀ ਦੇ ਜੂਲੇ ਵਿਚ ਆਪਣਾ ਸਿਰ ਫਸਾ ਲਿਆ। ਸੁਤੰਤਰਤਾ ਦੀ ਗੱਲ ਤਾਂ ਇੱਕ ਬੰਨੇ ਰਹੀ ਸਿੱਖ ਕੌਮ ਨਾਲ ਵਿਤਕਰਾ ਉਸ ਵੇਲੇ ਹੀ ਆਰੰਭ ਹੋ ਗਿਆ ਜਦੋਂ ਦੂਜੀਆਂ ਕੌਮਾਂ ਨੂੰ ਬੋਲੀ ਦੇ ਅਧਾਰ ਉਤੇ ਵੱਖਰੇ ਸੂਬੇ ਦੇ ਦਿੱਤੇ ਗਏ ਅਤੇ ਸਿੱਖ ਕੌਮ ਨੂੰ ਵੱਖਰਾ ਸੂਬਾ ਦਿੱਤਾ ਹੀ ਨਹੀਂ ਗਿਆ। ਉਸ ਵੇਲੇ ਸਿੱਖ ਲੀਡਰਾਂ ਨੂੰ ਗੁਲਾਮੀ ਦਾ ਅਹਿਸਾਸ ਹੋਇਆ ਜਦੋਂ ਆਪਣੇ ਹੀ ਦਗਾ ਕਮਾ ਗਏ। ਫਿਰ ਮੁਸਲਮਾਨ ਕੌਮ ਲਈ ਵੱਖਰਾ ਖਿੱਤਾ ਪਾਕਿਸਤਾਨ ਬਣਾ ਕੇ ਦੇਣ ਵਾਲੇ ਮੁਹੰਮਦ ਅਲੀ ਜਿਨਾਹ ਦੇ ਬੋਲ ਯਾਦ ਆਏ, ਜਿਸ ਨੇ ਉਸ ਵੇਲੇ ਦੇ ਸਿੱਖ ਲੀਡਰਾਂ ਨੂੰ ਹਲੂਣਿਆ ਸੀ ਕਿ ਜਿਸ ਕੌਮ ਉਤੇ ਤੁਸੀਂ ਵਿਸ਼ਵਾਸ ਕਰ ਰਹੇ ਹੋ, ਉਸ ਕੌਮ ਨੂੰ ਤੁਸੀਂ ਅੱਜ 'ਕ ਸਿਰਫ ਤੱਕੜੀ ਤੋਲਦੇ ਵੇਖਿਆ ਹੈ, ਜਦੋਂ ਇਹ ਰਾਜ ਭਾਗ ਦੇ ਮਾਲਕ ਬਣੇ ਫਿਰ ਵੇਖਿਉ ਤੁਹਾਡੇ ਨਾਲ ਕੀ ਤੋਂ ਕੀ ਹਸ਼ਰ ਕਰਦੇ ਹਨ। ਉਹ ਬੋਲ ਅੱਜ ਵੀ ਸਿੱਖ ਕੌਮ ਨੂੰ ਅੰਦਰੋਂ-ਅੰਦਰੀਂ ਖਾ ਰਹੇ ਹਨ। ੨੬ ਜਨਵਰੀ ੧੯੫੦ ਨੂੰ ਭਾਰਤ ਦੇ ਬਹੁ ਗਿਣਤੀ ਧਰਮਾਂ ਫਿਰਕਿਆਂ ਉੱਤੇ ਇੱਕੋ ਸੰਵਿਧਾਨ ਠੋਕਿਆ ਗਿਆ। ਸੰਵਿਧਾਨ ਅੰਦਰ ਅਜਿਹੀਆਂ ਧਰਾਵਾਂ ਜੜ੍ਹ ਦਿੱਤੀਆਂ ਗਈਆਂ ਜਿਹੜੀਆਂ ਸਿੱਖ ਧਰਮ ਦੀ ਹੋਂਦ ਤੋਂ ਹੀ ਮੁਨਕਰ ਸਨ। ਜਿਵੇਂ ਸੰਵਿਧਾਨ ਦੀ ਧਾਰਾ ੨੫ ਸਿੱਖ ਕੌਮ ਨੂੰ ਹਿੰਦੂ ਸਾਬਤ ਕਰਦੀ ਹੈ ਅਤੇ ਸਿੱਖ ਕੌਮ ਨੂੰ ਇੱਕ ਵੱਖਰੀ ਕੌਮ ਵੱਜੋਂ ਮਾਨਤਾ ਨਹੀਂ ਦਿੰਦੀ। ਇਸ ਸੰਵਿਧਾਨ ਦੀ ਧਾਰਾ ੨੯ ਸਭ ਸਿਆਸੀ ਪਾਰਟੀਆਂ ਨੂੰ ਧਰਮ ਨਿਰਪੱਖ ਹੋਣ ਦੀ ਸ਼ਰਤ ਲਾਉਂਦੀ ਹੈ, ਜਦਕਿ ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਦਾ ਗੂੜ੍ਹਾ ਸਬੰਧ ਹੈ ਤੇ ਇਹ ਨਾਲੋਂ-ਨਾਲ ਚੱਲਦੇ ਹਨ। ਇਹ ਧਰਾਵਾਂ ਦੀਰਘ ਰੂਪ ਵਿਚ ਸਿੱਖ ਕੌਮ ਦੀਆਂ ਕੱਟੜ ਵਿਰੋਧੀ ਹਨ, ਕਿਉਂਕਿ ਗੁਰੂ ਪਾਤਿਸ਼ਾਹ ਵੱਲੋਂ ਚਲਾਏ ਨਿਰਮਲ ਪੰਥ ਦੀ ਹੋਂਦ ਮੰਨਣ ਤੋਂ ਮੁਨਕਰ ਹਨ ; ਜਿਵੇਂ "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ। ਹਮ ਰਾਖਤ ਪਾਤਸ਼ਾਹੀ ਦਾਅਵਾ, ਸੁਤੰਤਰ ਸਿੱਖ ਰਾਜ, ਬੇਗਮਪੁਰਾ, ਮੀਰੀ-ਪੀਰੀ ਦੇ ਸਿਧਾਂਤ", ਆਦਿ ਦੇ ਮੂਲ ਰੂਪ ਨੂੰ ਮੰਨਣ ਤੋਂ ਇਨਕਾਰੀ ਹਨ। ਫਿਰ ਸਿੱਖ ਕੌਮ ਆਪਣੇ ਗੁਰੂਆਂ ਵਲੋਂ ਦਿੱਤੇ ਸੰਵਿਧਾਨ ਨੂੰ ਛੱਡ ਕੇ ਇਸ ਸੰਵਿਧਾਨ ਨੂੰ ਕਿਵੇਂ ਮੰਨ ਲਏ, ਇਹ ਸਵਾਲ ਹੀ ਪੈਦਾ ਨਹੀਂ ਹੁੰਦਾ। ਅੱਜ ਸਿੱਖ ਕੌਮ ਦੀ ਹੋਂਦ ਨੂੰ ਖਤਰਾ ਹੈ, ਧਰਮ ਨੂੰ ਖਤਰਾ ਹੈ, ਦਸਤਾਰ ਨੂੰ ਖਤਰਾ ਹੈ, ਸਿਧਾਂਤ ਨੂੰ ਖਤਰਾ ਹੈ, ਏਥੋਂ ਤਕ ਕਿ ਸਿੱਖ ਗੁਰੂਆਂ ਦੀ ਸਿਰਜੀ ਗੁਰਬਾਣੀ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਖਤਰਾ ਹੈ। ਅੱਜ ਸਿੱਖ ਕੌਮ ਇਹ ਸੋਚਦੀ ਹੈ ਕਿ ਜੇਕਰ ਮੁਹੰਮਦ ਅਲੀ ਜਿਨਾਹ ਦੇ ਬੋਲਾਂ ਨੂੰ ਮੰਨਿਆ ਹੁੰਦਾ ਤਾਂ ਇਸ ਦੀ ਇਹ ਦਿਸ਼ਾ ਅਤੇ ਦਸ਼ਾ ਨਾ ਹੁੰਦੀ। ਸੰਨ ੧੯੫੦ ਵਿਚ ਲਾਗੂ ਕੀਤੇ ਸੰਵਿਧਾਨ ਉੱਤੇ ਭਾਵੇਂ ਸਿੱਖ ਲੀਡਰਾਂ ਨੇ ਦਸਤਖਤ ਨਹੀਂ ਕੀਤੇ ਪਰ ਫਿਰ ਵੀ ਸਿੱਖਾਂ ਉਤੇ ਇਹ ਸੰਵਿਧਾਨ ਥੋਪਿਆ ਗਿਆ। ਸਿੱਖ ਲੀਡਰ ਸਿਰਦਾਰ ਕਪੂਰ ਸਿੰਘ ਜੀ ਦੀ ਕਵਿਤਾ ਦੇ ਬੋਲ ਅੱਜ ਵੀ ਧੁਰ ਅੰਦਰ ਤੱਕ ਧੂਹ ਪਾਉਂਦੇ ਹਨ ਅਤੇ ਸੰਸਾਰ ਭਰ ਤੋਂ ਭਾਰਤੀ ਸੁਤੰਤਰਤਾ ਦਿਵਸ ਵਿਚ ਸ਼ਾਮਲ ਹੋਣ ਵਾਲੇ ਸਿੱਖਾਂ ਤੋਂ ਜਵਾਬ ਤਲਬੀ ਕਰਦੇ ਹਨ, ਕਿ "ਛੱਬੀ ਜਨਵਰੀ ਦੇ ਜਸ਼ਨਾਂ ਵਿਚ ਹਿੱਸਾ ਲੈਣ ਵਾਲੇ ਹਮ- ਮਜ਼੍ਹਬੋ, ਮੇਰੀਆਂ ਗੱਲਾਂ 'ਤੇ ਜਰਾ ਗੌਰ ਕਰਿਉ,, ਹਿੱਸਾ ਲੈਣ ਤੋਂ ਪਹਿਲਾਂ ਆਪਣੀ ਮੌਤ ਦੇ ਵਾਰੰਟਾਂ 'ਤੇ ਦਸਖਤ ਕਰਿਉ।" ਭਾਰਤੀ ਸੰਵਿਧਾਨ ਵਿਚ ਸਿੱਖ ਕੌਮ ਨਾਲ ਧੁਰ ਅੰਦਰ ਤਕ ਧੱਕਾ ਕੀਤਾ ਗਿਆ। ਭਾਰਤੀ ਸੰਵਿਧਾਨ ਅੰਦਰ ਭਾਵੇਂ ਸਾਰੇ ਧਰਮਾਂ, ਸਾਰੀਆਂ ਕੌਮਾਂ ਦੇ ਅਜ਼ਾਦ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਦੀ ਹਾਮੀ ਭਰਨ ਦੀਆਂ ਅਣਗਿਣਤ ਧਰਾਵਾਂ ਸ਼ਾਮਲ ਹਨ ਪਰ ਬਹੁ ਗਿਣਤੀ ਹਿੰਦੂ ਵਰਗ ਦੀ ਰਾਜ-ਦਰਬਾਰੀ ਤਹਿਤ ਇਹ ਸੰਵਿਧਾਨ ਸਿਰਫ ਬਹੁ-ਗਿਣਤੀ ਵਰਗ ਦੀ ਮੁੱਠੀ ਚਾਪੀ ਕਰਨ ਜੋਗਾ ਹੀ ਰੱਖਿਆ ਗਿਆ ਹੈ।

ਪਿਛਲੇ ੬੯ ਸਾਲਾਂ ਵਿਚ ਘੱਟ ਗਿਣਤੀ ਕੌਮਾਂ ਦਾ ਗਲਾ ਘੁੱਟਣ ਅਤੇ ਅਧਿਕਾਰਾਂ ਤੋਂ ਸੱਖਣੇ ਕਰਨ ਲਈ ੧੦੦ ਤੋਂ ਵੱਧ ਸੋਧਾਂ ਕੀਤੀਆਂ ਹਨ, ਜਿਨ੍ਹਾਂ ਤਹਿਤ ਘੱਟ ਗਿਣਤੀ ਦੀ ਕੌਮਾਂ ਨੂੰ ਭਾਰਤ ਅੰਦਰ ਇਸ ਸੰਵਿਧਾਨ ਦੇ ਤਹਿਤ ਪੂਰਨ ਤੌਰ ਉਤੇ ਹੱਕ ਮੰਗਣ ਦੀ ਮਨਾਹੀ ਹੈ। ਬਹੁ ਗਿਣਤੀ ਵਰਗ ਭਾਵੇਂ ਘੱਟ ਗਿਣਤੀ ਕੌਮਾਂ ਨਾਲ ਧੱਕਾ ਕਰੇ, ਮਾਰੇ-ਕੁੱਟੇ ਭਾਵੇਂ ਕਤਲੋਗਾਰਤ ਕਰੇ, ਕੋਈ ਸਜਾ-ਜ਼ਾਫਤਾ ਨਹੀਂ, ਘੱਟ ਗਿਣਤੀ ਕੌਮ ਵਾਸਤੇ ਇਸ ਸੰਵਿਧਾਨ ਤਹਿਤ ਨਿਆਂ ਪ੍ਰਣਾਲੀਆਂ ਝੱਟ ਮੌਤ ਦੀ ਸਜ਼ਾ ਦੇ ਦਿੰਦੀਆਂ ਹਨ। ਸੰਨ ੧੯੪੭ ਤੋਂ ਲੈ ਕੇ ਅੱਜ ਤਕ ਦਾ ਇਤਿਹਾਸ ਗਵਾਹ ਹੈ ਕਿ ਇਸ ਸੰਵਿਧਾਨ ਤੋਂ ਅੱਜ ਤਕ ਨਾ ਤਾਂ ਸਿੱਖ ਕੌਮ ਨੂੰ ਕਦੇ ਇਨਸਾਫ ਮਿਲਿਆ ਹੈ, ਸ਼ਾਇਦ ਨਾ ਕਦੇ ਮਿਲੇਗਾ। ਨਵੰਬਰ ੧੯੮੪ ਵਿਚ ਜੋ ਹਜ਼ਾਰਾਂ ਸਿੱਖ ਮੌਤ ਦੇ ਘਾਟ ਉਤਾਰੇ ਗਏ, ਉਹਨਾਂ ਦੇ ਵਾਰਿਸ ਇਸ ਸੰਵਿਧਾਨ ਤੋਂ ਜਵਾਬ ਮੰਗਦੇ ਹਨ ਕਿ ਤੇਰੀ ਅਜ਼ਾਦੀ ਲਈ ਸਾਡੇ ਵੱਡਿਆਂ ਖੂਨ ਵਹਾਇਆ ਅਤੇ ਤੂੰ ਸਾਡਾ ਹੀ ਖੂਨ ਵਹਾਇਆ। ਇਸ ਸੰਵਿਧਾਨ ਤਹਿਤ ਪਿਛਲੇ ੬੯ ਸਾਲਾਂ ਵਿਚ ਟਾਡਾ ਤੇ ਐਨਐਸਏ ਵਰਗੇ ਅਖੌਤੀ ਕਨੂੰਨਾਂ ਤਹਿਤ ਸਿੱਖ ਨੌਜਵਾਨੀ ਨੂੰ ਜੇਲ੍ਹਾਂ ਵਿਚ ਰੋਲਿਆ ਤੇ ਮਾਰਿਆ ਗਿਆ ਹੈ। ਅੱਜ ਵੀ ਹਜ਼ਾਰਾਂ ਸਿੱਖ ਜੇਲ੍ਹਾਂ ਵਿਚ ਨਜ਼ਰਬੰਦ ਹਨ। ਜਿਸ ਸੰਵਿਧਾਨ ਤਹਿਤ ਹਜ਼ਾਰਾਂ ਬੇਦੋਸ਼ਿਆਂ ਦਾ ਖੂਨ ਡੋਲ੍ਹਿਆ ਗਿਆ ਹੋਵੇ, ਫਿਰ ਉਸ ਦੀ ਪੂਜਾ ਅਰਚਨਾ ਕਰਨੀਂ ਮਹਿਜ਼ ਇਕ ਡਰਾਮਾ ਹੈ। ਸਿੱਖ ਲੀਡਰਾਂ ਅਤੇ ਸਮੁੱਚੀ ਸਿੱਖ ਕੌਮ ਨੂੰ ਆਪਣੀ ਜ਼ਮੀਰ ਦੀ ਅਵਾਜ਼ ਸੁਣਦੇ ਹੋਏ, ਇਸ ਦਿਨ ਦਾ ਪੂਰਨ ਤੌਰ ਉਤੇ ਬਾਈਕਾਟ ਕਰ ਦੇਣਾ ਚਾਹੀਦਾ ਹੈ। ਇਸ ਦਿਨ ਉਤੇ ਹੋਏ ਸਿੱਖ ਕੌਮ ਨਾਲ ਵਿਸਾਹਘਾਤ ਦੀ ਯਾਦ ਹਮੇਸ਼ਾ ਲਈ ਸਿੱਖਾਂ ਦੇ ਹਿਰਦੇ ਵਿਚ ਟਸਕਦੀ ਰਹੇਗੀ।

# ਭਾਰਤ-ਪਾਕਿ ਰਿਸ਼ਤਿਆਂ ਨੂੰ ਠੰਢੇ ਬੁੱਲੇ ਦੀ ਲੋੜ

**ਵਿਵੇਕ ਕਾਟਜੂ**
(ਸਾਬਕਾ ਵਿਦੇਸ਼ ਸਕੱਤਰ, ਭਾਰਤ ਸਰਕਾਰ)

ਭਾਰਤ ਅਤੇ ਪਾਕਿਸਤਾਨ ਵਿਚਕਾਰ ਰਿਸ਼ਤੇ ਇਸ ਸਮੇਂ ਸਾਵੇਂ-ਪੱਧਰੇ ਨਹੀਂ ਹਨ। ਇਨ੍ਹਾਂ ਨੂੰ ਹੁਲਾਰਾ ਦੇਣ ਲਈ ਹਵਾ ਦਾ ਕੋਈ ਠੰਢਾ ਬੁੱਲਾ ਨਹੀਂ ਆ ਰਿਹਾ, ਹਾਲਾਂਕਿ ਪਿੱਛੇ ਜਿਹੇ ਦੁਵੱਲੇ ਰਿਸ਼ਤਿਆਂ ਦੇ ਸਬੰਧ ਵਿਚ ਨਵਜੋਤ ਸਿੱਧੂ ਦੇ ਬਿਆਨਾਂ ਤੋਂ ਬਾਅਦ ਕਰਤਾਰਪੁਰ ਲਾਂਘੇ ਨੇ ਜ਼ਰੂਰ ਹਾਂਪੱਖੀ ਢੰਗ ਨਾਲ 'ਆਸ ਦੀ ਕਿਰਨ' ਜਗਾਈ ਸੀ।

ਇਹ ਨੁਕਤੇ- ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਦੀ ਮੌਜੂਦਾ ਹਾਲਤ, ਜੰਮੂ ਕਸ਼ਮੀਰ ਵਿਚ ਐੱਲਓਸੀ ਤੇ ਆਈਬੀ 'ਤੇ ਬਣੇ ਹੋਏ ਹਾਲਾਤ ਅਤੇ ਕੁਲਭੂਸ਼ਣ ਜਾਧਵ ਕੇਸ ਦੀ ਹੋਣ ਵਾਲੀ ਸੁਣਵਾਈ, ਤਵੱਜੋ ਦਿੱਤੇ ਜਾਣ ਦੀ ਮੰਗ ਕਰਦੇ ਹਨ। ਇਸੇ ਤਰ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਭਾਰਤ ਉਤੇ ਛੱਡੇ ਜਾ ਰਹੇ ਲਫ਼ਜ਼ੀ ਗੋਲੇ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਵੱਲੋਂ ਦਿੱਤੇ ਜਾ ਰਹੇ ਜਵਾਬ ਅਤੇ ਨਾਲ ਹੀ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰਾਲਿਆਂ ਦਰਮਿਆਨ ਪਾਕਿਸਤਾਨ ਦੀ ਸੁਪਰੀਮ ਕੋਰਟ ਵੱਲੋਂ ਗਿਲਗਿਟ-ਬਾਲਟੀਸਤਾਨ ਬਾਰੇ ਜਾਰੀ ਹੁਕਮਾਂ ਅਤੇ ਅਫ਼ਗਾਨਿਸਤਾਨ ਸਬੰਧੀ ਜਾਰੀ ਤਕਰਾਰ ਦੇ ਮਾਮਲੇ ਵੀ ਤਵੱਜੋ ਮੰਗਦੇ ਹਨ।

ਭਾਰਤ ਅਤੇ ਪਾਕਿਸਤਾਨ, ਦੋਵਾਂ ਨੇ ਜ਼ਮੀਨੀ ਤੌਰ 'ਤੇ ਬੁਨਿਆਦੀ ਢਾਂਚੇ ਪੱਖੋਂ ਅਜਿਹੇ ਪ੍ਰਬੰਧ ਕਰਨੇ ਹਨ ਕਿ ਭਾਰਤੀ ਸ਼ਰਧਾਲੂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਯਾਤਰਾ ਕਰ ਸਕਣ। ਪਾਕਿਸਤਾਨ ਦੇ ਇਕ ਅਫ਼ਸਰ ਨੇ ਹਾਲ ਹੀ ਵਿਚ ਇਕ ਭਾਰਤੀ ਅਖ਼ਬਾਰ ਨੂੰ ਦੱਸਿਆ ਕਿ ਉਨ੍ਹਾਂ ਵਾਲੇ ਪਾਸੇ 35 ਫ਼ੀਸਦੀ ਕੰਮ ਕਰ ਲਿਆ ਗਿਆ ਹੈ। ਪਹਿਲਾ ਪੜਾਅ ਆਗਾਮੀ ਸਤੰਬਰ ਮਹੀਨੇ ਤੱਕ ਪੂਰਾ ਹੋ ਜਾਣ ਦੇ ਆਸਾਰ ਹਨ, ਜਿਸ ਦੇ ਨਾਲ ਹੀ ਸ਼ਰਧਾਲੂ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕਰ ਸਕਣਗੇ। ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਪਿੱਛੇ ਜਿਹੇ ਮੀਡੀਆ ਨੂੰ ਭਰੋਸਾ ਦਿੱਤਾ ਸੀ ਕਿ ਕੌਮਾਂਤਰੀ ਸਰਹੱਦ ਤੱਕ ਬਣਨ ਵਾਲੀ ਮੁੱਖ ਸੜਕ ਅਤੇ ਵਿਸ਼ੇਸ਼ ਲਾਂਘੇ ਦੀ ਉਸਾਰੀ ਦਾ ਕੰਮ 'ਮਿਥੇ ਸਮੇਂ ਮੁਤਾਬਕ' ਮੁਕੰਮਲ ਕਰ ਲਿਆ ਜਾਵੇਗਾ। ਇਸ ਗੱਲ ਦੀ ਬਹੁਤੀ ਸੰਭਾਵਨਾ ਨਹੀਂ ਹੈ ਕਿ ਕੋਈ ਵੀ ਸਰਕਾਰ ਦੂਜੀ ਧਿਰ ਨੂੰ ਅਜਿਹਾ ਪ੍ਰਚਾਰ ਕਰਨ ਦਾ ਕੋਈ ਮੌਕਾ ਦੇਵੇਗੀ ਕਿ ਉਸ ਵੱਲੋਂ ਪ੍ਰਬੰਧ ਮੁਕੰਮਲ ਨਹੀਂ ਕੀਤੇ ਗਏ। ਇਸ ਕਾਰਨ ਕੁਝ ਨਾ ਕੁਝ ਬੁਨਿਆਦੀ ਢਾਂਚਾ ਜ਼ਰੂਰ ਬਣ ਜਾਵੇਗਾ।

ਮਾਮਲੇ ਦਾ ਵਧੇਰੇ ਗੁੰਝਲਦਾਰ ਪੱਖ ਸ਼ਰਧਾਲੂਆਂ ਦੇ ਪਾਕਿਸਤਾਨ ਪਾਸੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਜਾਣ-ਆਉਣ ਸਬੰਧੀ ਨਿਯਮਾਂ ਪੱਖੋਂ ਬਾਰੀਕੀਆਂ ਤੈਅ ਕਰਨਾ ਹੋਵੇਗਾ। ਭਾਰਤੀ ਅਧਿਕਾਰੀਆਂ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਇਸ ਧਾਰਮਿਕ ਯਾਤਰਾ ਦੀ ਪਾਕਿਸਤਾਨ ਵੱਲੋਂ ਭਾਰਤ ਦੀ ਸੁਰੱਖਿਆ ਨੂੰ ਢਾਹ ਲਾਉਣ ਜਾਂ ਭਾਰਤੀ-ਵਿਰੋਧੀ ਭਾਵਨਾਵਾਂ ਭੜਕਾਉਣ, ਖ਼ਾਸਕਰ ਖ਼ਾਲਿਸਤਾਨ ਪੱਖੀ ਪ੍ਰਚਾਰ ਦੀ ਖੁੱਲ੍ਹ ਦੇਣ ਰਾਹੀਂ ਦੁਰਵਰਤੋਂ ਨਾ ਕੀਤੀ ਜਾ ਸਕੇ। ਰਿਪੋਰਟਾਂ ਮੁਤਾਬਕ ਪਾਕਿਸਤਾਨ ਨੇ ਪਹਿਲਾਂ ਹੀ ਭਾਰਤ ਨੂੰ ਇਕਰਾਰਨਾਮੇ ਦਾ ਖਰੜਾ ਦਿੱਤਾ ਹੈ, ਜਿਸ ਮੁਤਾਬਕ ਇਕ ਦਿਨ 'ਚ ਘੱਟੋ-ਘੱਟ 15 ਸ਼ਰਧਾਲੂਆਂ ਦੇ ਸਮੂਹਾਂ 'ਚ ਕੁੱਲ 500 ਸ਼ਰਧਾਲੂਆਂ ਨੂੰ ਹੀ ਦਰਸ਼ਨਾਂ ਦੀ ਇਜਾਜ਼ਤ ਦਿੱਤੀ ਜਾਵੇਗੀ। ਸ਼ਰਧਾਲੂਆਂ ਨੂੰ ਸਿਰਫ਼ ਭਾਰਤੀ ਪਾਸਪੋਰਟ ਦੀ ਲੋੜ ਹੋਵੇਗੀ, ਵੀਜ਼ਾ ਜ਼ਰੂਰੀ ਨਹੀਂ ਹੋਵੇਗਾ ਅਤੇ ਭਾਰਤ ਵੱਲੋਂ ਲੋੜੀਂਦੀ ਘੋਖ ਲਈ ਸ਼ਰਧਾਲੂਆਂ ਦੀ ਸੂਚੀ ਅਗਾਊਂ ਤੌਰ 'ਤੇ ਪਾਕਿਸਤਾਨ ਨੂੰ ਮੁਹੱਈਆ ਕਰਵਾਈ ਜਾਵੇਗੀ। ਪੁਰੀ ਨੇ ਠੀਕ




ਆਖਿਆ ਕਿ ਇਨ੍ਹਾਂ ਮੁੱਦਿਆਂ ਨੂੰ ਦੋਵਾਂ ਧਿਰਾਂ ਦਰਮਿਆਨ ਵਿਚਾਰੇ ਜਾਣ ਦੀ ਲੋੜ ਹੈ, ਹਾਲਾਂਕਿ ਭਾਰਤੀ ਮੀਡੀਆ ਦੇ ਇਕ ਹਿੱਸੇ ਵਿਚ ਅਜਿਹੀਆਂ ਰਿਪੋਰਟਾਂ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਕੇਤ ਦਿੱਤਾ ਹੈ ਕਿ ਭਾਰਤੀ ਸ਼ਰਧਾਲੂ ਵੀਜ਼ੇ ਤੋਂ ਬਿਨਾਂ ਕਰਤਾਰਪੁਰ ਸਾਹਿਬ ਜਾ ਸਕਣਗੇ। ਚੋਣਾਂ ਦੇ ਇਸ ਦੌਰ ਦੌਰਾਨ ਪ੍ਰਧਾਨ ਮੰਤਰੀ ਆਪਣੇ ਆਪ ਨੂੰ ਕਾਂਗਰਸ ਉਤੇ ਇਹ ਦੋਸ਼ ਲਾਉਣ ਤੋਂ ਵੀ ਨਾ ਰੋਕ ਸਕੇ ਕਿ ਇਹ ਪਾਰਟੀ 1947 ਵਿਚ ਕਰਤਾਰਪੁਰ ਸਾਹਿਬ ਨੂੰ ਪਾਕਿਸਤਾਨ ਕੋਲ ਜਾਣ ਤੋਂ ਨਾ ਬਚਾਅ ਸਕੀ, ਹਾਲਾਂਕਿ ਪੁਰੀ ਨੇ ਇਸ ਸਬੰਧ ਵਿਚ 'ਅਸੰਵੇਦਨਸ਼ੀਲ ਨਕਸ਼ਾਨਵੀਸ' ਵੱਲ ਉਂਗਲ ਕੀਤੀ ਹੈ।

ਭਾਰਤ ਨੇ 2018 ਵਿਚ ਪਾਕਿਸਤਾਨ ਉਤੇ 2936 ਵਾਰ ਗੋਲੀਬੰਦੀ ਦੀ ਉਲੰਘਣ ਕਰਨ ਦਾ ਦੋਸ਼ ਲਾਇਆ ਹੈ। ਦੋਵਾਂ ਮੁਲਕਾਂ ਵੱਲੋਂ ਸੰਨ 2003 ਵਿਚ ਗੋਲੀਬੰਦੀ ਦਾ ਫ਼ੈਸਲਾ ਕੀਤੇ ਜਾਣ ਤੋਂ ਬਾਅਦ ਕਿਸੇ ਇਕ ਸਾਲ ਦੌਰਾਨ ਉਲੰਘਣਾਵਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਇਸ ਵਾਰ ਨਵੇਂ ਸਾਲ ਵਾਲੇ ਦਿਨ ਪਾਕਿਸਤਾਨ ਨੇ ਭਾਰਤੀ ਸਲਾਮਤੀ ਦਸਤਿਆਂ ਉਤੇ ਆਪਣੇ ਟਿਕਾਣਿਆਂ 'ਤੇ 'ਬੇਕਿਰਕ' ਗੋਲੀਬਾਰੀ ਕਰਨ ਦਾ ਦੋਸ਼ ਲਾਉਂਦਿਆਂ ਰਸਮੀ ਵਿਰੋਧ ਦਰਜ ਕਰਵਾਇਆ। ਪਾਕਿਸਤਾਨ ਮੁਤਾਬਕ ਇਸ ਗੋਲੀਬਾਰੀ ਵਿਚ ਇਕ ਪਾਕਿਸਤਾਨੀ ਔਰਤ ਦੀ ਮੌਤ ਹੋ ਗਈ। ਪਾਕਿਸਤਾਨ ਨੇ ਇਹ ਦਾਅਵਾ ਵੀ ਕੀਤਾ ਕਿ 'ਭਾਰਤ ਵੱਲੋਂ ਗੋਲੀਬੰਦੀ ਦੀ ਇਹ ਉਲੰਘਣਾ ਇਲਾਕਾਈ ਅਮਨ ਤੇ ਸੁਰੱਖਿਆ ਲਈ ਖ਼ਤਰਾ ਹੈ ਜਿਸ ਕਾਰਨ ਰਣਨੀਤਕ ਤੌਰ 'ਤੇ ਮਾੜੇ ਹਾਲਾਤ ਪੈਦਾ ਹੋ ਸਕਦੇ ਹਨ।' ਭਾਰਤ ਨੇ ਵੀ ਪਾਕਿਸਤਾਨ ਦੀ ਗੋਲੀਬਾਰੀ ਖ਼ਿਲਾਫ਼ ਰਸਮੀ ਵਿਰੋਧ ਦਰਜ ਕਰਵਾਇਆ ਜਿਸ ਕਾਰਨ ਇਕ ਭਾਰਤੀ ਔਰਤ ਦੀ ਮੌਤ ਹੋ ਗਈ। ਇਸ ਨੇ ਨਾਲ ਹੀ ਕਿਹਾ, 'ਪਾਕਿਸਤਾਨ ਵੱਲੋਂ ਸਰਹੱਦ ਪਾਰਲੀ ਦਹਿਸ਼ਤਗਰਦੀ ਲਈ ਲਗਾਤਾਰ ਦਿੱਤੇ ਜਾ ਰਹੇ ਸਹਿਯੋਗ, ਜਿਸ ਵਿਚ ਪਾਕਿਸਤਾਨੀ ਦਸਤਿਆਂ ਵੱਲੋਂ ਦਹਿਸ਼ਤਗਰਦਾਂ ਦੀ ਘੁਸਪੈਠ ਲਈ ਕਵਰ ਫਾਇਰਿੰਗ ਵੀ ਸ਼ਾਮਲ ਹੈ, ਦਾ ਅਸੀਂ ਵਿਰੋਧ ਕਰਦੇ ਹਾਂ।' ਦੋਵਾਂ ਮੁਲਕਾਂ ਦੇ ਇਹ ਬਿਆਨ ਇਸ ਮੁੱਦੇ ਉਤੇ ਉਨ੍ਹਾਂ ਦੇ ਰਵਾਇਤੀ ਪੈਂਤੜੇ ਮੁਤਾਬਕ ਹੀ ਹਨ।

ਇਸ ਸਾਲ ਦੇ ਪਹਿਲੇ ਤਿੰਨ ਹਫ਼ਤਿਆਂ ਦੌਰਾਨ, ਪਾਕਿਸਤਾਨ ਵਾਲੇ ਪਾਸਿਉਂ ਆਮ ਗੋਲੀਬਾਰੀ ਅਤੇ ਘਾਤ ਲਾ ਕੇ ਗੋਲੀ ਚਲਾਉਣ ਤੋਂ ਇਲਾਵਾ ਆਈਈਡੀ ਧਮਾਕਿਆਂ ਕਾਰਨ ਭਾਰਤ 'ਚ ਕਾਫ਼ੀ ਜਾਨੀ ਨੁਕਸਾਨ ਹੋਇਆ ਹੈ। ਇਸ ਕਾਰਨ ਬੀਐੱਸਐੱਫ਼ ਦੇ ਇਕ ਸਹਾਇਕ ਕਮਾਂਡੈਂਟ ਤੇ ਇਕ ਫ਼ੌਜੀ ਮੇਜਰ ਤੋਂ ਇਲਾਵਾ ਕਈ ਆਮ ਨਾਗਰਿਕਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ। ਭਾਰਤ ਦੀ ਜਵਾਬੀ ਕਾਰਵਾਈ ਵਿਚ ਪਾਕਿਸਤਾਨ ਵਾਲੇ ਪਾਸੇ ਵੀ ਜਾਨਾਂ ਗਈਆਂ ਹਨ। ਇਸ ਦੇ ਬਾਵਜੂਦ ਹਾਲਾਤ ਮਾੜੇ ਤਾਂ ਹਨ ਪਰ ਖ਼ਤਰਨਾਕ ਨਹੀਂ ਅਤੇ ਦੋਵੇਂ ਮੁਲਕ ਇਨ੍ਹਾਂ ਨੂੰ ਬੇਕਾਬੂ ਹੋਣ

ਬਾਕੀ ਸਫ਼ਾ 28 'ਤੇ




## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN · Continental · GOODYEAR
BFGoodrich · GENERAL TIRE · DUNLOP TIRES
YOKOHAMA · KUMHO TIRES · ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

www.indiventy.com
indiventy
Indiventy Technologies




Our Services
Website Designing
Website Development
Desktop Application Development
Mobile Application Development
Graphic Designing
SEO (search Engine Optimiztation)

Plans

Basic website
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

Custom websites
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

Softwares/Applications
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗ਼ਦਰੀ ਬਾਬੇ ਕੌਣ ਸਨ?
ਅਜਮੇਰ ਸਿੰਘ
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

**Two Acres Truck Yard with small shop Available in Manteca asking for $950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਹਿੰਦੀ, ਹਿੰਦੂ, ਹਿੰਦੂਸਤਾਨ ਬਨਾਮ ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ

**ਭਾਈ ਗੁਰਦਰਸ਼ਨ ਸਿੰਘ**

ਭਾਰਤੀ ਗਣਰਾਜ ਇਕ ਬਹੁਭਾਸ਼ੀ, ਬਹੁ-ਸੱਭਿਆਚਾਰਵਾਦੀ ਅਤੇ ਬਹੁਵੇਸੀ ਦੇਸ਼ ਹੈ। ਅਣਗਿਣਤ ਨਸਲਾਂ, ਜਾਤਾਂ ਅਤੇ ਉਪ-ਜਾਤਾਂ 'ਤੇ ਅਧਾਰਿਤ ਇਸ ਦੇਸ਼ ਦੇ ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਅਤੇ ਪੂਜਾ ਪਾਠ ਦੇ ਢੰਗ ਵੀ ਵੱਖੋ ਵੱਖਰੇ ਹਨ। ਇਸ ਦੇਸ਼ 'ਤੇ ਅਨੇਕਾਂ ਵਿਦੇਸ਼ੀ ਧਾੜਵੀ ਹਮਲਾਵਰ ਬਣ ਕੇ ਆਏ ਜਿਨ੍ਹਾਂ ਨੇ ਇਸ ਦੇਸ਼ ਦੇ ਲੋਕਾਂ ਨੂੰ ਲੁੱਟਿਆ ਅਤੇ ਕੁੱਟਿਆ ਅਤੇ ਨਾਲ ਇਸ ਦੇਸ਼ 'ਚ ਆਪਣੇ ਧਰਮ ਅਨੁਸਾਰ ਇਸ ਦੇਸ਼ ਦੀ ਬੋਲੀ, ਪਹਿਰਾਵਾ ਅਤੇ ਧਰਮ ਅਧਾਰਿਤ ਸਦੀਵੀ ਰਾਜ ਕਾਇਮ ਕਰਨ ਦੇ ਯਤਨ ਵੀ ਕੀਤੇ।

ਇਨ੍ਹਾਂ ਵਿਦੇਸ਼ੀ ਧਾੜਵੀਆਂ ਵਲੋਂ ਭਾਰਤੀਆਂ 'ਤੇ ਕੀਤੇ ਜ਼ੁਲਮ ਦੇ ਕਿੱਸੇ ਅੱਜ ਵੀ ਭਾਰਤੀ ਇਤਿਹਾਸ 'ਚ ਦਰਜ ਹਨ। ਪਰ ਇਹ ਵਿਦੇਸ਼ੀ ਧਾੜਵੀ ਹਮਲਾਵਰ ਕਦੇ ਵੀ ਆਪਣੇ ਮਕਸਦ 'ਚ ਕਾਮਯਾਬ ਨਹੀਂ ਹੋ ਸਕੇ। ਇਸੇ ਸੋਚ ਤਹਿਤ ਹੀ ਇਸ ਦੇਸ਼ ਦੇ ਇੱਕ ਵਰਗ ਰਾਸ਼ਟਰੀ ਸਵੈਮ ਸੇਵਕ ਸੰਘ ਜਿਸ ਨੂੰ "ਸੰਘ ਪਰਿਵਾਰ" ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ, ਵੱਲੋਂ ਦੁਬਾਰਾ ਇਸ ਦੇਸ਼ ਦੇ ਲੋਕਾਂ 'ਤੇ ਆਪਣੇ ਗੁਪਤ ਏਜੰਡੇ ਤਹਿਤ ਇਸ ਦੇਸ਼ ਨੂੰ ਇੱਕ ਭਾਸ਼ਾਵਾਦੀ, ਇੱਕ ਸੱਭਿਆਚਾਰਵਾਦੀ ਅਤੇ ਇੱਕ ਧਰਮ ਅਧਾਰਿਤ ਦੇਸ਼ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਏਜੰਡੇ ਤਹਿਤ ਇਸ ਦੇਸ਼ ਨੂੰ ਇੱਕ ਨਵਾਂ ਨਾਅਰਾ "ਹਿੰਦੀ, ਹਿੰਦੂ, ਹਿੰਦੂਸਤਾਨ" ਦਿੱਤਾ ਗਿਆ ਹੈ। ਇਸ ਮਿਸ਼ਨ ਦੀ ਪੂਰਤੀ ਲਈ ਇਸ ਮਿਸ਼ਨ ਦੇ ਪੈਰੋਕਾਰਾਂ ਵਲੋਂ ਕਈ ਵਾਰ ਇਸ ਸਬੰਧੀ ਆਪਾਵਿਰੋਧੀ ਬਿਆਨਬਾਜ਼ੀ ਵੀ ਕੀਤੀ ਜਾਂਦੀ ਹੈ। ਇਸ ਦੇਸ਼ 'ਚ ਰਹਿਣ ਵਾਲਿਆਂ ਲਈ ਹਿੰਦੀ, ਹਿੰਦੂ, ਹਿੰਦੂਸਤਾਨ ਨੀਤੀ ਨੂੰ ਕਦੇ ਅਖੰਡ ਭਾਰਤ, ਕਦੇ ਇੱਕ ਸੱਭਿਆਚਾਰ ਅਤੇ ਕਦੇ ਸੰਸਕ੍ਰਿਤੀ ਦਾ ਨਾਂਅ ਦਿੱਤਾ ਜਾ ਰਿਹਾ ਹੈ। ਉਂਝ ਸਭ ਤੋਂ ਪਹਿਲਾਂ ਇਹ ਨਾਅਰਾ ਹਿੰਦੀ ਕਵੀ ਭਾਰਤੇਂਦੂ ਹਰੀਸ਼ਚੰਦਰ ਨੇ ਸੰਨ ੧੮੭੬ ਵਿੱਚ ਬ੍ਰਹਮੋ-ਸਮਾਜ ਦੀ ਇੱਕ ਬੈਠਕ ਵਿੱਚ ਲਾਇਆ ਸੀ ਜਿਸ ਨੂੰ ਅੱਜ ਵੱਡੇ ਪੱਧਰ 'ਤੇ ਪ੍ਰਚਾਰਿਆ ਜਾ ਰਿਹਾ ਹੈ। ਇਸ ਲੇਖ ਰਾਹੀਂ ਅਸੀਂ ਭਾਰਤੀ ਗਣਰਾਜ 'ਚ ਹਿੰਦੀ, ਹਿੰਦੂ, ਹਿੰਦੂਸਤਾਨ ਦੀ ਨੀਤੀ ਨੂੰ ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ ਰਾਹੀਂ ਸਮਝਣ ਦਾ ਯਤਨ ਕਰਾਂਗੇ।

(੧). **ਹਿੰਦੀ** : - ਸੰਘ ਪਰਿਵਾਰ ਦੇ ਮੰਨੂੰਵਾਦੀਆਂ ਵਲੋਂ ਅਕਸਰ ਕਿਹਾ ਜਾਂਦਾ ਹੈ ਕਿ ਭਾਰਤ 'ਚ ਰਹਿਣ ਵਾਲੇ ਹਰੇਕ ਜਾਤ, ਧਰਮ, ਨਸਲ ਦੇ ਲੋਕ ਹਿੰਦੂ ਹੀ ਹਨ ਅਤੇ ਇਨ੍ਹਾਂ ਦੀ ਭਾਸ਼ਾ ਹਿੰਦੀ ਹੈ, ਇਸ ਲਈ ਇਸ ਦੇਸ਼ 'ਚ ਰਹਿਣ ਵਾਲੇ ਸਾਰੇ ਨਾਗਰਿਕਾਂ ਨੂੰ ਇਹ ਭਾਸ਼ਾ ਹੀ ਸਿੱਖਣੀ ਅਤੇ ਬੋਲਣੀ ਪਵੇਗੀ। ਸੰਘਵਾਦੀਆਂ ਵਲੋਂ ਇਹ ਬਿਆਨ ਜਾਰੀ ਕਰਨੇ ਬਚਕਾਨਾ ਹਰਕਤਾਂ ਤੋਂ ਵੱਧ ਕੁੱਝ ਵੀ ਨਹੀਂ ਹਨ। ਸੰਘਵਾਦੀਆਂ ਦੇ ਹਿੰਦੀ ਵਿਦਵਾਨਾਂ ਵੱਲੋਂ ਅਕਸਰ ਹਿੰਦੀ ਭਾਸ਼ਾ ਪ੍ਰਤੀ ਖੋਜ਼ ਪੱਤਰ ਜਾਰੀ ਹੁੰਦੇ ਹੀ ਰਹਿੰਦੇ ਹਨ ਜੋ ਆਪਾਵਿਰੋਧੀ ਸਮੱਗਰੀ ਨਾਲ ਭਰਪੂਰ ਹੁੰਦੇ ਹਨ। ਕੁੱਝ ਸੰਘਵਾਦੀ ਹਿੰਦੀ ਵਿਦਵਾਨਾਂ ਦਾ ਵਿਚਾਰ ਹੈ ਕਿ ਦੇਸ਼ ਦੀ ਮੌਜੂਦਾ ਭਾਸ਼ਾ ਨੂੰ ਹਿੰਦੀ ਨਾਮ ਇਰਾਨੀਆਂ ਵਲੋਂ ਦਿੱਤਾ ਗਿਆ ਹੈ ਕਿਉਂਕਿ ਸੰਸਕ੍ਰਿਤ ਭਾਸ਼ਾ ਦਾ ਅੱਖਰ "ਸ" ਫ਼ਾਰਸੀ ਵਿੱਚ "ਹ" ਬੋਲਿਆ ਜਾਂਦਾ ਹੈ।

ਜਿਵੇਂ ਸਪਤਾਹ ਨੂੰ ਹਪਤਾਹ, ਸਿੰਧੂ ਨੂੰ ਹਿੰਦੂ ਆਦਿ। ਕਿਉਂਕਿ ਸਿੰਧੂ ਨਦੀ ਦੇ ਪਾਰ ਵਾਲੇ ਹਿੱਸੇ ਨੂੰ ਇਰਾਨੀਆਂ ਵਲੋਂ ਹਿੰਦ ਕਿਹਾ ਗਿਆ ਹੈ ਜਿਸ ਤੋਂ, ਇਸ ਹਿੱਸੇ ਦੀ ਭਾਸ਼ਾ ਸਿੰਧੀ ਤੋਂ ਹਿੰਦੀ ਸ਼ਬਦ ਬਣਿਆ ਹੈ। ਕੁੱਝ ਸੰਘਵਾਦੀ ਹਿੰਦੀ ਵਿਦਵਾਨਾਂ ਦਾ ਵਿਚਾਰ ਹੈ ਕਿ ਸੰਸਕ੍ਰਿਤ ਸੰਸਾਰ ਦੀ ਸਭ ਤੋਂ ਪੁਰਾਣੀ ਭਾਸ਼ਾ ਹੈ, ਇਸ ਵਿਚੋਂ ਪਾਲੀ ਭਾਸ਼ਾ ਦਾ ਜਨਮ ਹੋਇਆ, ਪਾਲੀ ਭਾਸ਼ਾ ਵਿਚੋਂ ਖੇਤਰੀ ਭਾਸ਼ਾਵਾਂ ਦਾ ਜਨਮ ਹੋਇਆ ਜੋ ਵਿਗੜਦੀਆਂ ਹੋਈਆਂ ਮਾਗਧੀ, ਸੌਰਸੈਨੀ, ਮਹਾਰਾਸ਼ਟਰੀ, ਖ਼ੱਸ, ਬਰਾਚਿਡ, ਅਰਧਮਾਰਗੀ ਅਤੇ ਪਿਸਾਚੀ (ਪੰਜਾਬੀ) ਦੇ ਰੂਪ ਵਿੱਚ ਪ੍ਰਚਲਿਤ ਹੋ ਗਈਆਂ ਜਿਨ੍ਹਾਂ ਦਾ ਅਜੋਕਾ ਰੂਪ ਹਿੰਦੀ ਹੀ ਹੈ ਤੇ ਇਹ ਸੰਸਕ੍ਰਿਤ ਭਾਸ਼ਾ ਦੀ ਕੁੱਖ ਵਿਚੋਂ ਹੀ ਪੈਦਾ ਹੋਈ ਹੈ। ਇਨ੍ਹਾਂ ਹਿੰਦੀ ਵਿਦਵਾਨਾਂ ਵਲੋਂ ਪੰਜਾਬੀ ਭਾਸ਼ਾ ਨੂੰ ਪਿਸਾਚੀ ਭਾਸ਼ਾ ਦਾ ਨਾਮ ਦਿੱਤਾ ਜਾਂਦਾ ਹੈ। ਪਿਸਾਚੀ ਜਾਂ ਪਿਸਾਚ ਦਾ ਅਰਥ ਹੈ, ਉਹ ਬਦਰੂਹ ਜੋ ਕੋਈ ਵੀ ਰੂਪ ਧਾਰ ਕੇ ਮਨੁੱਖਾਂ ਦਾ ਖ਼ੂਨ ਪੀਂਦੀ ਹੈ ਅਤੇ ਸੰਘਵਾਦੀ ਵਿਦਵਾਨਾਂ ਵਲੋਂ ਪਿਸਾਚੀ ਭਾਸ਼ਾ ਦਾ ਅਰਥ ਨਿਕਲਦਾ ਹੈ ਮਨੁੱਖਾਂ ਦਾ ਖ਼ੂਨ ਪੀਣ ਵਾਲਿਆਂ ਦੀ ਭਾਸ਼ਾ। ਜੋ ਇਨ੍ਹਾਂ ਦੀ ਪੰਜਾਬ ਤੇ ਪੰਜਾਬੀ ਪ੍ਰਤੀ ਅੰਦਰਲੀ ਨਫ਼ਰਤ ਦਾ ਖੁੱਲ੍ਹਮ ਖੁੱਲ੍ਹਾ ਪ੍ਰਗਟਾਵਾ ਹੈ। ਕੁੱਝ ਸੰਘਵਾਦੀ ਵਿਦਵਾਨ ਤਾਂ ਸੰਸਕ੍ਰਿਤ ਵਿਚੋਂ ਨਿਕਲੀਆਂ ਭਾਸ਼ਾਵਾਂ ਨੂੰ ਤਿੰਨ ਹਿੱਸਿਆਂ ਆਰੀਆਂ ਭਾਸ਼ਾਵਾਂ, ਸ਼ਾਮੀ ਭਾਸ਼ਾਵਾਂ ਤੇ ਤੁਰਾਨੀ ਭਾਸ਼ਾਵਾਂ ਵਿੱਚ ਵੰਡ ਕੇ ਮੂਰਖਤਾ ਭਰੇ ਦਾਅਵੇ ਕਰਦੇ ਹਨ ਕਿ ਸਾਰੇ ਸੰਸਾਰ ਦੀਆਂ ਭਾਸ਼ਾਵਾਂ ਦਾ ਜਨਮ




ਹੀ ਸੰਸਕ੍ਰਿਤ ਵਿੱਚੋਂ ਹੋਇਆ ਹੈ। ਇਨ੍ਹਾਂ ਅਨੁਸਾਰ ਅੰਗ੍ਰੇਜ਼ੀ, ਫ਼ਾਰਸੀ, ਯੂਨਾਨੀ, ਲੈਟਨ ਭਾਸ਼ਾਵਾਂ (ਆਰੀਆ ਭਾਸ਼ਾਵਾਂ), ਇਬਰਾਨੀ, ਅਰਬੀ ਅਤੇ ਹਬਸ਼ੀ ਭਾਸ਼ਾਵਾਂ ਆਦਿ (ਸ਼ਾਮੀ ਭਾਸ਼ਾਵਾਂ) ਅਤੇ ਚੀਨੀ, ਜਪਾਨੀ, ਤੁਰਕੀ ਅਤੇ ਦ੍ਰਾਵਿੜ ਭਾਸ਼ਾਵਾਂ (ਤੁਰਾਨੀ ਭਾਸ਼ਾਵਾਂ) ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ਜੋ ਸਾਰੀਆਂ ਹੀ ਸੰਸਕ੍ਰਿਤ ਦੀ ਉਪਜ ਹਨ। ਇਸ ਢੰਗ ਨਾਲ ਸੰਘਵਾਦੀ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਹਿੰਦੂ ਸਾਬਿਤ ਕਰਨਾ ਚਹੁੰਦੇ ਹਨ ਪਰ ਸੰਘਵਾਦੀ ਮੁਸਲਮਾਨਾਂ, ਇਸਾਈਆਂ, ਜੈਨੀਆਂ, ਬੋਧੀਆਂ, ਪਾਰਸੀਆਂ, ਸਿੱਖਾਂ ਅਤੇ ਦਲਿਤਾਂ ਨਾਲ ਕਿੰਨੀ ਨਫ਼ਰਤ ਕਰਦੇ ਹਨ, ਇਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਹੈ। ਪ੍ਰਾਪਤ ਸੂਚਨਾ ਅਨੁਸਾਰ ਸੰਨ ੧੯੮੪ - ੧੯੮੫ ਦਰਮਿਆਨ ਹਿੰਦੀ ਦੇ ਪ੍ਰਚਾਰ ਪ੍ਰਸਾਰ ਲਈ ੫ ਕਰੋੜ ੬੨ ਲੱਖ ਰੁਪਏ ਭਾਰਤ ਸਰਕਾਰ ਵਲੋਂ ਖਰਚ ਕੀਤੇ ਗਏ ਜਿਸ ਵਿੱਚ ਵਾਧਾ ਕਰਦਿਆਂ ਸੰਨ ੨੦੦੭ - ੨੦੦੮ ਦਰਮਿਆਨ ੫੪ ਕਰੋੜ ਰੁਪਏ ਅਤੇ ਉਸ ਤੋਂ ਬਾਅਦ ਹਰੇਕ ਸਾਲ ਤਕਰੀਬਨ ਪੰਜਾਹ ਲੱਖ ਤੋਂ ਲੈਕੇ ੭੫ ਲੱਖ ਰੁਪਏ ਤੱਕ ਹਿੰਦੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਖਰਚ ਕੀਤੇ ਜਾਂਦੇ ਹਨ। ਸੰਘਵਾਦੀਆਂ ਵਲੋਂ ਇਹ ਪ੍ਰਚਾਰ ਵੀ ਬੜੇ ਜੋਰ ਸ਼ੋਰ ਨਾਲ ਕੀਤਾ ਜਾਂਦਾ ਹੈ ਕਿ ਹਿੰਦੀ ਰਾਸ਼ਟਰ ਭਾਸ਼ਾ ਹੈ। ਪਰ ਸੰਨ ੨੦੧੭ 'ਚ ਲਖਨਊ ਦੀ ਸੂਚਨਾ ਅਧਿਕਾਰ ਕਾਰਕੁੰਨ ਉਰਵਸੀ ਸ਼ਰਮਾ ਵਲੋਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਤੋਂ ਮੰਗੀ ਗਈ ਸੂਚਨਾ ਤਹਿਤ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਭਾਰਤੀ ਸੰਵਿਧਾਨ ਦੇ ਅਨੁਛੇਦ ੩੪੩ ਤਹਿਤ ਹਿੰਦੀ ਭਾਰਤ ਗਣਰਾਜ ਦੀ ਦਫ਼ਤਰੀ ਕੰਮਕਾਜੀ ਭਾਸ਼ਾ ਹੈ ਨਾ ਕਿ ਰਾਸ਼ਟਰ ਭਾਸ਼ਾ।

ਕੇਂਦਰ ਸਰਕਾਰ ਆਪਣੇ ਦਫ਼ਤਰੀ ਕੰਮਕਾਰ ਲਈ ਹਿੰਦੀ ਜਾਂ ਅੰਗ੍ਰੇਜ਼ੀ ਭਾਸ਼ਾ ਦੀ ਵਰਤੋਂ ਕਰ ਸਕਦੀ ਹੈ ਜਦੋਂ ਕਿ ਭਾਰਤੀ ਸੰਵਿਧਾਨ ਦੀ ਸੂਚੀ ੮ ਵਿੱਚ ਹਿੰਦੀ ਤੋਂ ਇਲਾਵਾ ਆਸਾਮੀ, ਉਰਦੂ, ਕੰਨੜ, ਕਸ਼ਮੀਰੀ, ਕੋਂਕਨੀ, ਮੈਥਿਲੀ, ਮਲਿਆਲਮ, ਮਣੀਪੁਰੀ, ਮਰਾਠੀ, ਨੇਪਾਲੀ, ਉੜੀਆ, ਸੰਸਕ੍ਰਿਤ, ਸੰਤਲੀ, ਸਿੰਧੀ, ਤਾਮਿਲ, ਤੇਲਗੂ, ਬੋਡੋ, ਡੋਗਰੀ, ਬੰਗਾਲੀ, ਗੁਜਰਾਤੀ ਅਤੇ ਪੰਜਾਬੀ ਆਦਿ ੨੨ ਭਾਸ਼ਾਵਾਂ ਨੂੰ ਰਾਜ ਭਾਸ਼ਾਵਾਂ ਵਜੋਂ ਕਾਨੂੰਨੀ ਮਾਨਤਾ ਪ੍ਰਾਪਤ ਹੈ ਅਤੇ ਇਨ੍ਹਾਂ ਵਿਚੋਂ ੧੫ ਭਾਸ਼ਾਵਾਂ ਭਾਰਤ ਦੇ ਹਰੇਕ ਕਰੰਸੀ ਨੋਟ 'ਤੇ ਛਪੀਆਂ ਹੋਣੀਆਂ ਵੀ ਕਾਨੂੰਨ ਅਨੁਸਾਰ ਜ਼ਰੂਰੀ ਹੈ। ਇੱਕ ਪ੍ਰਸਿੱਧ ਅਖ਼ਬਾਰ ਦੀ ਸੂਚਨਾ ਅਨੁਸਾਰ ਸੰਨ ੨੦੧੧ ਵਿੱਚ ਭਾਰਤ ਦੀ ਮਰਦਮ ਸ਼ੁਮਾਰੀ ਸਮੇਂ ਭਾਰਤੀ ਲੋਕਾਂ ਵਲੋਂ ੧੯,੫੬੯ ਵੱਖੋ ਵੱਖ ਭਾਸ਼ਾਵਾਂ ਨੂੰ ਆਪਣੀ ਮਾਂ ਬੋਲੀ ਵਜੋਂ ਦਰਜ ਕਰਵਾਇਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਗੁਜਰਾਤ ਦੇ ਇੱਕ ਵਿਆਕਤੀ ਸੁਰੇਸ਼ ਨਚਾੜੀਆ ਵਲੋਂ ਪਾਈ ਪਟੀਸ਼ਨ 'ਤੇ ਵੀ ਗੁਜਰਾਤ ਹਾਈਕੋਰਟ ਨੇ ਫੈਸਲਾ ਦਿੱਤਾ ਹੈ ਕਿ ਹਿੰਦੀ ਰਾਸ਼ਟਰ ਭਾਸ਼ਾ ਨਹੀਂ ਹੈ। ਸੰਘਵਾਦੀਆਂ ਵਲੋਂ ਸਰਕਾਰੀ ਛਤਰਛਾਇਆ ਹੇਠ ਹਰ ਸਾਲ ਹਿੰਦੀ ਦਿਵਸ ਮਨਾਇਆ ਜਾਂਦਾ ਹੈ ਜਿਸ ਵਿੱਚ ਹਿੰਦੀ ਬੋਲਣ, ਲਿਖਣ ਅਤੇ ਸਾਹਿਤ ਰਚਨ ਵਾਲਿਆਂ ਨੂੰ ਉਚੇਚੇ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ ਹੈ।

ਸੰਘ ਦੀਆਂ ਸਕੂਲੀ ਸੰਸਥਾਵਾਂ ਡੀਏਵੀ , ਮਾਦੋਨਿਕੇਤਨ , ਬਾਲ ਵਿਦਿਆ ਨਿਕੇਤਨ ਅਤੇ ਸਰਵ ਹਿੱਤਕਾਰੀ ਵਿਦਿਆ ਮੰਦਿਰ ਆਦਿ ਵਿੱਚ ਖੇਤਰੀ ਭਾਸ਼ਾਵਾਂ ਬੋਲਣ 'ਤੇ ਪੂਰੀ ਪਾਬੰਦੀ ਹੁੰਦੀ ਹੈ ਤੇ ਇਨ੍ਹਾਂ ਸੰਸਥਾਵਾਂ ਵਿੱਚ ਖੇਤਰੀ ਭਾਸ਼ਾ ਬੋਲਣ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਵੀ ਲਗਾਇਆ ਜਾਂਦਾ ਹੈ। ਐਸੀਆਂ ਸੰਸਥਾਵਾਂ ਦੀ ਦੇਖੋ ਦੇਖੀ ਹੁਣ ਪੰਜਾਬ ਦੇ ਪੇਂਡੂ ਖੇਤਰਾਂ ਦੇ ਸਿੱਖ ਸਕੂਲਾਂ ਵਿੱਚ ਵੀ ਪੰਜਾਬੀ ਦੀ ਥਾਂ ਹਿੰਦੀ ਹੀ ਬੋਲੀ ਜਾਂਦੀ ਹੈ। ਅਸਲ ਵਿੱਚ ਹਿੰਦੀ ਨੂੰ ਹਰੇਕ ਭਾਰਤੀ ਦੀ ਭਾਸ਼ਾ ਵਜੋਂ ਪ੍ਰਚਾਰਨ ਪਿੱਛੇ ਸੰਘਵਾਦੀਆਂ ਦੀ ਇਹ ਸੋਚ ਕੰਮ ਕਰਦੀ ਹੈ ਕਿ "ਜਿਸ ਕੌਮ ਨੂੰ ਖ਼ਤਮ ਕਰਨਾ ਹੋਵੇ, ਉਨ੍ਹਾਂ ਕੋਲੋਂ ਉਨ੍ਹਾਂ ਦੀ ਭਾਸ਼ਾ ਖੋ ਲਵੋ, ਉਹ ਕੌਮ ਆਪੇ ਹੀ ਖ਼ਤਮ ਹੋ ਜਾਵੇਗੀ।" ਇਹ ਸੰਘਵਾਦੀਆਂ ਦੀ ਸੋਚ ਵੀ ਇਹੋ ਹੈ ਕਿ ਭਾਰਤੀ ਗਣਰਾਜ 'ਚ ਰਹਿ ਰਹੀਆਂ ਹੋਰ ਘੱਟ ਗਿਣਤੀ ਕੌਮਾਂ ਨੂੰ ਡਰਾ ਧਮਕਾ ਕੇ ਜਾਂ ਉਨ੍ਹਾਂ ਵਿੱਚ ਭਰਮ ਭੁਲੇਖੇ ਖੜ੍ਹੇ ਕਰਕੇ ਤੇ ਉਨ੍ਹਾਂ ਦੀ ਮਾਤ ਭਾਸ਼ਾ ਨੂੰ ਖ਼ਤਮ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨਾ।

(੨.) ਹਿੰਦੂ : - ਸੰਘਵਾਦੀਆਂ ਦੇ ਨਾਅਰੇ ਹਿੰਦੀ, ਹਿੰਦੂ, ਹਿੰਦੂਸਤਾਨ ਦਾ ਦੂਜਾ ਸ਼ਬਦ ਹਿੰਦੂ ਹੈ। ਸੰਘਵਾਦੀਆਂ ਵੱਲੋਂ ਇਹ ਪ੍ਰਚਾਰ ਬੜਾ ਸੰਘ ਪਾੜ ਕੇ ਕੀਤਾ ਜਾਂਦਾ ਹੈ ਕਿ ਭਾਰਤ ਗਣਰਾਜ ਵਿੱਚ ਰਹਿਣ ਵਾਲੇ ਇਸਾਈ, ਮੁਸਲਮਾਨ, ਸਿੱਖ, ਦਲਿਤ, ਜੈਨੀ, ਬੋਧੀ, ਪਾਰਸੀ ਆਦਿ ਸਾਰੇ ਹਿੰਦੂ ਹੀ ਹਨ ਅਤੇ ਇਨ੍ਹਾਂ ਘੱਟਗਿਣਤੀ ਕੌਮਾਂ 'ਚ ਭਰਮ ਭੁਲੇਖੇ ਪੈਦਾ ਕਰਨ ਲਈ ਤੇ ਉਨ੍ਹਾਂ ਨੂੰ ਹਿੰਦੂ ਸਾਬਤ ਕਰਨ ਲਈ ਸੰਘਵਾਦੀ ਹਿੰਦੂ ਵਿਦਵਾਨਾਂ ਵੱਲੋਂ ਲੇਖ ਪੱਤਰ ਛਪਦੇ ਹੀ ਰਹਿੰਦੇ ਹਨ ਜਿਨ੍ਹਾਂ ਵਿੱਚ ਵੀ ਬਹੁਤ ਹੀ ਆਪਾਵਿਰੋਧੀ ਸਮੱਗਰੀ ਦੀ ਭਰਮਾਰ ਹੈ। ਵੀਰ ਸਾਵਰਕਰ ਨੇ ਲਿਖਿਆ ਹੈ ਕਿ "ਹਿੰਦੂ, ਅਸਿੰਧੂ, ਸਿੰਧੂ ਪ੍ਰਅਣਿਤਾ" ਭਾਵ ਸਿੰਧੂ ਦਰਿਆ ਦੇ ਖ਼ੇਤਰ 'ਚ ਰਹਿਣ ਵਾਲੇ ਸਾਰੇ ਹੀ ਹਿੰਦੂ ਹਨ। ਜਦਕਿ ਹਿੰਦੂ ਮਹਾਸਭਾ ਦੇ ਪ੍ਰਧਾਨ ਪ੍ਰੋ. ਰਾਮ ਸਿੰਹੁ ਦਾ ਕਹਿਣਾ ਹੈ ਕਿ "ਹਿੰਦੂ ਮੁਸਲਮਾਨ ਦੰਗਿਆਂ 'ਚ ਮੁਸਲਮਾਨ ਜਿਸ ਨੂੰ ਆਪਣਾ ਦੁਸ਼ਮਨ ਮੰਨਦੇ ਹਨ ਉਹ ਹੀ ਹਿੰਦੂ ਹਨ।"

ਆਰੀਆ ਸਮਾਜੀ ਅਤੇ ਸਨਾਤਨ ਧਰਮੀਆਂ ਦੇ ਹਿੰਦੂ ਸ਼ਬਦ ਬਾਰੇ ਵੱਖੋ ਵੱਖਰੇ ਵਿਚਾਰ ਹਨ। ਆਰੀਆ ਸਮਾਜੀ ਇਸ ਸਬੰਧੀ ਗਿਆਸਨਾਮੀ ਕੋਸ਼ ਅਤੇ ਕਸੱਫਨਾਮੀ ਕੋਸ਼ ਦੇ ਹਵਾਲੇ ਦੇਕੇ ਆਪਣੇ ਆਪ ਨੂੰ ਹਿੰਦੂ ਅਖਵਾਉਣ ਦੀ ਬਜਾਏ ਆਰੀਆ ਸਮਾਜੀ ਅਖਵਾਉਣਾ ਪਸੰਦ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਗਿਆਸਨਾਮੀ ਕੋਸ਼ ਵਿੱਚ ਲਿਖਿਆ ਹੈ ਕਿ "ਹਿੰਦੂ ਬਕਸਰ ਗੁਲਾਮ ਵ ਬੰਦਹ ਕਾਫ਼ਿਰ ਵ ਤੇਰਾ" ਭਾਵ ਹਿੰਦੂ ਦਾ ਅਰਥ ਗੁਲਾਮ, ਕੈਦੀ, ਕਾਫ਼ਿਰ ਅਤੇ ਤਲਵਾਰ ਹੈ ਅਤੇ ਕਸੱਫਨਾਮੀ ਕੋਸ਼ ਅਨੁਸਾਰ "ਚੇ ਹਿੰਦੂ ਇ ਕਾਫ਼ਿਰ ਚੇ ਕਾਫ਼ਿਰ ਕਾਫ਼ਿਰ ਰਹਜਨ" ਭਾਵ ਹਿੰਦੂ ਕੀ ਹੈ ? ਹਿੰਦੂ ਕਾਫ਼ਿਰ ਹੈ। ਕਾਫ਼ਿਰ ਕੀ ਹੈ ? ਕਾਫ਼ਿਰ ਰਹਜਨ ਹੈ। ਰਹਜਨ ਕੀ ਹੈ ? ਰਹਜਨ ਇਮਾਨ 'ਤੇ ਡਾਕਾ ਮਾਰਨ ਵਾਲਾ ਹੈ।

ਆਰੀਆ ਸਮਾਜੀ "ਹਿੰਦੂ" ਦੇ ਅਰਥ ਵੇਖਣ ਲਈ ਦੂਜਿਆਂ ਨੂੰ ਫ਼ਾਰਸੀ ਭਾਸ਼ਾ ਦਾ ਸ਼ਬਦ ਕੋਸ਼ (ਸੰਪਾਦਿਤ ਲਿਊਜਿਤ ਏ ਕਿਸ਼ਵਾਰੀ ਲਖਨਊ) ਤੇ ਪ੍ਰਸੀਅਨ ਪੰਜਾਬੀ ਸ਼ਬਦ ਕੋਸ਼ (ਸੰਪਾਦਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਹਵਾਲਾ ਵੀ ਦਿੰਦੇ ਹਨ, ਜਿਸ ਅਨੁਸਾਰ ਹਿੰਦੂ ਦੇ ਅਰਥ ਚੋਰ, ਰਹਜਨ, ਲੁਟੇਰਾ, ਗੁਲਾਮ, ਦਾਸ ਅਤੇ ਕਾਲਾ ਹਨ । ਆਰੀਆ ਸਮਾਜੀ ਇਹ ਵੀ ਆਖਦੇ ਹਨ ਕਿ ਚਾਰ ਵੇਦਾਂ, ਛੇ ਸ਼ਾਸਤਰਾਂ, ਅਠਾਰ੍ਹਾਂ ਪੁਰਾਣ, ਅਠਾਈ ਸਿਮਰਤੀਆਂ ਅਤੇ ੧੦੩ ਉਪਨਿਸ਼ਦਾਂ ਵਿੱਚ ਕਿਤੇ ਵੀ ਹਿੰਦੂ ਸ਼ਬਦ ਨਹੀਂ ਹੈ। ਬਾਲਮੀਕ ਰਮਾਇਣ, ਤੁਲਸੀਦਾਸ ਰਮਾਇਣ, ਮਹਾਭਾਰਤ ਇਥੋਂ ਤੱਕ ਕਿ ਸੰਘਵਾਦੀਆਂ ਦੀ ਪਸੰਦ ਮਨੂੰ ਸਮਰਿਤੀ ਗ੍ਰੰਥ ਵਿੱਚ ਵੀ ਹਿੰਦੂ ਸ਼ਬਦ ਨਹੀਂ ਹੈ। ਇਸ ਲਈ ਆਰੀਆ ਸਮਾਜੀਆਂ ਵਲੋਂ ਕਿਹਾ ਜਾਂਦਾ ਹੈ ਕਿ ਮੁਸਲਮਾਨਾਂ ਵਲੋਂ ਹਿੰਦੂ ਸ਼ਬਦ ਦੀ ਵਰਤੋਂ ਆਰੀਆ ਨਸਲ ਨੂੰ ਅਪਮਾਨਿਤ ਕਰਨ ਲਈ ਕੀਤੀ ਗਈ ਹੈ। ਇਸ ਲਈ ਆਪਣੇ ਆਪ ਨੂੰ ਹਿੰਦੂ ਨਾ ਅਖਵਾਇਆ ਜਾਵੇ । ਲਾਲਾ ਲਾਜਪਤ ਰਾਏ ਨੇ ਵੀ ਸੰਨ ੧੮੯੮ 'ਚ ਆਰੀਆ ਸਮਾਜ ਨੂੰ ਸੰਬੋਧਨ ਕਰਦਿਆਂ ਇਹੀ ਸ਼ਬਦ ਕਹੇ ਸਨ। ਇਸ ਦੇ ਵਿਰੋਧ 'ਚ ਸਨਾਤਨ ਮੱਤ ਵਾਲਿਆਂ ਦਾ ਕਹਿਣਾ ਹੈ ਕਿ ਅੱਠਵੀਂ ਸਦੀ ਤੋਂ ਪਹਿਲਾਂ ਦੇ ਗ੍ਰੰਥ ਮੇਰੂਤੰਤਰ, ਭਵਿੱਸ਼ ਪੁਰਾਣ, ਮੇਧਨੀ ਕੋਸ਼, ਹੇਮੰਤ ਕੋਸ਼ੀ ਕੋਸ਼, ਰਾਮ ਕੋਸ਼, ਕਲਿਕਾ ਪੁਰਾਣ, ਸ਼ਬਦ ਕਲਪਦਰੂਮ, ਬ੍ਰਹਿਸਪਤ ਆਗਮ ਅਤੇ ਅਦਭੁੱਤ ਕੋਸ਼ ਵਿੱਚ ਹਿੰਦੂ ਸ਼ਬਦ ਦੀ ਵਰਤੋਂ ਆਮ ਹੈ। ਇਸ ਲਈ ਆਪਣੇ ਆਪ ਨੂੰ ਹਿੰਦੂ ਅਖਵਾਉਣਾ ਚਾਹੀਦਾ ਹੈ। ਪਰ ਆਰੀਆ ਸਮਾਜੀ ਇੱਥੇ ਵੀ ਤਰਕ ਦਿੰਦੇ ਹਨ ਕਿ ਇਹ ਗ੍ਰੰਥ ਮੁਸਲਮਾਨਾਂ ਵਲੋਂ ਭਾਰਤ 'ਤੇ ਹਮਲਿਆਂ ਤੋਂ ਬਾਅਦ ਲਿਖੇ ਗਏ ਹਨ ਅਤੇ ਹੋ ਸਕਦਾ ਹੈ ਕਿ ਇਹ ਦੇਵ ਪ੍ਰੰਪਰਾ ਅਤੇ ਦੇਵ ਵੰਸ਼ਜਾਂ ਨੂੰ ਖ਼ਤਮ ਕਰਨ ਲਈ ਮੁਸਲਮਾਨਾਂ ਵਲੋਂ ਲਿਖਵਾਏ ਗਏ ਹੋਣ। ਆਰੀਆ ਸਮਾਜੀ ਆਖਦੇ ਹਨ ਕਿ ਕੇਵਲ ਮਹਾਭਾਰਤ ਅਤੇ ਗੀਤਾ ਹੀ ਪੰਜ ਹਜ਼ਾਰ ਸਾਲ ਪੁਰਾਣੇ ਦੇਵ ਗ੍ਰੰਥ ਹਨ ਅਤੇ ਉਨ੍ਹਾਂ ਵਿੱਚ ਵੀ ਹਿੰਦੂ ਸ਼ਬਦ ਦੀ ਵਰਤੋਂ ਨਹੀਂ ਹੈ। ਆਰੀਆ ਸਮਾਜੀ ਤਾਂ ਸਨਾਤਨੀ ਮੱਤ ਦੇ ਧਾਰਮਿਕ ਚਿੰਨ੍ਹ ਓਮ ਨੂੰ ਵੀ ਗਲਤ ਦੱਸਦੇ ਹਨ ਅਤੇ ਆਪਣੇ ਓਮ ਨੂੰ ਹੀ ਪ੍ਰਮਾਣਿਕ ਦੱਸਦੇ ਹਨ, ਜਿਸ ਦਾ ਆਰੀਆ ਸਮਾਜੀਆਂ ਵਲੋਂ ਅੱਜਕਲ ਵੈਬਸਾਇਟਾਂ ਅਤੇ ਹੋਰ ਮੀਡੀਆ ਰਾਹੀਂ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾ ਰਿਹਾ ਹੈ। ਸਵਾਮੀ ਦਇਆਨੰਦ ਅਤੇ ਕੁੱਝ ਸੰਘਵਾਦੀ ਵਿਦਵਾਨਾਂ ਦਾ ਕਹਿਣਾ ਹੈ ਕਿ ਸਿੰਧੂ ਨਦੀ ਤੋਂ ਲੈਕੇ ਹਿੰਦ ਮਹਾਸਾਗਰ ਵਿਚਲੇ ਲੋਕਾਂ ਨੂੰ ਹਿੰਦੂ ਕਿਹਾ ਜਾਂਦਾ ਹੈ ਕਿਉਂਕਿ ਸੰਸਕ੍ਰਿਤ ਦਾ "ਸ" ਫ਼ਾਰਸੀ ਵਿੱਚ "ਹ" ਬੋਲਿਆ ਜਾਂਦਾ ਹੈ । ਇਸ ਲਈ ਸਿੰਧੂ ਤੋਂ ਸ਼ਬਦ ਹਿੰਦੂ ਬਣਿਆ ਹੈ। ਪਰ ਅੱਜ ਵੀ ਪਾਕਿਸਤਾਨ 'ਚ ਰਹਿ ਰਹੇ ਸਿੰਧ ਪ੍ਰਾਂਤ ਦੇ ਲੋਕਾਂ ਨੂੰ ਸਿੰਧੀ ਕਿਹਾ ਜਾਂਦਾ ਹੈ। ਇਥੋਂ ਤੱਕ ਕਿ ਭਾਰਤ ਪਾਕਿਸਤਾਨ ਵੰਡ ਵੇਲੇ ਸਿੰਧ ਪ੍ਰਾਂਤ ਤੋਂ ਚੱਲ ਕੇ ਭਾਰਤ ਆਏ ਲੋਕ ਅੱਜ ਤੱਕ ਆਪਣੇ ਆਪ ਨੂੰ ਸਿੰਧੀ ਹੀ ਅਖਵਾਉਂਦੇ ਹਨ।

ਅੱਜ ਜੇਕਰ ਹਿੰਦੂ ਦੀ ਪਰਿਭਾਸ਼ਾ ਦੇਣੀ ਹੋਵੇ ਤਾਂ ਇਹ ਬਹੁਤ ਹੀ ਔਖਾ ਕੰਮ ਹੈ। ਜੇਹੜੇ ਆਪਣੇ ਆਪ ਨੂੰ ਸ਼ੁੱਧ ਹਿੰਦੂ ਅਖਵਾ ਵੀ ਰਹੇ ਹਨ ਉਨ੍ਹਾਂ ਦੀ ਕੋਈ ਵੀ ਇੱਕ ਸਮਾਜਿਕ ਤੇ ਧਾਰਮਿਕ ਮਾਨਤਾ, ਸਿਧਾਂਤ, ਕੋਈ ਇੱਕ ਰਸਮ ਰਿਵਾਜ਼ ਅਤੇ ਕੋਈ ਇੱਕ ਭਗਵਾਨ ਜਾਂ ਰੱਬ ਨਹੀਂ ਹੈ ਜੋ ਸਾਰੇ ਹਿੰਦੂਆਂ ਨੂੰ ਪ੍ਰਵਾਨਿਤ ਹੋਵੇ। ਇਹਨਾਂ ਦੀਆਂ ਮਾਨਤਾਵਾਂ ਇੰਨੀਆਂ ਆਪਾ ਵਿਰੋਧੀ ਹਨ ਕਿ ਉਨ੍ਹਾਂ ਨੂੰ ਮੰਨਣਾ ਅਸੰਭਵ ਹੈ। ਰੱਬ ਨੂੰ ਇੱਕ ਅਤੇ ਨਿਰਾਕਾਰ ਮੰਨਣ ਵਾਲਾ ਜੇ ਹਿੰਦੂ ਹੈ ਤਾਂ ੩੩ ਕਰੋੜ ਦੇਵਤਿਆਂ, ਮਨੁੱਖਾਂ, ਦਰੱਖਤਾਂ, ਪਸ਼ੂਆਂ, ਗ੍ਰਹਿ, ਪੱਥਰਾਂ, ਮਸਾਣਾਂ, ਸਮਾਧਾਂ ਆਦਿ ਨੂੰ ਮੰਨਣ ਵਾਲਾ ਵੀ ਕੀ ਹਿੰਦੂ ਹੀ ਹੈ ? ਵੇਦਾਂ ਦੀ ਪੂਜਾ ਕਰਨ ਵਾਲਾ ਜੇ ਹਿੰਦੂ ਹੈ ਤਾਂ ਕੀ ਵੇਦਾਂ ਦੀ ਨਿੰਦਿਆ ਕਰਨ ਵਾਲਾ ਵੀ ਹਿੰਦੂ ਹੀ ਹੈ ? ਲਾਲ ਟਮਾਟਰ ਤੇ ਲਾਲ ਮਸਰਾਂ ਦੀ ਦਾਲ ਨੂੰ ਮੀਟ ਬਰਾਬਰ ਸਮਝ ਕੇ ਰਸੋਈ ਤੋਂ ਪਰ੍ਹੇ ਰੱਖਣ ਵਾਲਾ ਜੇ ਹਿੰਦੂ ਹੈ ਤਾਂ ਕਿ ਕਾਲੀ ਮਾਤਾ ਨੂੰ ਬੱਕਰੇ, ਕੁੱਕੜ ਜਾਂ ਝੋਟੇ ਦੀ ਬਲੀ ਦੇਣ ਵਾਲਾ ਤੇ ਸ਼ਰਾਬ ਚੜਾਉਣ ਵਾਲਾ ਵੀ ਹਿੰਦੂ ਹੀ ਹੈ ? ਬ੍ਰਾਹਮਣ, ਖੱਤਰੀ, ਵੈਸ਼ ਜੇ ਹਿੰਦੂ ਹੈ ਤਾਂ ਕੀ ਸ਼ੂਦਰ ਵੀ ਹਿੰਦੂ ਹੀ ਹੈ ? ਹਿੰਦੂ ਸ਼ਬਦ ਦੀ ਪਰਿਭਾਸ਼ਾ ਤਾਂ ਹੁਣ ਤੱਕ ਦੀਆਂ ਭਾਰਤੀ ਸਰਕਾਰਾਂ ਵੀ ਨਹੀਂ ਦੱਸ ਸਕੀਆਂ। ਜੂਨ ੨੦੧੫ ਵਿੱਚ ਮੱਧ ਪ੍ਰਦੇਸ਼ ਦੇ ਨੀਮਚ ਨਿਵਾਸੀ ਸਮਾਜਿਕ ਕਾਰਕੁੰਨ ਚੰਦਰ ਸ਼ੇਖਰ ਗੌਰ ਨੇ ਆਰ.ਟੀ.ਆਈ ਤਹਿਤ ਭਾਰਤ ਸਰਕਾਰ ਕੋਲੋਂ ਪੁੱਛਿਆ ਸੀ ਕਿ ਭਾਰਤੀ ਸੰਵਿਧਾਨ ਅਤੇ ਕਾਨੂੰਨ ਅਨੁਸਾਰ "ਹਿੰਦੂ" ਸ਼ਬਦ ਦੀ ਪਰਿਭਾਸ਼ਾ ਕੀ ਹੈ ਤਾਂ ਭਾਰਤੀ ਗ੍ਰਹਿ ਮੰਤਰਾਲੇ ਨੇ ਜੁਲਾਈ ੨੦੧੫ 'ਚ ਇਹ ਜਵਾਬ ਦਿੱਤਾ ਸੀ ਕਿ ਇਸ ਸਬੰਧੀ ਭਾਰਤ ਸਰਕਾਰ ਵਲੋਂ ਕੋਈ ਵੀ ਪਰਿਭਾਸ਼ਾ ਜਾਂ ਕਾਨੂੰਨ ਨਹੀਂ ਹੈ। ਤਾਂ ਫਿਰ ਕਿਉਂ ਭਾਰਤੀ ਗਣਰਾਜ ਵਿੱਚ ਰਹਿ ਰਹੇ ਨਾਗਰਿਕਾਂ ਨੂੰ

ਹਿੰਦੂ ਗਰਦਾਨਿਆ ਜਾ ਰਿਹਾ ਹੈ ਤੇ ਭਾਰਤ ਵਾਸੀਆਂ ਉਤੇ ਵਿਆਹ , ਮੌਤ ਅਤੇ ਜਨਮ ਸਬੰਧੀ ਕਿਉਂ ਹਿੰਦੂ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ ? ਅਸਲ ਵਿੱਚ ਸੰਘਵਾਦੀਆਂ ਵਲੋਂ ਭਾਰਤ ਵਾਸੀਆਂ ਲਈ ਹਿੰਦੂ ਸ਼ਬਦ ਦੀ ਵਰਤੋਂ ਕਰਕੇ ਦੇਸ਼ ਵਿੱਚ ਦੰਗੇ ਫ਼ਸਾਦ ਕਰਵਾ ਕੇ ਘੱਟ ਗਿਣਤੀ ਕੌਮਾਂ ਨੂੰ ਖ਼ਤਮ ਕਰਕੇ ਭਾਰਤ ਵਿੱਚ ਮੰਨੂੰਵਾਦੀ ਰਾਜ ਸਥਾਪਿਤ ਕਰਨ ਦੀ ਸਾਜਿਸ਼ ਹੈ ।

(੩). **ਹਿੰਦੂਸਤਾਨ** :- ਹਿੰਦੀ, ਹਿੰਦੂ ਤੋਂ ਬਾਅਦ ਹਿੰਦੂਸਤਾਨ ਸ਼ਬਦ ਸੰਘਵਾਦੀਆਂ ਦੇ ਨਾਅਰੇ ਦਾ ਤੀਜਾ ਸ਼ਬਦ ਹੈ। ਭਾਰਤ ਵਿੱਚ ਰਹਿਣ ਵਾਲਿਆਂ ਦੀ ਭਾਸ਼ਾ ਹਿੰਦੀ, ਇਥੋਂ ਦੇ ਵਾਸੀ ਹਿੰਦੂ ਅਤੇ ਇਹ ਦੇਸ਼ ਵੀ ਹਿੰਦੂ ਰਾਸ਼ਟਰ ਹਿੰਦੂਸਤਾਨ ਹੈ। ਆਪਣੇ ਇਸ ਆਸ਼ੇ ਦੀ ਪੂਰਤੀ ਲਈ ਵੀ ਸੰਘਵਾਦੀ ਲੇਖਕਾਂ ਨੇ ਕਈ ਤਰ੍ਹਾਂ ਦੇ ਖੋਜ ਪੱਤਰ ਛਪਵਾਏ ਹਨ। ਇਸ ਸਬੰਧੀ ਵੀ ਸੰਘਵਾਦੀ ਲੇਖਕਾਂ ਦੀ ਖੋਜ ਆਪਾ-ਵਿਰੋਧੀ ਹੈ। ਇਹ ਕਦੇ ਇਸ ਨੂੰ ਅਖੰਡ ਹਿੰਦੂਸਤਾਨ ਅਤੇ ਕਦੇ ਅਖੰਡ ਭਾਰਤ ਲਿਖਦੇ ਹਨ। ਕੁੱਝ ਸੰਘਵਾਦੀ ਲੇਖਕ ਸਿੰਧੂ ਨਦੀ ਤੋਂ ਲੈਕੇ ਹਿੰਦ ਮਹਾਸਾਗਰ ਦੇ ਇਲਾਕੇ ਨੂੰ ਹਿੰਦੂਸਤਾਨ ਕਹਿੰਦੇ ਹਨ। ਕੁੱਝ ਲੇਖਕ ਦਿੱਲੀ ਤੋਂ ਲੈਕੇ ਪਟਨਾ ਤੱਕ ਦੇ ਇਲਾਕੇ ਨੂੰ ਹਿੰਦੂਸਤਾਨ ਮੰਨਦੇ ਹਨ ਅਤੇ ਕੁੱਝ ਲੇਖਕ ਹਿਮਾਲਿਯਾ ਪਹਾੜ ਤੋਂ ਲੈਕੇ ਹਿੰਦ ਮਹਾਸਾਗਰ ਦੇ ਇਲਾਕੇ ਨੂੰ ਹਿੰਦੂਸਤਾਨ ਲਿਖਦੇ ਹਨ । ਕੁੱਝ ਸੰਘਵਾਦੀ ਲੇਖਕ ਤਾਂ ਮਿਸਰ, ਅਰਬ, ਇਰਾਨ, ਇਰਾਕ, ਇਜ਼ਰਾਇਲ, ਕਜਾਕਿਸਤਾਨ, ਰੂਸ, ਮੰਗੋਲੀਆ, ਚੀਨ, ਬਰਮ੍ਹਾ, ਇੰਡੋਨੇਸ਼ੀਆ, ਮਲੇਸ਼ੀਆ, ਜਾਵਾ, ਸਮਾਟਰਾ, ਬੰਗਲਾਦੇਸ਼, ਨੇਪਾਲ, ਭੂਟਾਨ, ਪਾਕਿਸਤਾਨ, ਅਫ਼ਗਾਨਿਸਤਾਨ ਆਦਿ ਨੂੰ ਅਖੰਡ ਹਿੰਦੂਸਤਾਨ ਦਾ ਹੀ ਅੰਗ ਮੰਨਦੇ ਹਨ। ਇਹ ਲੇਖਕ ਲਿਖਦੇ ਹਨ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਹਿੰਦੁਸਤਾਨ ਛੋਟੇ ਛੋਟੇ ਹਿੱਸਿਆਂ ਦੇ ਵਿੱਚ ਬਿਖਰਨਾ ਸ਼ੁਰੂ ਹੋ ਗਿਆ।

ਇਸ ਨੂੰ ਦੁਬਾਰਾ ਅਖੰਡ ਰੂਪ ਅੱਜ ਤੋਂ ਕੋਈ ੨੩੦੦ ਸਾਲ ਪਹਿਲਾਂ ਸਮਰਾਟ ਚੰਦਰਗੁਪਤ ਮੋਰੀਆ ਤੇ ਉਸ ਦੇ ਪੋਤਰੇ ਸਮਰਾਟ ਅਸ਼ੋਕ ਨੇ ਦਿੱਤਾ। ਪਰ ਇਨ੍ਹਾਂ ਦੀ ਮੌਤ ਤੋਂ ਬਾਅਦ ਅਖੰਡ ਹਿੰਦੂਸਤਾਨ ਫਿਰ ਤਿੰਨ ਹਿੱਸਿਆਂ - ਨਾਗਵੰਸ਼ (ਮੱਧ ਭਾਰਤ), ਬਾਕਾਟਕਵੰਸ਼ (ਦੱਖਣ ਭਾਰਤ) ਅਤੇ ਗੁਪਤ ਮੋਰੀਆ ਵੰਸ਼ (ਪੂਰਬੀ ਭਾਰਤ) ਵਿੱਚ ਵੰਡਿਆ ਗਿਆ। ਇਸ ਨੂੰ ਫਿਰ ਦੁਬਾਰਾ ਅਖੰਡ ਭਾਰਤ ਦਾ ਰੂਪ ਅੱਜ ਤੋਂ ੧੪੦੦ ਸਾਲ ਪਹਿਲਾਂ ਰਾਜਾ ਹਰਸ਼ਵਰਧਨ ਨੇ ਦਿੱਤਾ ਪਰ ਜਦੋਂ ਅਸੀਂ ਸਮਰਾਟ ਚੰਦਰ ਗੁਪਤ ਮੋਰੀਆ, ਸਮਰਾਟ ਅਸ਼ੋਕ ਅਤੇ ਰਾਜਾ ਹਰਸ਼ਵਰਧਨ ਸਮੇਂ ਲਿਖਤ ਇਤਿਹਾਸ ਦਾ ਵਿਸ਼ਲੇਸ਼ਣ ਕਰੀਏ ਤਾਂ ਕਿਤੇ ਵੀ ਭਾਰਤ ਜਾਂ ਹਿੰਦੂਸਤਾਨ ਰਾਸ਼ਟਰ ਸ਼ਬਦ ਦਾ ਵਰਨਣ ਨਹੀਂ ਮਿਲਦਾ ਸਗੋਂ ਵੱਖੋ ਵੱਖਰੇ ਦੇਸ਼ ਅਤੇ ਉਥੋਂ ਦੇ ਹਾਕਮਾਂ ਦਾ ਵਰਨਣ ਮਿਲਦਾ ਹੈ। ਇਥੋਂ ਤੱਕ ਕਿ ਸੰਨ ੭੧੨ ਵਿੱਚ ਇਰਾਕੀ ਮੁਸਲਮਾਨ ਹਮਲਾਵਰ ਮੁਹੰਮਦ ਬਿਨ ਕਾਸਿਮ ਵਲੋਂ ੫੦੦ ਸਿਪਾਹੀਆਂ ਨਾਲ ਕੀਤੇ ਹਮਲੇ ਜਿਸ ਨੂੰ ਭਾਰਤ 'ਤੇ ਹਮਲਾ ਕਿਹਾ ਜਾਂਦਾ ਹੈ, ਅਸਲ ਵਿੱਚ ਸਿੰਧ ਅਤੇ ਬਲੋਚਿਸਤਾਨ ਦੇਸ਼ 'ਤੇ ਹਮਲਾ ਸੀ, ਜਿੱਥੋਂ ਦਾ ਰਾਜਾ ਦਾਹਿਰ ਸੀ। ਇਸ ਤੋਂ ਬਾਅਦ ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਨੇ ਹੋਰ ਕਈ ਦੇਸ਼ਾਂ 'ਤੇ ਹਮਲੇ ਕਰਕੇ ਇੱਥੇ ਇਸਲਾਮਿਕ ਰਾਜ ਦੀ ਨੀਂਹ ਰੱਖ ਦਿੱਤੀ। ਇਨ੍ਹਾਂ ਵਲੋਂ ਪੇਸ਼ਾਵਰ, ਲਾਹੌਰ, ਨਗਰਕੋਟ, ਥਾਣੇਸਰ, ਕਨੌਜ, ਮਥਰਾ, ਮਹਾਵਨ, ਕਾਠੀਆਵਾੜ, ਬਿੰਦਰਾਬਨ ਆਦਿ ਦੇਸ਼ਾਂ 'ਤੇ ਹਮਲਾ ਕਰਨ ਦਾ ਵਰਨਣ ਤਾਂ ਮਿਲਦਾ ਹੈ ਪਰ ਇਤਿਹਾਸ 'ਚ ਕਿਤੇ ਵੀ ਵਰਨਣ ਨਹੀਂ ਕਿ ਇਨ੍ਹਾਂ ਨੇ ਭਾਰਤ ਜਾਂ ਹਿੰਦੂਸਤਾਨ 'ਤੇ ਹਮਲਾ ਕੀਤਾ ਹੋਏ। ਇਨ੍ਹਾਂ ਸਾਰੇ ਦੇਸ਼ਾਂ ਦੇ ਵੱਖੋ ਵੱਖਰੇ ਰਾਜੇ ਸਨ ਜਿਵੇਂ ਕਿ ਪ੍ਰਿਥਵੀ ਰਾਜ ਚੌਹਾਨ, ਜੈ ਚੰਦ ਆਦਿ। ਅਸਲ ਵਿੱਚ ਹਿੰਦੂਸਤਾਨ ਸ਼ਬਦ ਦੀ ਵਰਤੋਂ ਮੁਗਲ ਹਮਲਾਵਰ ਲੁਟੇਰਿਆਂ ਵਲੋਂ ਸਿੰਧ 'ਤੇ ਕਬਜ਼ਾ ਕਰਨ ਤੋਂ ਬਾਅਦ ਉਨ੍ਹਾਂ ਦੇਸ਼ਾਂ ਬਾਰੇ ਕੀਤੀ ਜਿੱਥੇ ਮੁਗਲ ਹਾਕਮ ਨਹੀਂ ਸਨ।

ਪੰਦਰਵੀਂ ਸਦੀ 'ਚ ਪਹਿਲੇ ਸਿੱਖ ਗੁਰੂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹੇ ਪਾਉਣ ਲਈ ਕਈ ਦੇਸ਼ਾਂ ਵਿੱਚ ਗਏ ਜਿੱਥੇ ਉਨ੍ਹਾਂ ਦੇਸ਼ਾਂ ਦੇ ਰਾਜਿਆਂ ਨੂੰ ਮਿਲੇ। ਜਿਵੇਂ ਊੜੀਸਾ ਦੇ ਰਾਜੇ ਪ੍ਰਤਾਪੁਰ ਦੇਵ ਅਤੇ ਗਯਾ ਚੰਦਰੌਲੀ ਦੇ ਰਾਜੇ ਹਰੀ ਨਾਥ ਨੂੰ ਆਦਿ। ਸ਼੍ਰੀ ਲੰਕਾ ਵੀ ਉਸ ਸਮੇਂ ੭ ਅਜ਼ਾਦ ਦੇਸ਼ਾਂ ਦਾ ਸਮੂਹ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਉਥੇ ਸਿੰਗਲਾਦੀਪ ਦੇ ਰਾਜੇ ਸ਼ਿਵਨਾਬ ਤੇ ਕੋਟੀ ਦੇ ਰਾਜੇ ਧਰਮਾ ਪ੍ਰਕਰਮਾ ਬਾਹੂ ਨੂੰ ਮਿਲੇ। ਭਾਵੇਂ ਵਿਦੇਸ਼ੀ ਮੁਗਲ ਧਾੜਵੀਆਂ ਵਲੋਂ ਅਨੇਕਾਂ ਗੈਰ ਮੁਸਲਮਾਨੀ ਦੇਸ਼ਾਂ 'ਤੇ ਕਬਜ਼ਾ ਕਰਕੇ ਮੁਗਲੀਆ ਹਕੂਮਤ ਕਾਇਮ ਕਰ ਲਈ ਸੀ ਪਰ ਫਿਰ ਵੀ ਮੁਗਲ ਇਨ੍ਹਾਂ ਦੇਸ਼ਾਂ ਨੂੰ ਅਖੰਡ ਭਾਰਤ ਦੇਸ਼ ਨਹੀਂ ਬਣਾ ਸਕੇ। ਔਰੰਗਜੇਬ ਦੇ ਵਿਸ਼ਾਲ ਅੱਤਿਆਚਾਰੀ ਮੁਗਲ ਸਾਮਰਾਜ ਸਮੇਂ ਵੀ ਆਸਾਮ ਅਤੇ ਕਈ ਹੋਰ ਦੇਸ਼ਾਂ ਦੇ ਰਾਜੇ ਚੱਕਰਧਵਚ ਅਤੇ ਰਾਮ ਰਤਨ ਰਾਏ ਵਰਗਿਆਂ ਨੇ ਆਪਣੀ ਆਜ਼ਾਦ ਹੋਂਦ ਬਰਕਰਾਰ ਰੱਖੀ ਜੋ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਉਪਾਸ਼ਕ ਸਨ। ਆਸਾਮ ਦੇ ਰਾਜੇ ਰਾਮ ਰਤਨ ਰਾਏ ਨੇ ਹੀ ਦਸ਼ਮੇਸ਼ ਪਿਤਾ ਜੀ ਨੂੰ ਚਿੱਟਾ ਹਾਥੀ ਅਤੇ ਬੇਸ਼ਕੀਮਤੀ ਵਸਤਾਂ ਭੇਟ ਕੀਤੀਆਂ ਸਨ। ਇਥੇ ਇਹ ਵੀ ਅੱਟਲ ਸੱਚਾਈ ਹੈ ਕਿ ਮੁਗਲ ਹਕੂਮਤ ਕਾਇਮ ਕਰਵਾਉਣ ਪਿੱਛੇ ਵੀ ਰਾਜਾ ਜੈ ਚੰਦ ਅਤੇ ਅਮੀ ਚੰਦ ਵਰਗਿਆਂ ਦਾ ਭਰਪੂਰ ਯੋਗਦਾਨ ਸੀ। ੧੫ਵੀਂ ਸਦੀ 'ਚ ਜਨਮੇ ਸਿੱਖ ਧਰਮ ਨੇ ਆਪਣੇ ਮਹਾਨ ਉਚੇ ਸੁੱਚੇ ਕਿਰਦਾਰ ਕਰਕੇ ਵਿਦੇਸ਼ੀ ਮੁਗਲੀਆ ਹਕੂਮਤ ਨੂੰ ਜੜ੍ਹੋਂ ਉਖਾੜ ਕੇ ੧੯ਵੀਂ ਸਦੀ 'ਚ ਵਿਸ਼ਾਲ ਖ਼ਾਲਸਾ ਰਾਜ ਦੀ ਸਿਰਜਨਾ ਕੀਤੀ। ਇਹ ਖ਼ਾਲਸਾ ਰਾਜ ਅਫ਼ਗਾਨਿਸਤਾਨ ਦੇ ਕਾਬਲ ਕੰਧਾਰ ਤੋਂ ਲੈਕੇ ਤਿੱਬਤ ਦੇ ਲੇਹ ਲੱਦਾਖ, ਜੰਮੂ ਕਸ਼ਮੀਰ, ਅਜੋਕੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਅਤੇ ਯੂ.ਪੀ ਦੇ ਸਹਾਰਨਪੁਰ ਤੱਕ ਫੈਲਿਆ ਸੀ।

ਹੋ ਸਕਦਾ ਸੀ ਕਿ ਸਿੱਖ ਖ਼ਾਲਸਾ ਰਾਜ ਦੇ ਰੂਪ ਵਿੱਚ ਅਖੰਡ ਭਾਰਤ ਦੀ ਨੀਂਹ ਰੱਖਦੇ ਪਰ ਪਹਾੜੀ ਡੋਗਰੇ ਧਿਆਨ ਸਿੰਹੁ, ਹੀਰਾ ਸਿੰਹੁ, ਗੁਲਾਬ ਸਿੰਹੁ, ਸੁਚੇਤ ਸਿੰਹੁ ਅਤੇ ਯੂ.ਪੀ ਦੇ ਭਈਏ ਮਿਸਰ ਲਾਲ ਸਿੰਹੁ ਤੇ ਤੇਜ਼ ਸਿੰਹੁ ਦੀਆਂ ਗਦਾਰੀਆਂ ਕਾਰਨ ਇਹ ਵਿਸ਼ਾਲ ਖ਼ਾਲਸਾ ਰਾਜ ਵੀ ੧੮੪੯ ਵਿੱਚ ਅਖੌਤੀ ਅਖੰਡ ਭਾਰਤੀ ਗਣਰਾਜ ਦੇ ਹੋਰ ਰਾਜਾਂ ਵਾਂਗ ਅੰਗਰੇਜ਼ਾਂ ਦੇ ਕਬਜ਼ੇ ਹੇਠ ਚਲਾ ਗਿਆ। ਅੱਜ ਦਾ ਅਖੰਡ ਭਾਰਤੀ ਗਣਰਾਜ ਜਿਸ ਨੂੰ ਦੇਸ਼ ਦੇ ਸੰਘੀ ਹੁਕਮਰਾਨ ਹਿੰਦੂ ਰਾਸ਼ਟਰ ਹਿੰਦੁਸਤਾਨ ਦੇ ਰੂਪ 'ਚ ਤਬਦੀਲ ਕਰਨਾ ਚਹੁੰਦੇ ਹਨ ਅਸਲ ਵਿੱਚ ਵਿਦੇਸ਼ੀ ਅੰਗਰੇਜ਼ ਧਾੜਵੀ ਹੁਕਮਰਾਨਾਂ ਦੀ ਦੇਣ ਹੈ। ੧੯੪੭ ਵਿੱਚ ਅੰਗਰੇਜ਼ਾਂ ਵਲੋਂ ਭਾਰਤੀ ਗਣਰਾਜ ਦਾ ਕਬਜ਼ਾ ਛੱਡਣ ਸਮੇਂ ਪਾਕਿਸਤਾਨ ਅਤੇ ਬੰਗਲਾਦੇਸ਼ ਦੋ ਵੱਖੋ ਵੱਖਰੇ ਦੇਸ਼ਾਂ ਨੂੰ ਮਾਨਤਾ ਦਿੱਤੀ ਗਈ ਇਸ ਤੋਂ ਪਹਿਲਾਂ ਅੰਗਰੇਜ਼ਾਂ ਵਲੋਂ ੧੯੦੪ ਵਿੱਚ ਨੇਪਾਲ,



੧੯੦੬ ਵਿੱਚ ਭੂਟਾਨ, ੧੯੧੪ ਵਿੱਚ ਤਿੱਬਤ, ੧੯੩੭ ਵਿੱਚ ਬਰਮ੍ਹਾ, ੧੯੪੨ ਵਿੱਚ ਇੰਡੋਨੇਸ਼ੀਆ ਅਤੇ ਮਲੇਸ਼ੀਆ ਨੂੰ ਅਜ਼ਾਦ ਦੇਸ਼ ਐਲਾਨ ਕੀਤਾ ਗਿਆ। ੧੯੪੭ ਵਿੱਚ ਅੰਗਰੇਜ਼ਾਂ ਵਲੋਂ ਭਾਰਤ ਗਣਰਾਜ ਛੱਡਣ ਸਮੇਂ ੧੭ ਦੇਸ਼ ਅਤੇ ੫੬੫ ਦੇਸੀ ਰਿਆਸਤਾਂ ਸਨ ਜਿਨ੍ਹਾਂ ਦੇ ਵੱਖੋ ਵੱਖਰੇ ਹੁਕਮਰਾਨ ਸਨ। ੧੯੪੭ ਵਿੱਚ ਲਾਰਡ ਮਾਊਂਟ ਬੈਟਨ, ਜਵਾਹਰ ਲਾਲ ਨਹਿਰੂ ਅਤੇ ਮੁਹੰਮਦ ਅਲੀ ਜਿਨ੍ਹਾਹ ਵਿੱਚ ਇਹ ਫੈਸਲਾ ਹੋਇਆ ਸੀ ਕਿ ਇਹ ਦੇਸ਼ ਅਤੇ ਰਿਆਸਤਾਂ ਆਪਣੀ ਮਰਜ਼ੀ ਨਾਲ ਪਾਕਿਸਤਾਨ ਜਾਂ ਭਾਰਤੀ ਗਣਰਾਜ ਵਿੱਚ ਜ਼ਜਬ ਹੋ ਸਕਦੀਆਂ ਹਨ ਜਾਂ ਫਿਰ ਆਪਣੀ ਮਰਜ਼ੀ ਨਾਲ ਸੁਤੰਤਰ ਦੇਸ਼ ਵਜੋਂ ਵੀ ਰਹਿ ਸਕਦੀਆਂ ਹਨ।

ਇਸ ਸਬੰਧੀ ਪੂਰੀ ਜਾਣਕਾਰੀ ਬ੍ਰਿਟਿਸ਼ ਗਵਰਨਮੈਂਟ ਵਲੋਂ ਟਰਾਂਸਫਰ ਆਫ਼ ਪਾਵਰ ਦੇ ਐਲਾਨ-ਨਾਮੇ ਦੇ ਰੂਪ ਵਿੱਚ ਅਜੇ ਵੀ ਬ੍ਰਿਟਿਸ਼ ਗਵਰਨਮੈਂਟ ਕੋਲ ਸੁਰੱਖਿਅਤ ਹੈ। ਇਹ ੧੭ ਦੇਸ਼ ਜੰਮੂ-ਕਸ਼ਮੀਰ, ਪੰਜਾਬ, ਰਾਜਪੁਤਾਨਾ, ਬੰਬੇ ਪ੍ਰੈਜ਼ੀਡੈਂਸੀ, ਮੈਸੂਰ, ਹੈਦਰਾਬਾਦ, ਮਦਰਾਸ ਪ੍ਰੈਜ਼ੀਡੈਂਸੀ, ਊੜੀਸਾ, ਸੈਂਟਰਲ ਪ੍ਰੋਵੀਐਂਸ, ਸੈਂਟਰਲ ਇੰਡੀਆ, ਤ੍ਰਿਵਨਕੋਰ ਤੇ ਕੋਚੀਨ, ਯੂਨਾਇਟਡ ਪ੍ਰੋਵੀਐਂਸ, ਬਿਹਾਰ, ਬੰਗਾਲ, ਮਣੀਪੁਰ, ਆਸਾਮ ਆਦਿ ਸਨ। ਹਾਲਾਂਕਿ ਇਨ੍ਹਾਂ ਦੇਸ਼ਾਂ ਵਿਚੋਂ ਬਹੁਤੇ ਦੇਸ਼ ਸੁਤੰਤਰ ਰਹਿਣਾ ਚਹੁੰਦੇ ਸਨ ਪਰ ਵੱਲਭ ਭਾਈ ਪਟੇਲ ਨੇ ਹਰ ਜਾਇਜ਼ ਨਜਾਇਜ਼ ਢੰਗ ਤਰੀਕਾ ਅਤੇ ਨੀਤੀ ਵਰਤ ਕੇ ਇਨ੍ਹਾਂ ਨੂੰ ਭਾਰਤ ਗਣਰਾਜ ਦਾ ਰੂਪ ਦੇ ਦਿੱਤਾ। ਇਸ ਤੋਂ ਬਾਅਦ ਇਨ੍ਹਾਂ ਦੀ ਤਾਕਤ ਖ਼ਤਮ ਕਰਨ ਲਈ ਭਾਰਤੀ ਗਣਰਾਜ ਵਿੱਚ ੨੨ ਦਸੰਬਰ ੧੯੫੩ ਨੂੰ ਰਾਜ ਪੁਨਰਗਠਨ ਆਯੋਗ ਦਾ ਗਠਨ ਕੀਤਾ ਗਿਆ ਤੇ ਭਾਸ਼ਾ ਦੇ ਆਧਾਰ 'ਤੇ ਭਾਰਤ ਵਿੱਚ ਰਾਜ ਬਣਾਉਣੇ ਸ਼ੁਰੂ ਕੀਤੇ ਗਏ। ਇਥੋਂ ਹੀ ਭਾਰਤੀ ਹੁਕਮਰਾਨਾ ਦੀ ਦੋਗਲੀ ਨੀਤੀ ਦਾ ਪਰਦਾਫਾਸ਼ ਹੁੰਦਾ ਹੈ। ਇੱਕ ਪਾਸੇ ਭਾਸ਼ਾ ਨੂੰ ਆਧਾਰ ਬਣਾ ਕੇ ਵੱਡੇ ਰਾਜਾਂ ਨੂੰ ਕੱਟ ਵੱਢ ਕੇ ਛੋਟਾ ਕਰ ਦਿੱਤਾ ਗਿਆ ਤੇ ਕਈ ਕੱਟੜਵਾਦੀ ਹਿੰਦੂਤਵੀ ਸੋਚ ਵਾਲੇ ਰਾਜਾਂ ਨੂੰ ਮਿਲਾ ਕੇ ਵੱਡੇ ਰਾਜ ਬਣਾ ਦਿੱਤੇ ਗਏ। ਪਹਿਲਾਂ ਤਾਂ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਵੰਡ ਕਰ ਲਈ ਗਈ ਤੇ ਹੁਣ ਦੂਜੇ ਪਾਸੇ ਸਾਰੇ ਦੇਸ਼ 'ਤੇ ਹਿੰਦੀ ਠੋਸੀ ਜਾ ਰਹੀ ਹੈ।

੧੯੫੩ ਵਿੱਚ ਹੈਦਰਾਬਾਦ ਨੂੰ ਕੱਟ ਵੱਢ ਕੇ ਆਂਧਰਾ ਪ੍ਰਦੇਸ਼, ਆਸਾਮ ਨੂੰ ਕੱਟ ਵੱਢ ਕੇ ਅਰੁਣਾਚਲ ਪ੍ਰਦੇਸ਼ ਅਤੇ ਬੰਗਾਲ ਤੋਂ ਪੱਛਮੀਂ ਬੰਗਾਲ ਬਣਾਇਆ ਗਿਆ। ਸੰਨ ੧੯੫੬ ਵਿੱਚ ਸੈਂਟਰਲ ਪ੍ਰੋਵੀਐਂਸ ਅਤੇ ਸੈਂਟਰਲ ਇੰਡੀਆ ਨੂੰ ਮਿਲਾ ਕੇ ਵੱਡੇ ਰਾਜ ਮੱਧ ਪ੍ਰਦੇਸ਼ ਦੀ ਨੀਂਹ ਰੱਖੀ ਗਈ। ਸੰਨ ੧੯੫੬ 'ਚ ਹੀ ਤ੍ਰਿਵਨਕੋਰ ਅਤੇ ਕੋਚੀਨ ਨੂੰ ਮਿਲਾ ਕੇ ਕੇਰਲ ਅਤੇ ਮਦਰਾਸ ਪ੍ਰੈਜ਼ੀਡੈਂਸੀ ਨੂੰ ਕੱਟ ਕੇ ਤਾਮਿਲਨਾਡੂ ਬਣਾਇਆ ਗਿਆ। ਸੰਨ ੧੯੬੦ ਵਿੱਚ ਬੰਬੇ ਪ੍ਰੈਜ਼ੀਡੈਂਸੀ ਨੂੰ ਕੱਟ ਕੇ ਮਹਾਰਾਸ਼ਟਰ ਅਤੇ ਗੁਜਰਾਤ ਬਣਾਏ ਗਏ। ਸੰਨ ੧੯੬੩ ਵਿੱਚ ਆਸਾਮ ਤੋਂ ਵੱਖ ਕਰਕੇ ਨਾਗਾਲੈਂਡ ਬਣਾਇਆ ਗਿਆ, ੧੯੬੬ ਵਿੱਚ ਪੰਜਾਬ ਤੋਂ ਕੱਟ ਕੇ ਹਰਿਆਣਾ ਤੇ ੧੯੭੧ ਵਿੱਚ ਹਿਮਾਚਲ ਪ੍ਰਦੇਸ਼ ਬਣਾਇਆ ਗਿਆ। ਸੰਨ ੧੯੭੨ ਵਿੱਚ ਆਸਾਮ ਨੂੰ ਹੋਰ ਛੋਟਾ ਕਰਕੇ ਵੱਖਰਾ ਰਾਜ ਮੇਘਾਲਿਆ ਬਣਾ ਦਿੱਤਾ ਗਿਆ। ਸੰਨ ੧੯੭੩ ਵਿੱਚ ਹੈਦਰਾਬਾਦ ਤੋਂ ਵੱਖਰਾ ਕਰਕੇ ਕਰਨਾਟਕ ਰਾਜ ਬਣਾਇਆ ਗਿਆ, ੧੯੭੫ ਵਿੱਚ ਗਵਾਂਢੀ ਦੇਸ਼ ਸਿੱਕਮ ਨੂੰ ਭਾਰਤੀ ਯੂਨੀਅਨ ਵਿੱਚ ਸ਼ਾਮਲ ਕੀਤਾ ਗਿਆ, ਸੰਨ ੧੯੮੭ ਵਿੱਚ ਆਸਾਮ ਨੂੰ ਹੋਰ ਛੋਟਾ ਕਰਕੇ ਇੱਕ ਹੋਰ ਰਾਜ ਮਿਜ਼ੋਰਮ ਬਣਾ ਦਿੱਤਾ ਗਿਆ, ਸੰਨ ੨੦੦੦ ਵਿੱਚ ਯੂਨਾਇਟਡ ਪ੍ਰੋਵੀਐਂਸ (ਯੂ.ਪੀ) ਤੋਂ ਉਤਰਾਖੰਡ, ਬਿਹਾਰ ਤੋਂ ਝਾਰਖੰਡ ਅਤੇ ਮੱਧ ਪ੍ਰਦੇਸ਼ ਵਿਚੋਂ ਛੱਤੀਸਗੜ੍ਹ ਆਦਿ ਹੋਰ ਰਾਜ ਬਣਾਏ ਗਏ, ਸੰਨ ੨੦੧੪ ਵਿੱਚ ਆਂਧਰਾ ਪ੍ਰਦੇਸ਼ ਨੂੰ ਹੋਰ ਛੋਟਾ ਕਰਦਿਆਂ ੨੯ਵਾਂ ਰਾਜ ਤੇਲੰਗਾਨਾ ਬਣਾਇਆ ਗਿਆ।

ਇਸ ਦੇਸ਼ ਦੇ ਮੰਨੂੰਵਾਦੀ ਹੁਕਮਰਾਨਾਂ ਵਲੋਂ ਸੰਨ ੧੯੪੭ ਵੇਲੇ ਦੇ ੧੭ ਦੇਸ਼ਾਂ ਅਤੇ ੫੬੫ ਰਿਆਸਤਾਂ ਦੀ ਯੂਨੀਅਨ ਨੂੰ ਮਿਲਾ ਕੇ ੨੯ ਰਾਜਾਂ ਦੇ ਰੂਪ ਵਿੱਚ ਭਾਰਤੀ ਗਣਰਾਜ ਦੇਸ਼ ਸਥਾਪਿਤ ਕਰ ਦਿੱਤਾ ਗਿਆ ਹੈ ਜਿਸ ਨੂੰ ਕਦੇ ਅਖੰਡ ਭਾਰਤ ਅਤੇ ਕਦੇ ਹਿੰਦੂ ਰਾਸ਼ਟਰ ਹਿੰਦੂਸਤਾਨ ਵਜੋਂ ਬਿਆਨ ਕੀਤਾ ਜਾ ਰਿਹਾ ਹੈ । ਅਜੋਕੇ ਸਮੇਂ ਰਾਸ਼ਟਰੀ ਸਵੈਮ ਸੇਵਕ ਸੰਘ ਵੱਲੋਂ ਜੋ ਹਿੰਦੂ ਰਾਸ਼ਟਰ ਦਾ ਨਕਸ਼ਾ ਤਿਆਰ ਕੀਤਾ ਗਿਆ ਹੈ, ਉਸ ਵਿੱਚ ਭਾਰਤੀ ਗਣਰਾਜ ਦੇ ਮੌਜੂਦਾ ਰਾਜਾਂ ਤੋਂ ਇਲਾਵਾ ਦੇਸ਼ ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ, ਸ਼੍ਰੀ ਲੰਕਾ, ਨੇਪਾਲ, ਤਿੱਬਤ ਆਦਿ ਨੂੰ ਸ਼ਾਮਿਲ ਕਰ ਲਿਆ ਗਿਆ ਹੈ। ਇਸ ਸਬੰਧੀ ਸੰਘ ਪਰਿਵਾਰ ਰਾਹੀਂ ਸੱਤਾ ਦੀ ਗੱਦੀ 'ਤੇ ਬੈਠੇ ਗੋਆ ਦੇ ਇਸਾਈ ਉਪ ਮੁੱਖ ਮੰਤਰੀ ਫਰਾਂਸਿਜ਼ ਡਿਸੂਜ਼ਾ ਭਾਜਪਾ ਘੱਟ ਗਿਣਤੀ ਮੋਰਚਾ ਦੇ ਮੁਸਲਮਾਨ ਪ੍ਰਧਾਨ ਅਬਦੁਲ ਰਸ਼ੀਦ ਅੰਸਾਰੀ, ਹਰਜੀਤ ਗਰੇਵਾਲ ਪੰਜਾਬ ਭਾਜਪਾ ਦਾ ਉੱਚ ਕਤਾਰ ਦਾ ਸਿੱਖ ਅਹੁਦੇਦਾਰ ਅਤੇ ਘੱਟ ਗਿਣਤੀ ਕਲਿਆਣਕਾਰੀ ਮੰਤਰੀ ਨਜ਼ਮਾ ਹੈਬੁਤੁੱਲਾ ਵਰਗਿਆਂ ਰਾਹੀਂ ਸੰਘ ਮੁਖੀ ਮੋਹਨ ਭਾਗਵਤ ਦੇ ਬਿਆਨ ਕਿ "ਦੇਸ਼ ਦੀ ਭਾਸ਼ਾ ਹਿੰਦੀ, ਹਰੇਕ ਵਾਸੀ ਹਿੰਦੂ ਅਤੇ ਦੇਸ਼ ਹਿੰਦੂਸਤਾਨ ਹਿੰਦੂ ਰਾਸ਼ਟਰ" ਦੀ ਪ੍ਰੋੜਤਾ ਕਰਵਾਈ ਜਾਂਦੀ ਹੈ।

ਇੱਕ ਪਾਸੇ ਭਾਰਤੀ ਗਣਰਾਜ ਨੂੰ ਹਿੰਦੂਸਤਾਨ ਹਿੰਦੂ ਰਾਸ਼ਟਰ ਦਾ ਨਾਂਅ ਦਿੱਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਭਾਰਤੀ ਗਣਰਾਜ ਦੀ ਗੰਗਾ ਪੱਟੀ ਤੇ ਕੁੱਝ ਰਾਜਾਂ ਨੂੰ ਛੱਡ ਕੇ ਕਸ਼ਮੀਰ, ਪੰਜਾਬ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਆਸਾਮ, ਅਰੁਣਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ, ਸਿੱਕਮ ਆਦਿ ਰਾਜ ਭਾਰਤੀ ਯੂਨੀਅਨ ਤੋਂ ਵੱਖ ਹੋ ਕੇ ਆਜ਼ਾਦ ਦੇਸ਼ ਕਾਇਮ ਕਰਨ ਦੇ ਰਾਹ 'ਤੇ ਤੁਰੇ ਹੋਏ ਹਨ। ਕਰਨਾਟਕਾ ਨੇ ਤਾਂ ਆਪਣਾ ਵੱਖਰਾ ਝੰਡਾ ਵੀ ਐਲਾਨ ਦਿੱਤਾ ਹੈ। ਅਸਲ ਵਿੱਚ ਹਿੰਦੂ ਰਾਸ਼ਟਰ ਹਿੰਦੂਸਤਾਨ ਦੀ ਸੋਚ ਕੁੱਝ ਉਚ ਜਾਤੀ ਹੁਕਮਰਾਨਾਂ ਦੀ ਹੈ ਜੋ ਭਾਰਤ ਵਿਚਲੀਆਂ ਸਾਰੀਆਂ ਘੱਟ ਗਿਣਤੀ ਕੌਮਾਂ ਨੂੰ ਦਬਾ ਕੇ ਮੁੜ ਗੁਲਾਮ ਪ੍ਰਥਾ ਸੁਰਜੀਤ ਕਰਕੇ ਰਾਜਭਾਗ ਦਾ ਸਦੀਵੀ ਆਨੰਦ ਮਾਨਣਾ ਚਾਹੁੰਦੇ ਹਨ। ਸੰਘਵਾਦੀਆਂ ਦੀਆਂ ਅਜਿਹੀਆਂ ਅਣਮਨੁੱਖੀ ਹਰਕਤਾਂ ਕਰਕੇ ਹੀ ਵਿਸ਼ਵ ਪੱਧਰ ਦੀਆਂ ਸੁਰੱਖਿਆ ਏਜੰਸੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਨੂੰ ਅੱਤਵਾਦੀਆਂ ਦੀ ਸ਼੍ਰੈਣੀ ਵਿੱਚ ਸ਼ਾਮਲ ਕਰ ਲਿਆ ਹੈ।

(੪). ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ : -ਸਿੱਖ ਪੰਥ ਦਸ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਕੀਤੀ ਗੁਰਬਾਣੀ ਆਸਰੇ ਜੀਵਣ ਜਿਊਣ ਵਾਲਾ ਜਨ ਸਮੂਹ ਹੈ। ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਗੁਰਬਾਣੀ ਵਿਚਾਰਧਾਰਾ ਕਿਸੇ ਇੱਕ ਭਾਸ਼ਾ, ਕਿਸੇ ਇੱਕ ਵਿਸ਼ੇਸ਼ ਵਰਗ ਅਤੇ ਕਿਸੇ ਇੱਕ ਖ਼ਾਸ ਖਿੱਤੇ ਲਈ ਨਾ-ਰਾਖਵੀਂ ਹੋ ਕੇ ਸਗੋਂ ਸਮੁੱਚੇ ਬ੍ਰਹਿਮੰਡ ਲਈ ਹੈ। ਗੁਰਬਾਣੀ ਉਪਦੇਸ਼ - "ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥" (ਸੂਹੀ ਮਹਲਾ ੫, ਅੰਗ ੭੪੭) ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇਂ ਗੁਰਮੁਖੀ (ਪੰਜਾਬੀ) ਹੈ, ਜਿਸ ਨੂੰ ਹਿੰਦੀ ਭਾਸ਼ਾ ਦੇ ਵਿਦਵਾਨ (ਪਿਸਾਚੀ ਬੋਲੀ) ਮਨੁੱਖੀ ਖ਼ੂਨ ਪੀਣ ਵਾਲਿਆਂ ਦੀ ਬੋਲੀ ਗਰਦਾਨਦੇ ਹਨ, ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੰਜਾਬੀ, ਦੇਵਨਾਗਰੀ, ਸੰਸਕ੍ਰਿਤ, ਉਰਦੂ, ਫਾਰਸੀ, ਬ੍ਰਿਜ ਤੇ ਅਰਬੀ ਸਮੇਤ ੧੩ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਸਾਹਿਬ ਜੀ ਦੀ ਇਹ ਮਹਾਨਤਾ ਹੀ ਹੈ ਕਿ ਉਸ ਸਮੇਂ ਸਮਾਜ ਦੀਆਂ ਉੱਚ ਜਾਤੀਆਂ ਵਲੋਂ ਜਿਸ ਭਾਸ਼ਾ ਨੂੰ ਪਿਸਾਚੀ ਬੋਲੀ ਕਹਿ ਕੇ ਦੁਰਕਾਰਿਆ ਗਿਆ ਸੀ, ਗੁਰੂ ਸਾਹਿਬਾਨ ਨੇ ਇਸੇ ਪੰਜਾਬੀ ਲਿਪੀ ਵਿੱਚ ਉਸ ਸਮੇਂ ਦੀਆਂ ਸਾਰੀਆਂ ਭਾਸ਼ਾਵਾਂ ਨੂੰ ਕਲਮਬੰਦ ਕੀਤਾ ਹੈ। ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਹੀ ਸੰਸਾਰ ਦੇ ਅਜਿਹੇ ਪਹਿਲੇ ਰੱਬੀ ਧਰਮ ਗੁਰੂ ਹੋਏ ਹਨ ਜੋ ਭਾਰਤੀ ਗਣਰਾਜ ਤੇ ਇਸ ਤੋਂ ਬਾਹਰ ਦੀਆਂ ਬੋਲੀਆਂ ਜਾਂਦੀਆਂ ਸਾਰੀਆਂ ਭਾਸ਼ਾਵਾਂ ਦੇ ਗਿਆਤਾ ਸਨ। ਅੱਜ ਜੇਕਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਰਬੀ, ਫਾਰਸੀ, ਉਰਦੂ, ਦੇਵਨਾਗਰੀ, ਬ੍ਰਿਜ, ਸੰਸਕ੍ਰਿਤ ਆਦਿ ਵਿੱਚ ਲਿਖਤ ਬਾਣੀ ਨੂੰ ਇਨ੍ਹਾਂ ਭਾਸ਼ਾਵਾਂ ਦਾ ਗਿਆਤਾ ਪੜ੍ਹਣਾ ਜਾਂ ਸਮਝਣਾ ਚਾਹੇ ਤਾਂ ਸਭ ਤੋਂ ਪਹਿਲਾਂ ਉਸਨੂੰ ਗੁਰਮੁਖੀ ਸਿੱਖਣੀ ਪਵੇਗੀ। ਸੰਸਕ੍ਰਿਤ ਨੂੰ ਦੇਵ ਭਾਸ਼ਾ ਕਹਿ ਕੇ ਦੁਰਕਾਰੀ ਗਈ ਪੰਜਾਬੀ ਬੋਲੀ ਨੂੰ ਅੱਜ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ੯ ਕਰੋੜ ਦੇ ਕਰੀਬ ਲੋਕ ਬੋਲਦੇ ਹਨ ਜਦੋਂ ਕਿ ਸਿੱਖਾਂ ਦੀ ਗਿਣਤੀ ਕੇਵਲ ਪੌਣੇ ੨ ਕਰੋੜ ਦੇ ਕਰੀਬ ਹੈ। ਅੱਜ ਵੀ ਬ੍ਰਾਹਮਣ ਅਰਬੀ, ਫਾਰਸੀ ਨੂੰ ਅਧਰਮੀ ਭਾਸ਼ਾ ਕਹਿੰਦੇ ਹਨ ਤੇ ਮੁਸਲਮਾਨ ਸੰਸਕ੍ਰਿਤ ਨੂੰ ਕਾਫ਼ਰਾਂ ਦੀ ਭਾਸ਼ਾ ਆਖਦੇ ਹਨ ਪਰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" (ਰਾਗੁ ਮਾਝ ਮਹਲਾ ੫, ਅੰਗ ੯੭) ਦਾ ਹੋਕਾ ਦੇਣ ਵਾਲੀ ਕੇਵਲ ਤੇ ਕੇਵਲ ਬ੍ਰਹਿਮੰਡੀ ਗੁਰਮਤਿ ਦੀ ਵਿਚਾਰਧਾਰਾ ਹੀ ਹੈ। ਅੱਜ ਪੰਜਾਬੀ ਭਾਸ਼ਾ ਨੂੰ ਖ਼ਤਮ ਕਰਨ ਦੇ ਅਨੇਕਾਂ ਯਤਨ ਹੋ ਰਹੇ ਹਨ। ਹਾਂਲਾਕਿ ਇਹ ਸੰਸਾਰ ਦੀ ਸਭ ਤੋਂ ਸਰਲ ਭਾਸ਼ਾ ਹੈ। ਉਦਾਹਰਣ ਵਜੋਂ ਪੰਜਾਬੀ ਵਿੱਚ ਬਹੁਤ ਘੱਟ ਦੋਹਰੇ ਅੱਖਰ ਹਨ ਅਤੇ ਜੋ ਕਿ ਬਹੁਤ ਸਰਲ ਹਨ।

ਪਰ ਹਿੰਦੀ ਵਿੱਚ ਬਹੁਭਾਂਤੀ ਪੇਚੀਦਾ ਅੱਖਰ ਜਾਣਬੁੱਝ ਕੇ ਬਣਾਏ ਗਏ ਤਾਂ ਜੋ ਇਸ ਭਾਸ਼ਾ ਦਾ ਗਿਆਨ ਲੈਣ ਲਈ ਉਚ ਜਾਤੀ ਪੰਡਿਤਾਂ 'ਤੇ ਹੀ ਨਿਰਭਰ ਰਹਿਣਾ ਪਵੇ ।

ਹਿੰਦੀ ਵਿੱਚ ਬਹੁਤ ਸਾਰੇ ਅੱਖਰ ਐਸੇ ਹਨ ਜੋ ਹਿੰਦੀ, ਬਾਰਹਾਂ ਖੜੀ, ਖੜੀ ਬੋਲੀ ਅਤੇ ਸੰਸਕ੍ਰਿਤ ਵਿੱਚ ਵਰਤੋਂ 'ਚ ਨਹੀਂ ਆਉਂਦੇ। ਬੜੀ ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੀ ਸੱਤਾ 'ਤੇ ਬਿਰਾਜਮਾਨ ਸੰਘਵਾਦੀ ਜੋ ਭਾਰਤੀ ਗਣਰਾਜ ਦੇ ਹਰੇਕ ਬਾਸ਼ਿੰਦੇ ਉਪਰ ਹਿੰਦੀ ਲਾਗੂ ਕਰਨ ਲਈ ਕਾਹਲੇ ਹੋਏ ਪਏ ਹਨ ਅਤੇ ਭਾਸ਼ਾ ਦੇ ਨਾਂਅ 'ਤੇ ਨਫ਼ਰਤ ਫੈਲਾ ਰਹੇ ਹਨ ਪਰ ਇਨ੍ਹਾਂ ਦੇ ਆਪਣੇ ਨਿਆਣੇ ਵਿਦੇਸ਼ਾਂ 'ਚ ਪੜ੍ਹਦੇ ਹਨ, ਜਿੱਥੇ ਕੇਵਲ ਅੰਗਰੇਜ਼ੀ ਹੀ ਪੜ੍ਹਾਈ ਜਾਂਦੀ ਹੈ ਤੇ ਹਿੰਦੀ ਦਾ ਕਿਤੇ ਨਾਮੋ ਨਿਸ਼ਾਨ ਵੀ ਨਹੀਂ ਹੈ। ਗੁਰਮਤਿ ਵਿਚਾਰਧਾਰਾ ਹੈ ਕਿ ਮਨੁੱਖ ਇਸ ਸੰਸਾਰ ਵਿੱਚ ਕੇਵਲ ਪ੍ਰਭੂ ਭਗਤੀ ਲਈ ਹੀ ਪ੍ਰਭੂ ਵਲੋਂ ਭੇਜਿਆ ਜਾਂਦਾ ਹੈ। ਗੁਰੂ ਵਾਕ ਹੈ ਕਿ "ਅਵਰਿ ਕਾਜ ਤੇਰੈ ਕਿਤੈ ਨ ਕਾਮ ॥" (ਰਾਗੁ ਆਸਾ-ਮ; ੫, ਅੰਗ ੩੭੮)। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪ੍ਰਮਾਤਮਾ ਦੀ ਕਿਹੜੀ ਭਾਸ਼ਾ ਹੈ ਜਿਹੜੀ ਬੋਲ ਕੇ ਪ੍ਰਭੂ ਨਾਲ ਸਾਂਝ ਪਾਈ ਜਾਵੇ "ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥" (ਜਪ-ਮ; ੧, ਅੰਗ ੨)। ਤਾਂ ਗੁਰੂ ਸਾਹਿਬ ਜੀ ਦਾ ਜਵਾਬ ਹੈ "ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥" (ਜਪ-ਮ; ੧, ਅੰਗ ੨) ਪਿਆਰ ਦੀ ਭਾਸ਼ਾ ਹੀ ਪ੍ਰਮਾਤਮਾ ਨਾਲ ਸਾਂਝ ਪੈਦਾ ਕਰਦੀ ਹੈ। ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਬਸੰਤ ਰਾਗ ਹਿੰਡੋਲ ਵਿੱਚ ਆਖਦੇ ਹਨ ਕਿ "ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥" (ਰਾਗੁ ਬਸੰਤ-ਮ; ੧, ਅੰਗ ੧੧੭੧) ਭਾਵ ਪ੍ਰਮਾਤਮਾ ਨੇ ਜੋ ਮੈਨੂੰ ਬਾਣੀ ਦੀ ਬਖਸ਼ਿਸ਼ ਦੇ ਅੱਖਰ ਲਿਖਾਏ ਹਨ ਮੈਂ ਉਹੀ ਗਾਉਂਦਾ ਹਾਂ।

**(ਬਾਕੀ ਅਗਲੇ ਅੰਕ ਵਿਚ)**

## (ਲਾਰਡ ਡਲਹੌਜ਼ੀ ਦੀ 7 ਅਪ੍ਰੈਲ 1849 ਨੂੰ ਬਰਤਾਨੀਆ ਸਰਕਾਰ ਨੂੰ ਭੇਜੀ ਗਈ ਖੁਫੀਆ ਰਿਪੋਰਟ)

# ਸਿੱਖ ਰਾਜ ਨੂੰ ਸਾਜ਼ਿਸੀ ਢੰਗ ਨਾਲ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣਾਇਆ ਗਿਆ

- **ਬਾਬਾ ਮਹਾਰਾਜ ਸਿੰਘ, ਬਾਬਾ ਬਿਕਰਮਾ ਸਿੰਘ ਬੇਦੀ, ਦੀਵਾਨ ਮੂਲ ਰਾਜ, ਸ਼ੇਰ ਸਿੰਘ ਅਟਾਰੀਵਾਲਾ, ਚਤਰ ਸਿੰਘ ਅਟਾਰੀਵਾਲਾ ਤੋਂ ਥਰਥਰ ਕੰਬੀ ਬ੍ਰਿਟਿਸ਼ ਹਕੂਮਤ**
- **ਅਫਗਾਨੀਆਂ ਤੇ ਸਿੱਖਾਂ ਦੀ ਏਕਤਾ ਤੋਂ ਭੈਅ ਖਾਣ ਲੱਗੇ ਬ੍ਰਿਟਿਸ਼ ਹਕੂਮਤ**
- **ਗੁਜਰਾਤ ਦੀ ਜੰਗ 'ਚ ਸਿੱਖਾਂ ਦੀ ਦਿਖਾਈ ਬਹਾਦਰੀ ਤੋਂ ਬ੍ਰਿਟਿਸ਼ ਹਕੂਮਤ ਘਬਰਾਈ**

ਸੇਵਾ ਵਿਖੇ, ਸਤਿਕਾਰਯੋਗ ਮੈਂਬਰਾਨ ਖੁਫੀਆ ਕਮੇਟੀ।

ਅਤੀ ਪ੍ਰਸੰਨਤਾ ਸਹਿਤ ਆਪ ਜੀ ਨੂੰ ਇਹ ਸੂਚਨਾ ਭੇਜ ਰਿਹਾ ਹਾਂ ਕਿ ਅੰਗਰੇਜ਼ ਫੌਜ ਵਲੋਂ ਅਮੀਰ ਦੋਸਤ ਮੁਹੰਮਦ ਖਾਨ ਤੇ ਉਸ ਦੀ ਫੌਜ ਨੂੰ ਪੇਸ਼ਾਵਰ ਸੂਬੇ ਵਿਚੋਂ ਕੱਢ ਦਿੱਤੇ ਜਾਣ ਨਾਲ ਪੰਜਾਬ ਵਿਚ ਯੁੱਧ ਦਾ ਅੰਤ ਹੋ ਗਿਆ ਹੈ। ਕੁਝ ਕੁ ਮਹੀਨੇ ਪਹਿਲਾਂ ਜਦੋਂ ਅਮੀਰ ਦੋਸਤ ਮੁਹੰਮਦ ਖਾਨ ਦੇ ਪੇਸ਼ਾਵਰ ਸੂਬੇ ਵਿਚ ਪ੍ਰਵੇਸ਼ ਕਰ ਜਾਣ ਦੀ ਪੱਕੀ ਖਬਰ ਮਿਲੀ ਸੀ ਤਾਂ ਮੈਂ ਖ਼ੈਬਰ ਦੇ ਪਹਾੜੀ ਕਬੀਲਿਆਂ ਨੂੰ ਆਖਿਆ ਸੀ ਕਿ ਉਹ ਦੋਸਤ ਮੁਹੰਮਦ ਖਾਨ ਨੂੰ ਵਾਪਸ ਮੁੜ ਜਾਣ ਤੋਂ ਰੋਕਣ ਲਈ ਸਭ ਪਹਾੜੀ ਰਸਤੇ ਬੰਦ ਕਰ ਦੇਣ ਤੇ ਮੈਂ ਇਹ ਵੀ ਵਾਅਦਾ ਕੀਤਾ ਕਿ ਜੇਕਰ ਉਹ ਪ੍ਰਭਾਵਸ਼ਾਲੀ ਢੰਗ ਨਾਲ ਮੁਹੰਮਦ ਖਾਨ ਦੀ ਵਿਰੋਧਤਾ ਕਰਨਗੇ ਜਾਂ ਉਸ ਦਾ ਰਾਹ ਰੋਕ ਕੇ ਅੰਗਰੇਜ਼ ਫੌਜਾਂ ਦੀ ਅਫਗਾਨ ਫੌਜਾਂ ਨੂੰ ਪਿਛੋਂ ਆ ਕੇ ਘੇਰਨ ਵਿਚ ਮਦਦ ਕਰਨਗੇ ਤਾਂ ਉਨ੍ਹਾਂ ਨੂੰ ਅੰਗਰੇਜ਼ਾਂ ਵਲੋਂ ਭਾਰੀ ਇਨਾਮ ਦਿਤਾ ਜਾਵੇਗਾ। ਉਨ੍ਹਾਂ ਵਲੋਂ ਉਤਰ ਬੜੇ ਹੀ ਤਸੱਲੀਬਖਸ਼ ਆਏ ਸਨ ਅਤੇ ਮੈਨੂੰ ਪੱਕਾ ਵਿਸ਼ਵਾਸ ਹੋ ਗਿਆ ਸੀ ਕਿ ਉਹ ਨਿਸਚੇ ਹੀ ਆਪਣੇ ਵਚਨ ਦੀ ਪਾਲਣਾ ਕਰਨਗੇ। ਪਰ ਜਦੋਂ ਸਮਾਂ ਆਇਆ ਤਾਂ ਉਨ੍ਹਾਂ ਨੇ ਕੋਈ ਕਾਰਵਾਈ ਨਾ ਕੀਤੀ, ਸਗੋਂ ਉਨ੍ਹਾਂ ਨੇ ਇਹ ਬਹਾਨਾ ਘੜ ਲਿਆ ਕਿ ਅਮੀਰ ਦੋਸਤ ਮੁਹੰਮਦ ਖਾਨ ਦੇ ਤੁਰੰਤ ਹਮਲਾ ਕਰ ਦੇਣ ਕਾਰਨ ਉਨ੍ਹਾਂ ਕੋਲ ਉਸ ਨੂੰ ਰੋਕਣ ਦੀ ਤਿਆਰੀ ਕਰਨ ਦਾ ਕੋਈ ਸਮਾਂ ਨਹੀਂ ਸੀ। ਭਾਵੇਂ ਸਾਨੂੰ ਬੜੀ ਤਸੱਲੀ ਹੁੰਦੀ ਜੇਕਰ ਅਫਗਾਨਾਂ ਨੇ ਜਨਰਲ ਗਿਲਬਰਟ ਦਾ ਸਾਹਮਣਾ ਕਰਨ ਦੀ ਦਲੇਰੀ ਕੀਤੀ ਹੁੰਦੀ ਅਤੇ ਇਸ ਤਰ੍ਹਾਂ ਸਾਨੂੰ ਉਨ੍ਹਾਂ ਵਲੋਂ ਕੀਤੇ ਗਏ ਅਪਮਾਨਜਨਕ ਹਮਲੇ ਬਦਲੇ ਉਨ੍ਹਾਂ ਨੂੰ ਸਜ਼ਾ ਦੇਣ ਦਾ ਮੌਕਾ ਮਿਲ ਜਾਂਦਾ, ਪਰ ਫਿਰ ਵੀ ਗੁਜਰਾਤ ਦੇ ਮੈਦਾਨ ਵਿਚ ਅਮੀਰ ਦੇ ਪੁੱਤਰ ਦੀ ਅਗਵਾਈ ਹੇਠ ਲੜਨ ਵਾਲੇ 3000 ਫੌਜੀਆਂ ਨੂੰ ਭਾਜੜ ਪਾ ਦੇਣਾ ਤੇ ਅੰਗਰੇਜ਼ ਫੌਜਾਂ ਨਾਲ ਗੋਲੀਬਾਰੀ ਕਰਨ ਤੋਂ ਬਗੈਰ ਹੀ ਉਨ੍ਹਾਂ ਨੂੰ ਪੇਸ਼ਾਵਰ ਵਿਚੋਂ ਨਮੋਸ਼ੀ ਨਾਲ ਭੱਜ ਜਾਣ ਲਈ ਮਜਬੂਰ ਕਰ ਦੇਣਾ, ਸਾਡੇ ਲਈ ਅਜਿਹੀ ਜਿੱਤ ਹੈ, ਜਿਸ ਨੂੰ ਧਿਆਨ ਵਿਚ ਰੱਖਦਿਆਂ ਸਾਨੂੰ ਦੁਸ਼ਮਣ ਦੇ ਬਚ ਕੇ ਨਿਕਲ ਜਾਣ ਦਾ ਕੋਈ ਅਫਸੋਸ ਨਹੀਂ। ਮੇਰਾ ਖਿਆਲ ਹੈ ਕਿ ਇਨ੍ਹਾਂ ਹਾਲਤਾਂ ਵਿਚ ਹੁਣ ਤਕ ਕੀਤੇ ਗਏ ਕਾਰਜਾਂ ਬਾਰੇ ਮੇਰੇ ਵਲੋਂ ਤਸੱਲੀ ਪ੍ਰਗਟ ਕਰਨ ਅਤੇ ਖੈਬਰ ਦਰ੍ਹਾ ਪਾਰ ਕਰਕੇ ਅਮੀਰ ਦਾ ਪਿੱਛਾ ਕਰਨ ਤੋਂ ਗੁਰੇਜ਼ ਕਰਨ ਜਾਂ ਉਸ ਨੂੰ ਹੋਰ ਸਜ਼ਾ ਦੇਣ ਲਈ ਉਸ ਦਾ ਪਿੱਛਾ ਕਰਕੇ ਕਾਬਲ ਵਿਚ ਜਾ ਵੜਨ ਤੋਂ ਸੰਕੋਚ ਕਰਨ ਨੂੰ ਤੁਸੀਂ ਠੀਕ ਹੀ ਮੰਨੋਗੇ।

ਹੁਣ ਸਮਾਂ ਆ ਗਿਆ ਹੈ ਕਿ ਮੈਂ ਤੁਹਾਡੇ 24 ਨਵੰਬਰ 1848 ਦੇ ਪੱਤਰ ਵਿਚ ਦਿੱਤੀਆਂ ਹਦਾਇਤਾਂ ਅਨੁਸਾਰ ਹਿੰਦੁਸਤਾਨ ਵਿਚ ਅੰਗਰੇਜ਼ ਸਾਮਰਾਜ ਦੇ ਪੰਜਾਬ ਨਾਲ ਅੱਗੋਂ ਦੇ ਸਬੰਧਾਂ ਦੇ ਹਰ ਪੱਖ ਉਤੇ ਵਿਚਾਰ ਵਟਾਂਦਰਾ ਕਰਾਂ। ਮੈਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਯੁੱਧ ਦੇ ਸਾਰੇ ਸਮੇਂ ਦੌਰਾਨ ਹੀ ਇਹ ਪ੍ਰਸ਼ਨ ਵਾਰ-ਵਾਰ ਮੇਰੀ ਡੂੰਘੀ ਸੋਚ-ਵਿਚਾਰ ਦਾ ਵਿਸ਼ਾ ਬਣਦਾ ਰਿਹਾ ਹੈ। ਕੁਝ ਮਹੀਨੇ ਪਹਿਲਾਂ ਮੈਂ ਤੁਹਾਨੂੰ ਇਕ ਸੁਝਾਅ ਲਿਖ ਕੇ ਭੇਜਿਆ ਸੀ ਜਿਸ ਨਾਲ 'ਕੌਂਸਲ ਆਫ ਇੰਡੀਆ' ਦੇ ਮੇਰੇ ਸਾਰੇ ਸਾਥੀ ਪੂਰੀ ਤਰ੍ਹਾਂ ਸਹਿਮਤ ਸਨ ਕਿ ਹੁਣ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਸਾਡੀ ਸਰਹੱਦ ਉਤੇ ਸਿੱਖ ਦੇਸ਼ ਦੀ ਇਕ ਸੁਤੰਤਰ ਸ਼ਕਤੀ ਦੇ ਰੂਪ ਵਿਚ ਹੋਂਦ, ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਇਲਾਕਿਆਂ ਅਤੇ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਹਾਨੀਕਾਰਕ ਹੈ, ਜਿਨ੍ਹਾਂ ਦੀ ਰਾਖੀ ਕਰਨ ਲਈ ਅਸੀਂ ਵਚਨਬੱਧ ਹਾਂ। ਇਸ ਤੋਂ ਬਾਅਦ ਬੀਤੀਆਂ ਘਟਨਾਵਾਂ ਨਾਲ ਵੀ ਸਾਡੇ ਇਸ ਵਿਸ਼ਵਾਸ ਵਿਚ ਕੋਈ ਖਾਸ ਤਬਦੀਲੀ ਨਹੀਂ ਆਈ। ਇਸ ਦੇ ਉਲਟ ਹਰ ਮਹੀਨੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ, ਜਿਨ੍ਹਾਂ ਨਾਲ ਸਗੋਂ ਉਸ ਸਮੇਂ ਦਿੱਤੀਆਂ ਗਈਆਂ ਦਲੀਲਾਂ ਨੂੰ ਹੋਰ ਬਲ ਮਿਲਿਆ ਹੈ। ਮੇਰਾ ਇਹ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਕਿ ਉਹ ਨੀਤੀ ਅਪਨਾਉਣ ਦੀ ਸਖ਼ਤ ਜ਼ਰੂਰਤ ਹੈ, ਜਿਸ ਦੀ ਮੈਂ ਸਿਫਾਰਸ਼ ਕੀਤੀ ਸੀ।

ਜਿਨ੍ਹਾਂ ਵਿਚਾਰਾਂ ਕਰਕੇ ਮੈਂ ਇਸ ਸਿੱਟੇ ਉੱਤੇ ਪੁੱਜਾ ਹਾਂ ਉਨ੍ਹਾਂ ਦਾ ਵਿਸਥਾਰ-ਪੂਰਵਕ ਵਰਨਣ ਕਰਨ ਤੋਂ ਪਹਿਲਾਂ, ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦਾ ਸੰਖੇਪ ਵਰਨਣ ਕਰ ਦੇਣਾ ਵਧੇਰੇ ਉਚਿਤ ਹੋਵੇਗਾ।

**ਦੀਵਾਨ ਮੂਲ ਰਾਜ ਦੀ ਦਹਿਸ਼ਤ** : 29 ਅਪ੍ਰੈਲ 1848 ਨੂੰ ਲਾਹੌਰ ਵਿਚ ਇਹ ਖਬਰ ਪੁੱਜੀ ਕਿ ਮਿਸਟਰ ਐਗਨਿਊ ਅਤੇ ਲੈਫਟੀਨੈਂਟ ਐਂਡਰਸਨ ਨੂੰ ਮੁਲਤਾਨ ਵਿਖੇ ਕਤਲ ਕਰ ਦਿੱਤਾ ਗਿਆ ਹੈ। ਅਜਿਹਾ ਉਨ੍ਹਾਂ ਸਿੱਖ ਫੌਜਾਂ, ਜਿਹੜੀਆਂ ਸੁਰੱਖਿਆ ਲਈ ਇਨ੍ਹਾਂ ਅਫਸਰਾਂ ਦੇ ਨਾਲ ਸਨ, ਵਲੋਂ ਮੂਲ ਰਾਜ ਦੀਆਂ ਤਜਵੀਜ਼ਾਂ ਸਵੀਕਾਰ ਕਰਨ ਅਤੇ ਸਮੂਹਿਕ ਰੂਪ ਵਿਚ ਉਨ੍ਹਾਂ ਦਾ ਸਾਥ ਛੱਡਣ ਤੋਂ ਬਾਅਦ ਵਾਪਰਿਆ। ਰੈਜ਼ੀਡੈਂਟ ਨੇ ਦਰਬਾਰ ਨੂੰ ਆਖਿਆ ਕਿ ਉਹ ਅੰਗਰੇਜ਼ ਸਰਕਾਰ ਦੇ ਵਿਰੁੱਧ ਅਜਿਹਾ ਘੋਰ ਅਪਰਾਧ ਕਰਨ ਵਾਲਿਆਂ



ਨੂੰ ਸਜ਼ਾ ਦੇਣ ਲਈ ਕਦਮ ਚੱਕੇ। ਵਿਸਥਾਰ-ਪੂਰਵਕ ਸੋਚ ਵਿਚਾਰ ਕਰਨ ਤੋਂ ਪਿਛੋਂ ਸਰਦਾਰਾਂ ਨੇ ਰੈਜ਼ੀਡੈਂਟ ਨੂੰ ਸੂਚਨਾ ਦਿਤੀ ਕਿ ਸਿੱਖ ਫੌਜ ਉਤੇ, ਵਿਸ਼ੇਸ਼ ਕਰਕੇ ਰਾਜ ਦੀ ਬਕਾਇਦਾ ਫੌਜ ਉਤੇ ਨਿਰਭਰ ਨਹੀਂ ਰਿਹਾ ਜਾ ਸਕਦਾ। ਕਿਉਂਕਿ ਉਹ ਮੂਲ ਰਾਜ ਦੇ ਵਿਰੁੱਧ ਅੰਗਰੇਜ਼ਾਂ ਦਾ ਕੋਈ ਵੀ ਹੁਕਮ ਮੰਨਣ ਲਈ ਤਿਆਰ ਨਹੀਂ। ਉਸੇ ਦਿਨ ਰੈਜ਼ੀਡੈਂਟ ਨੇ ਕਮਾਂਡਰ-ਇਨ-ਚੀਫ ਨੂੰ ਇਕ ਪੱਤਰ ਲਿਖ ਕੇ ਕਿ ਜੇਕਰ ਸਾਲ ਦੇ ਉਸ ਅਰਸੇ ਵਿਚ ਇਹ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਜਾ ਸਕਦੀਆਂ ਹੋਣ ਤਾਂ ਮੁਲਤਾਨ ਦੇ ਵਿਰੁਧ ਤੁਰੰਤ ਫੌਜੀ ਕਾਰਵਾਈ ਸ਼ੁਰੂ ਕਰਨ ਦੀ ਮਹੱਤਤਾ ਵਲ ਧਿਆਨ ਦੁਆਇਆ।

ਕਮਾਂਡਰ-ਇਨ-ਚੀਫ ਨੇ ਉਤਰ ਦਿੱਤਾ ਕਿ ਅਜਿਹੇ ਸਮੇਂ ਉਤੇ ਮੁਲਤਾਨ ਵਿਰੁੱਧ ਕਾਰਵਾਈ ਕਰਨੀ ਜੇਕਰ ਪੂਰੀ ਤਰ੍ਹਾਂ ਅਸੰਭਵ ਨਹੀਂ ਤਾਂ ਗੈਰ-ਵਾਜਿਬ ਜ਼ਰੂਰ ਹੈ ਕਿਉਂਕਿ ਇਸ ਕਾਰਵਾਈ ਦੇ ਉਦੇਸ਼ ਦੀ ਪੂਰਤੀ ਵਿਚ ਦੇਰੀ ਹੋ ਜਾਣ ਦੀ ਹਾਲਤ ਵਿਚ ਉਥੇ ਲਾਈਆਂ ਫੌਜਾਂ ਦਾ ਭਾਰੀ ਨੁਕਸਾਨ ਹੋ ਸਕਦਾ ਹੈ ਅਤੇ ਉਸ ਨੇ ਕੋਈ ਕਾਰਵਾਈ ਨਾ ਕਰਨ ਵਿਰੁੱਧ ਪੱਕਾ ਫੈਸਲਾ ਦੇ ਦਿਤਾ। ਰੈਜ਼ੀਡੈਂਟ ਵੀ ਕਮਾਂਡਰ-ਇਨ-ਚੀਫ ਦੇ ਫੈਸਲੇ ਨਾਲ ਸਹਿਮਤ ਹੋ ਗਿਆ ਅਤੇ 'ਗਵਰਨਰ ਜਨਰਲ ਇਨ ਕੌਂਸਲ' ਨੇ ਵਿਸਥਾਰ ਪੂਰਬਕ ਵਿਚਾਰ ਕਰਨ ਤੋਂ ਪਿਛੋਂ ਉਸ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ। ਕਿਉਂਕਿ ਬਾਅਦ ਵਿਚ ਇਸ ਫੈਸਲੇ ਦੇ ਉਚਿਤ ਅਤੇ ਸਿਆਣਪ ਭਰਪੂਰ ਹੋਣ ਬਾਰੇ ਸੰਦੇਹ ਪ੍ਰਗਟ ਕੀਤਾ ਗਿਆ ਹੈ, ਇਸ ਲਈ ਮੇਰਾ ਖਿਆਲ ਹੈ ਕਿ ਮੈਂ ਤੁਹਾਡੀ ਆਗਿਆ ਨਾਲ ਇਹ ਐਲਾਨ ਫਿਰ ਦੁਹਰਾ ਦੇਵਾਂ ਜੋ ਮੈਂ ਇਸ ਸਮੇਂ ਕੀਤਾ ਸੀ, ਕਿ ਕਮਾਂਡਰ-ਇਨ-ਚੀਫ ਅਤੇ ਰੈਜ਼ੀਡੈਂਟ ਵਲੋਂ ਦਿੱਤੀਆਂ ਗਈਆਂ ਰਾਵਾਂ ਨੂੰ ਧਿਆਨ ਵਿਚ ਰਖਦਿਆਂ ਮੈਂ ਇਸ ਪ੍ਰਸਤਾਵ ਦੀ ਜ਼ਿੰਮੇਵਾਰੀ ਹੋਰਨਾਂ ਉੱਤੇ ਬਿਲਕੁਲ ਨਹੀਂ ਸੁਟਣੀ ਚਾਹੁੰਦਾ। ਇਹ ਫੈਸਲਾ 'ਗਵਰਨਰ ਜਨਰਲ ਇਨ ਕੌਂਸਲ' ਦਾ ਫੈਸਲਾ ਸੀ, ਸੋ ਸਾਰੀ ਜ਼ਿੰਮੇਵਾਰੀ ਵੀ ਓਸੇ ਦੀ ਹੈ। ਜਿਸ ਮਸਲੇ ਬਾਰੇ 'ਗਵਰਨਰ ਜਨਰਲ ਇਨ ਕੌਂਸਲ' ਨੂੰ ਵਿਚਾਰ ਕਰਨ ਲਈ ਕਿਹਾ ਗਿਆ ਸੀ, ਉਹ ਇਕ ਗੁੰਝਲਦਾਰ ਮੱਸਲਾ ਸੀ।

ਇਕ ਪਾਸੇ ਹਾਲਤ ਇਹ ਸੀ ਅਤੇ ਇਸ ਵਿਚ ਵੀ ਕੋਈ



ਸੰਦੇਹ ਨਹੀਂ ਸੀ ਕਿ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਅੰਗਰੇਜ਼ ਸਾਮਰਾਜ ਵਿਰੁਧ ਬਗਾਵਤੀ ਰੌਂਅ ਹੋਣ ਦੀ ਹਾਲਤ ਵਿਚ, ਮੁਲਤਾਨ ਵਿਖੇ ਹੋਏ (ਅੰਗਰੇਜ਼ ਫੌਜੀ ਅਫਸਰਾਂ ਦੇ) ਕਤਲਾਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਕਿਸੇ ਤਰ੍ਹਾਂ ਦੀ ਢਿਲ ਕਰਨ ਅਤੇ ਦੋਸ਼ੀਆਂ ਦੇ ਪ੍ਰਤਖ ਤੌਰ ਉਤੇ ਬਚ ਕੇ ਨਿਕਲ ਜਾਣ ਨਾਲ ਬਗਾਵਤ ਭੜਕ ਪੈਣ ਨੂੰ ਹੌਂਸਲਾ ਮਿਲਣਾ ਸੀ, ਜਿਸ ਦੇ ਸਾਰੇ ਪੰਜਾਬ ਵਿਚ ਫੈਲ ਜਾਣ ਦੀ ਸੰਭਾਵਨਾ ਸੀ ਪਰ ਦੂਜੇ ਇਹ ਵੀ ਓਨਾ ਹੀ ਸਪੱਸ਼ਟ ਸੀ ਕਿ ਸਾਲ ਦੇ ਅਜਿਹੇ ਮੌਸਮ ਵਿਚ ਲੰਬੇ ਸਮੇਂ ਤਕ ਜਾਰੀ ਰਹਿਣ ਵਾਲੀਆਂ ਕਾਰਵਾਈਆਂ ਸ਼ੁਰੂ ਕਰਨ ਨਾਲ ਯੂਰਪੀ ਫੌਜਾਂ ਦੀ ਸਿਹਤ ਅਤੇ ਹੋਂਦ ਨੂੰ ਗੰਭੀਰ ਖਤਰਾ ਪੈਦਾ ਹੋ ਜਾਣਾ ਸੀ। ਗਰਮੀ ਅਤੇ ਵਰਖਾ ਰੁੱਤ ਦੇ ਮਹੀਨਿਆਂ ਵਿਚ ਫੌਜੀ ਕਾਰਵਾਈ ਕਰਨ ਨਾਲ ਜੋ ਖਤਰੇ ਪੈਦਾ ਹੋ ਜਾਣ ਦਾ ਡਰ ਸੀ, ਉਨ੍ਹਾਂ ਦਾ ਵਿਸ਼ੇਸ਼ ਵਰਨਣ ਅਤੇ ਪੁਸ਼ਟੀ ਕਰਨ ਦੀ ਇਥੇ ਲੋੜ ਨਹੀਂ। ਹਿੰਦੁਸਤਾਨ ਵਿਚ ਮੌਸਮ ਦਾ ਖਤਰਾ ਭਾਵੇਂ ਕਿਹੋ ਜਿਹਾ ਵੀ ਹੋਵੇ, ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੂੰ ਦੋਵਾਂ ਪੱਖਾਂ ਤੋਂ ਪ੍ਰਾਪਤ ਹੋਈ ਸੂਚਨਾ ਨਾਲ ਤੇ ਗੁਆਂਢੀ ਸੂਬਿਆਂ ਵਿਚ ਮੌਸਮ ਦੇ ਪ੍ਰਭਾਵ ਨਾਲ ਪਰਾਪਤ ਹੋਏ ਤਜਰਬੇ ਤੋਂ ਇਹ ਵਿਸ਼ਵਾਸ ਸੀ ਕਿ ਮੁਲਤਾਨ ਵਿਚ ਕਾਰਵਾਈ ਕਰਨ ਵਾਲੀਆਂ ਫੌਜਾਂ ਲਈ ਇਕ ਸਾਧਾਰਨ ਖਤਰਾ ਵੀ ਇਕ ਵੱਡਾ ਖਤਰਾ ਬਣ ਸਕਦਾ ਸੀ। ਇਹ ਗੱਲ ਪ੍ਰਸਿੱਧ ਹੈ ਕਿ ਮੁਲਤਾਨ ਦੀ ਗਰਮੀ ਹੋਰ ਸਾਰੇ ਜ਼ਿਲ੍ਹਿਆਂ ਦੀ ਗਰਮੀ ਨਾਲੋਂ ਵਧੇਰੇ ਭਿਆਨਕ ਹੈ ਤੇ ਹਿੰਦੁਸਤਾਨ ਵਿਚ ਤਾਂ ਇਹ ਇਕ ਕਹਾਵਤ ਬਣ ਚੁਕੀ ਹੈ।

ਸਰਕਾਰ ਕੋਲ ਕਿਲ੍ਹੇ ਦੇ ਨਕਸ਼ੇ ਵੀ ਸਨ। ਭਾਵੇਂ ਇਹ ਨਕਸ਼ੇ ਸਪੱਸ਼ਟ ਤਾਂ ਨਹੀਂ ਸਨ ਪਰ ਏਨਾ ਕੁਝ ਦਰਸਾਉਣ ਲਈ ਤਾਂ ਕਾਫੀ ਸਨ ਕਿ ਕਿਲ੍ਹੇ ਦੀ ਸ਼ਕਤੀ ਬੜੀ ਤਕੜੀ ਸੀ ਅਤੇ ਇਸ ਨੂੰ ਘਟਾਉਣ ਲਈ ਕਾਫੀ ਸਮੇਂ ਅਤੇ ਸਾਧਨਾਂ ਦੀ ਲੋੜ ਪੈਣੀ ਸੀ। ਮਈ ਦਾ ਮਹੀਨੇ ਤਾਂ ਆ ਹੀ ਚੁਕਾ ਸੀ। ਜਿਹੜਾ ਫਾਸਲਾ ਫੌਜਾਂ ਨੇ ਤੈਅ ਕਰਨਾ ਸੀ, ਉਹ ਵੀ ਥੋੜ੍ਹਾ ਨਹੀਂ ਸੀ। ਕਿਉਂਕਿ ਲਾਹੌਰ ਦੇ ਕਿਲ੍ਹੇ ਦੀ ਰਾਖੀ ਕਰਦੀ ਫੌਜ ਨੂੰ ਅਸਾਨੀ ਨਾਲ ਕਿਸੇ ਤਰ੍ਹਾਂ ਵੀ ਘਟਾਇਆ ਨਹੀਂ ਸੀ ਜਾ ਸਕਦਾ? ਇਸ ਲਈ ਫੌਜਾਂ ਨੂੰ ਇਕੱਠੀਆਂ ਹੋਣ ਅਤੇ ਮੁਲਤਾਨ ਪੁੱਜਣ ਵਿਚ ਕਾਫੀ ਸਮਾਂ ਲੱਗ ਜਾਣਾ ਸੀ। ਇਉਂ ਸਾਲ ਦੇ ਸਭ ਤੋਂ ਭੈੜੇ ਮੌਸਮ ਅਤੇ ਹਿੰਦੁਸਤਾਨ ਦੇ ਸਭ ਤੋਂ ਭੈੜੇ ਜ਼ਿਲ੍ਹੇ ਵਿਚ ਇਸ ਸ਼ਕਤੀਸ਼ਾਲੀ ਕਿਲ੍ਹੇ ਨੂੰ ਘੇਰਾ ਪਾਉਣ ਲਈ ਕਾਰਵਾਈਆਂ ਸ਼ੁਰੂ ਕਰਨਾ ਅਤੇ ਉਨ੍ਹਾਂ ਨੂੰ ਜਾਰੀ ਰੱਖਣਾ ਬੜਾ ਕਠਿਨ ਹੋਣਾ ਸੀ। ਸਰਕਾਰ ਨੇ ਕਮਾਂਡਰ-ਇਨ-ਚੀਫ ਦੇ ਇਸ ਵਿਸ਼ਵਾਸ ਵਿਚ ਕਾਫੀ ਵਜ਼ਨ ਮਹਿਸੂਸ ਕੀਤਾ ਕਿ ਇਸ ਕਾਰਵਾਈ ਦੇ ਸਿੱਟੇ ਵਜੋਂ ਅੰਗਰੇਜ਼ ਫੌਜਾਂ ਦਾ ਭਾਰੀ ਜਾਨੀ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਨਾ ਕੇਵਲ ਫੌਜੀਆਂ ਦੇ ਬਿਮਾਰ ਹੋਣ ਅਤੇ ਉਨ੍ਹਾਂ ਦਾ ਜਾਨੀ ਨੁਕਸਾਨ ਹੋਣ ਦਾ ਹੀ ਖਤਰਾ ਸੀ, ਸਗੋਂ ਅੱਗੇ ਲਈ ਵੀ ਕਿਲ੍ਹੇ ਨੂੰ ਫਤਹਿ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਵਿਚੇ ਛੱਡਣੀਆਂ ਪੈਣੀਆਂ ਸਨ। ਇਨ੍ਹਾਂ ਕਾਰਵਾਈਆਂ ਨੂੰ ਅੱਗੇ ਪਾਉਣ ਨਾਲ ਪੰਜਾਬ ਵਿਚ ਬਗਾਵਤ ਨੂੰ ਏਨਾ ਉਤਸ਼ਾਹ ਨਹੀਂ ਸੀ ਮਿਲਣਾ, ਜਿੰਨਾ ਉਤਸ਼ਾਹ ਇਨ੍ਹਾਂ ਕਾਰਵਾਈਆਂ ਦੀ ਅਸਫਲਤਾ ਨਾਲ ਮਿਲਣਾ ਸੀ। ਇਨ੍ਹਾਂ ਕਾਰਵਾਈਆਂ ਦੀ ਅਸਫਲਤਾ ਦੇ ਸਿੱਟੇ ਵਜੋਂ ਸਾਨੂੰ ਅਗਲਾ ਯੁੱਧ ਇਕ ਆਤਮ-ਵਿਸ਼ਵਾਸ ਗੁਆ ਚੁੱਕੀ ਫੌਜ ਦੀ ਸਹਾਇਤਾ ਨਾਲ ਲੜਨਾ ਪੈਣਾ ਸੀ।

ਇਹ ਸਨ ਕੁਝ ਗੰਭੀਰ ਵਿਚਾਰ ਜਿਨ੍ਹਾਂ ਬਾਰੇ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੂੰ ਨਿਰਣਾ ਕਰਨ ਲਈ ਕਿਹਾ ਗਿਆ ਸੀ।

ਇਹ ਤਾਂ ਇਕ ਤਰ੍ਹਾਂ ਨਾਲ ਮੁਸੀਬਤਾਂ ਅਤੇ ਬੁਰਾਈਆਂ ਵਿਚੋਂ ਹੀ ਚੋਣ ਕਰਨ ਵਾਲੀ ਗੱਲ ਸੀ। ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੇ ਇਨ੍ਹਾਂ ਵਿਚੋਂ ਛੋਟੀ ਬੁਰਾਈ ਨੂੰ ਚੁਣ ਲਿਆ। ਮੈਂ ਅਜੇ ਵੀ ਦਲੇਰੀ ਨਾਲ ਆਖਦਾ ਹਾਂ ਕਿ ਇਹ ਫੈਸਲਾ ਕੋਈ ਭੁੱਲ ਨਹੀਂ ਸੀ। ਇਸ ਗੱਲੋਂ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਕਿ ਇਹ ਰਾਹ ਮੈਂ ਇਸ ਦੇਸ ਅਤੇ ਇੰਗਲੈਂਡ ਦੇ ਉਨ੍ਹਾਂ ਉਚਤਮ ਫੌਜੀ ਅਫਸਰਾਂ ਦੀ ਰਾਇ ਨਾਲ ਅਪਣਾਇਆ ਸੀ, ਜੋ ਯੁੱਧ-ਨੀਤੀ ਨਾਲ ਸਬੰਧਿਤ ਮਾਮਲਿਆਂ ਦੇ ਮਾਹਿਰ ਮੰਨੇ ਜਾਂਦੇ ਹਨ।

ਮੈਨੂੰ ਸਭ ਤੋਂ ਵੱਧ ਤਸੱਲੀ ਇਹ ਜਾਣ ਕੇ ਹੋਈ ਹੈ ਕਿ ਇਸ ਨਿਰਣੇ ਨੂੰ ਉਨ੍ਹਾਂ ਨੇ ਵੀ ਪ੍ਰਵਾਨ ਕੀਤਾ, ਜਿਨ੍ਹਾਂ ਦੀ ਅਗਵਾਈ ਵਿਚ ਕੰਮ ਕਰਨ ਦਾ ਮੈਨੂੰ ਮਾਣ ਪ੍ਰਾਪਤ ਹੋਇਆ ਹੈ। ਮੈਨੂੰ ਇਹ ਜਾਣ ਕੇ ਵੀ ਤਸੱਲੀ ਹੋਈ ਹੈ ਕਿ ਤੁਸੀਂ ਨਾ ਕੇਵਲ ਮੇਰੇ ਇਸ ਸੁਝਾਅ ਨਾਲ ਹੀ ਸਹਿਮਤੀ ਪ੍ਰਗਟ ਕੀਤੀ ਹੈ ਕਿ ਜਿੰਨਾ ਚਿਰ ਫੌਜੀ ਕਾਰਵਾਈਆਂ ਕਰਨ ਲਈ ਮੌਸਮ ਸੁਖਾਵਾਂ ਨਹੀਂ ਹੋ ਜਾਂਦਾ ਓਨਾ ਚਿਰ ਅੰਗਰੇਜ਼ ਫੌਜ ਨੂੰ ਮੁਲਤਾਨ ਉੱਤੇ ਚੜ੍ਹਾਈ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਸਗੋਂ ਤੁਸੀਂ ਮੇਰੇ ਇਸ ਵਿਚਾਰ ਨਾਲ ਵੀ ਪੂਰੀ ਤਰ੍ਹਾਂ ਸਹਿਮਤ ਹੋ ਕੇ ਬਾਗੀ ਸੂਬੇ ਉਤੇ ਤੁਰੰਤ ਚੜ੍ਹਾਈ ਕਰਕੇ ਮੁਸ਼ਕਲਾਂ ਵਿਚ ਪੈਣ ਨਾਲੋਂ ਬਗਾਵਤ ਨੂੰ ਦਬਾਉਣ ਵਿਚ ਦੇਰੀ ਕਰਨ ਨਾਲ ਪੈਦਾ ਹੋਣ ਵਾਲੇ ਖਤਰੇ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਉਸ ਸਮੇਂ ਮੁਲਤਾਨ ਨੂੰ ਤੁਰੰਤ ਘੇਰਾ ਪਾਉਣ ਦੀ ਹਾਲਤ ਵਿਚ ਹੋਣ ਵਾਲਾ ਯੁੱਧ ਟਾਲਿਆ ਜਾ ਸਕਦਾ ਸੀ ਜਾਂ ਨਹੀਂ, ਇਸ ਬਾਰੇ ਹੁਣ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰੰਤੂ ਇਕ ਗਲ ਪੱਕੀ ਹੈ ਕਿ ਜੇਕਰ ਮੁਲਤਾਨ ਵਿਖੇ ਕਤਲ ਕੀਤੇ ਗਏ ਅੰਗਰੇਜ਼ ਅਫਸਰਾਂ ਦੇ ਕਾਤਲਾਂ ਨੂੰ ਸਜ਼ਾ ਦੇਣ ਵਿਚ ਥੋੜ੍ਹੀ ਜਿਹੀ ਵੀ ਦੇਰ ਹੋ ਜਾਂਦੀ ਤਾਂ ਪੰਜਾਬ ਦੀ ਜਨਤਾ ਨੇ ਸਮੂਹਿਕ ਰੂਪ ਵਿਚ ਸਾਡੇ ਵਿਰੁੱਧ ਬਗਾਵਤ ਕਰ ਦੇਣੀ ਸੀ। ਇਹ ਤੱਥ ਆਪਣੇ ਆਪ ਵਿਚ ਹੀ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਦੇ ਮਨਾਂ ਵਿਚ ਸਾਡੇ ਪ੍ਰਤੀ ਵੈਰ-ਭਾਵ ਕਿੰਨਾ ਡੂਘਾ ਤੇ ਕਿਸ ਹੱਦ ਤੱਕ ਫੈਲਿਆ ਹੋਇਆ ਹੈ। ਇਸ ਵੈਰ-ਭਾਵ ਨੂੰ ਬਹੁਤ ਚਿਰ ਦਬਾਅ ਕੇ ਨਹੀਂ ਸੀ ਰੱਖਿਆ ਜਾ ਸਕਦਾ।

**ਮਹਾਰਾਜ ਸਿੰਘ ਦਾ ਖੌਫ਼** : ਸੋ ਇਸ ਕਾਰਜ ਵਿਚ ਦੇਰੀ ਵਿਰੁਧ ਵੱਧ ਤੋਂ ਵੱਧ ਇਹੋ ਕਿਹਾ ਜਾ ਸਕਦਾ ਹੈ ਕਿ ਇਸ ਨੇ ਸੰਕਟ ਨੂੰ ਤੇਜ਼ੀ ਨਾਲ ਸਿਖਰ ਉਤੇ ਪੁਚਾਇਆ ਅਤੇ ਸਿੱਖਾਂ ਨੂੰ ਨਵੇਂ ਸਿਰਿਉਂ ਯੁੱਧ ਛੇੜਨ ਦਾ ਅਵਸਰ ਦਿੱਤਾ। ਜੋ ਮੌਕੇ ਥੋੜੇ ਜਾਂ



ਬਹੁਤੇ ਸਮੇਂ ਵਿਚ ਏਨੇ ਡੂੰਘੇ ਵੈਰ-ਭਾਵ ਕਾਰਨ ਆਪਣੇ ਆਪ ਹੀ ਪੈਦਾ ਹੋ ਜਾਣਾ ਸੀ। ਅਸਲ ਵਿਚ ਜਦੋਂ ਤੱਕ ਮੈਦਾਨ ਪੂਰੀ ਤਰ੍ਹਾਂ ਅੰਗਰੇਜ਼ ਫੌਜ ਹੱਥ ਨਹੀਂ ਆ ਗਿਆ ਉਦੋਂ ਤਕ ਮੁਲਤਾਨ ਦੇ ਜ਼ਿਲ੍ਹੇ ਤੋਂ ਇਲਾਵਾ ਕਿਸੇ ਵੀ ਹੋਰ ਜ਼ਿਲ੍ਹੇ ਵਲੋਂ ਕਿਸੇ ਤਰ੍ਹਾਂ ਦੇ ਵੈਰ-ਭਾਵ ਦਾ ਪ੍ਰਗਟਾਉ ਨਹੀਂ ਕੀਤਾ ਗਿਆ ਸੀ। ਲਾਹੌਰ ਵਿਖੇ ਸਥਾਨਕ ਫੌਜ ਨੂੰ ਵਰਗਲਾ ਕੇ ਉਸ ਨੂੰ ਵਫ਼ਾਦਾਰੀ ਤੋਂ ਲਾਂਭੇ ਕਰਨ ਦੇ ਯਤਨਾਂ ਦਾ ਪਤਾ ਲੱਗ ਜਾਣਾ, ਉਨ੍ਹਾਂ ਸਾਜ਼ਿਸ਼ੀਆਂ ਨੂੰ ਮੌਤ ਦੀ ਸਜ਼ਾ ਦੇਣਾ, ਜਿਨ੍ਹਾਂ ਵਿਚ ਮਹਾਰਾਣੀ ਦਾ ਇਕ ਭਰੋਸੇਯੋਗ ਨੌਕਰ ਵੀ ਸਾਮਲ ਸੀ, ਇਨ੍ਹਾਂ ਸਾਜ਼ਿਸਾਂ ਵਿਚ ਸਪੱਸ਼ਟ ਤੌਰ ਉੱਤੇ ਭਾਈਵਾਲ ਹੋਣ ਵਾਲੀ ਮਹਾਰਾਣੀ ਨੂੰ ਤੁਰੰਤ ਹਿੰਦੁਸਤਾਨ ਭੇਜ ਦੇਣਾ, ਭਾਈ ਮਹਾਰਾਜ ਸਿੰਘ ਵਿਰੁਧ ਕਾਰਵਾਈ ਕਰਨਾ ਜੋ ਆਪਣੇ ਨਾਲ ਹਜ਼ਾਰ ਕੁ ਆਦਮੀ ਲੈ ਕੇ ਦੁਆਬੇ ਦੇ ਇਲਾਕੇ ਵਿਚ ਬਗਾਵਤ ਭੜਕਾ ਰਿਹਾ ਸੀ ਅਤੇ ਉਸ ਦੇ

ਪੈਰੋਕਾਰਾਂ ਨੂੰ ਖੇਰੂੰ ਖੇਰੂੰ ਕਰ ਦੇਣਾ, ਇਨ੍ਹਾਂ ਸਭ ਕਾਰਵਾਈਆਂ ਦੇ ਸਿੱਟੇ ਵਜੋਂ ਲਾਹੌਰ ਦੇ ਆਸਪਾਸ ਦੇ ਇਲਾਕਿਆਂ ਵਿਚ ਬਗਾਵਤ ਦਾ ਪ੍ਰਗਟਾਓ ਦਬਿਆ ਰਿਹਾ।

ਮੇਜਰ ਐਡਵਰਡ ਜਿਸ ਨੂੰ ਵਿਸ਼ੇਸ਼ ਮਜ਼ਬੂਤੀ ਅਤੇ ਬੀਰਤਾ ਲਈ ਸਰਕਾਰ ਵਲੋਂ ਅਤੇ ਤੁਹਾਡੀ ਸਤਿਕਾਰਯੋਗ ਕੌਂਸਲ ਵਲੋਂ ਭਾਰੀ ਇਨਾਮ ਅਤੇ ਉਚਿਤ ਸਰਾਹਨਾ ਪ੍ਰਾਪਤ ਹੋਈ ਹੈ ਅਤੇ ਜਿਸ ਦੀ ਸਹਾਇਤਾ ਸਾਡੇ ਸਾਥੀ ਬਹਾਵਲਪੁਰ ਦੇ ਨਵਾਬ ਦੀਆਂ ਫੌਜਾਂ ਲੈਫਟੀਨੈਂਟ ਲੇਕ ਦੀ ਅਗਵਾਈ ਵਿਚ ਕਰ ਰਹੀਆਂ ਸਨ, ਉਨ੍ਹਾਂ ਨੇ ਬਗਾਵਤ ਨੂੰ ਮੁਲਤਾਨ ਸੂਬੇ ਦੀਆਂ ਹੱਦਾਂ ਤੋਂ ਬਾਹਰ ਫੈਲਣ ਤੋਂ ਰੋਕੀ ਰਖਿਆ ਅਤੇ ਦੀਵਾਨ ਮੂਲ ਰਾਜ ਤੇ ਉਸ ਦੀਆਂ ਫੌਜਾਂ ਨੂੰ ਉਸ ਦੇ ਆਪਣੇ ਹੀ ਕਿਲ੍ਹੇ ਵਿਚ ਘੇਰੀ ਰਖਿਆ।

ਇਸ ਹਾਲਤ ਵਿਚ ਰੈਜ਼ੀਡੈਂਟ ਲਾਹੌਰ ਨੇ ਅੰਗਰੇਜ਼ ਫੌਜ ਨੂੰ ਹਦਾਇਤ ਕੀਤੀ ਕਿ ਉਹ ਕਿਲ੍ਹੇ ਨੂੰ ਘੇਰਨ ਵਾਲਾ ਫੌਜੀ ਦਸਤਾ ਆਪਣੇ ਨਾਲ ਲੈ ਕੇ ਮੁਲਤਾਨ ਦੇ ਕਿਲ੍ਹੇ ਦੀ ਅੰਦਰਲੀ ਤਾਕਤ ਨੂੰ ਘਟਾਉਣ। 'ਗਵਰਨਰ ਜਨਰਲ ਇਨ ਕੌਂਸਲ' ਨੂੰ ਜਦੋਂ ਇਹ ਖਬਰ ਮਿਲੀ ਕਿ ਇਹ ਹੁਕਮ ਜਨਤਕ ਤੌਰ ਉਤੇ ਵੀ ਜਾਰੀ ਕੀਤੇ ਜਾ ਚੁੱਕੇ ਹਨ ਤਾਂ ਉਸ ਨੇ ਇਨ੍ਹਾਂ ਹੁਕਮਾਂ ਦੀ ਪੁਸ਼ਟੀ ਕਰ ਦਿੱਤੀ ਅਤੇ ਸਤੰਬਰ ਦੇ ਆਰੰਭ ਵਿਚ ਹੀ ਮੁਲਤਾਨ ਵਿਰੁਧ ਕਾਰਵਾਈਆਂ ਸ਼ੁਰੂ ਕਰ ਦਿਤੀਆਂ ਗਈਆਂ।

**ਰਾਜਾ ਸ਼ੇਰ ਸਿੰਘ ਤੇ ਚਤੁਰ ਸਿੰਘ ਦੀ ਲਲਕਾਰ :** ਜਦੋਂ ਸਾਡੀਆਂ ਫੌਜਾਂ ਮੁਲਤਾਨ ਵੱਲ ਨੂੰ ਵਧ ਰਹੀਆਂ ਸਨ ਤਾਂ ਸਰਦਾਰ ਚਤੁਰ ਸਿੰਘ ਅਤੇ ਉਸ ਦੀ ਕਮਾਨ ਹੇਠ ਸਿੱਖ ਫੌਜ ਦੀ ਟੁਕੜੀ ਨੇ ਹਜ਼ਾਰੇ ਵਿਚ ਸਾਡੇ ਵਿਰੁੱਧ ਜੰਗ ਦਾ



ਖੁਲ੍ਹੇਆਮ ਐਲਾਨ ਕਰ ਦਿਤਾ। ਜਿਸ ਦਿਨ ਅਸੀਂ ਮੁਲਤਾਨ ਦੇ ਆਲੇ-ਦੁਆਲੇ ਦੇ ਇਲਾਕਿਆਂ ਉਤੇ ਹਮਲਾ ਕੀਤਾ, ਐਨ ਉਸੇ ਦਿਨ ਰਾਜਾ ਸ਼ੇਰ ਸਿੰਘ ਅਤੇ ਉਸ ਦੀਆਂ ਫੌਜਾਂ ਨੇ ਵੀ ਚਤਰ ਸਿੰਘ ਵਾਲੀ ਨੀਤੀ ਅਪਨਾ ਲਈ। ਪਰ ਕੁਝ ਸਮੇਂ ਪਿਛੋਂ ਉਹ ਉਤਰ ਵਲ ਚਲਾ ਗਿਆ, ਜਿਥੇ ਉਸ ਨਾਲ ਸਿੰਧ ਤੋਂ ਪਾਰ ਰਿਆਸਤ ਦੀਆਂ ਸਾਰੀਆਂ ਫੌਜਾਂ ਮਿਲ ਗਈਆਂ। ਆਖਿਰ ਵਿਚ ਬਚੀਆਂ ਸਿੱਖ ਫੌਜਾਂ ਵੀ ਪੇਸ਼ਾਵਰ ਵਿਖੇ ਚਤਰ ਸਿੰਘ ਨਾਲ ਜਾ ਮਿਲੀਆਂ। ਮਾਝੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਅਤੇ ਫੌਜ ਵਿਚੋਂ ਕੱਢੇ ਸਿਪਾਹੀ ਉਸ ਦੀ ਫੌਜ ਵਿਚ ਭਰਤੀ ਹੋਣ ਲੱਗ ਪਏ ਤੇ ਇਹ ਮੁਨਾਦੀ ਕਰਵਾ ਦਿੱਤੀ ਗਈ ਕਿ ਸਾਰੇ ਲੋਕ ਅੰਗਰੇਜ਼ਾਂ ਵਿਰੁੱਧ ਯੁੱਧ ਛੇੜ ਦੇਣ। ਸਰਕਾਰੀ ਆਮਦਨ ਘਟ ਜਾਣ ਕਾਰਨ ਅਤੇ ਭਾਰਤ ਤੇ ਯੂਰਪ ਵਿਚ ਅਜਿਹੀਆਂ ਹਾਲਤਾਂ ਕਾਰਨ ਜਿਨ੍ਹਾਂ ਦੇ ਸੁਧਰਨ ਦੀ ਆਸ ਘੱਟ ਹੀ ਸੀ, ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦਾ ਇਹ ਜ਼ਰੂਰੀ ਫਰਜ਼ ਬਣ ਗਿਆ ਸੀ ਕਿ ਜਿੰਨਾ ਚਿਰ ਯੁੱਧ ਟਾਲੇ ਜਾਣ ਦੀ ਥੋੜ੍ਹੀ ਬਹੁਤ ਵੀ ਆਸ ਹੋਵੇ ਓਨਾ ਚਿਰ ਯੁੱਧ ਦੀਆਂ ਵੱਡੀਆਂ ਅਤੇ ਖਰਚੀਲੀਆਂ ਤਿਆਰੀਆਂ ਕਰਨ ਤੋਂ ਗੁਰੇਜ਼ ਕਰੇ।

ਪਰੰਤੂ ਜਦੋਂ ਉਪਰੋਕਤ ਭਿਆਨਕ ਘਟਨਾਵਾਂ ਜਿਨ੍ਹਾਂ ਦਾ ਮੈਂ ਵਿਸਥਾਰ ਨਾਲ ਵਰਨਣ ਕਰ ਆਇਆ ਹਾਂ, ਵਾਪਰਨੀਆਂ ਸ਼ੁਰੂ ਹੋਈਆਂ ਅਤੇ ਜਦੋਂ ਰਾਜਾ ਸ਼ੇਰ ਸਿੰਘ ਧਰਮ-ਯੁੱਧ ਦਾ ਐਲਾਨ ਕਰਕੇ ਖੁਲ੍ਹੇਆਮ ਦੁਸ਼ਮਣ ਨਾਲ ਰਲ ਗਿਆ ਤਾਂ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੇ ਮਹਿਸੂਸ ਕੀਤਾ ਕਿ ਸਾਨੂੰ ਹੋਰ ਸਭ ਪ੍ਰਕਾਰ ਦੀਆਂ ਸੋਚਾਂ ਵਿਚਾਰਾਂ ਨੂੰ ਲਾਂਭੇ ਰੱਖ ਕੇ ਪੰਜਾਬ ਵਿਚ ਦੁਬਾਰਾ ਛਿੜ ਪੈਣ ਵਾਲੇ ਯੁੱਧ ਲਈ ਪੂਰੀ ਤਰ੍ਹਾਂ ਤਿਆਰ ਹੋਣਾ ਚਾਹੀਦਾ ਹੈ। ਮੇਰਾ ਵਿਸ਼ਵਾਸ ਸੀ ਕਿ ਇਹ ਇਕ ਅਜਿਹਾ ਮੌਕਾ ਹੋਵੇਗਾ ਜਦੋਂ ਸਾਨੂੰ ਆਪਣੀ ਸ਼ਕਤੀ ਦੇ ਸਭ ਵਸੀਲੇ ਵਰਤਣ ਦੀ ਲੋੜ ਪਵੇਗੀ। ਕਿਉਂਕਿ ਭਾਵੇਂ ਸਿੱਖ ਫੌਜ ਦੀ ਸੰਨ 1846 ਦੀ ਹਾਰ ਅਜੇ ਵੀ ਤਾਜ਼ਾ ਹੀ ਸੀ ਪਰ ਫਿਰ ਵੀ ਮੇਰੇ ਕੋਲ ਇਹ ਵਿਸ਼ਵਾਸ ਕਰਨ ਦੇ ਕਾਰਨ ਸਨ ਕਿ ਇਕ ਜ਼ਬਰਦਸਤ ਲੜਾਈ ਨੂੰ ਜਾਰੀ ਰੱਖਣ



ਲਈ ਉਨ੍ਹਾਂ ਕੋਲ ਅਜੇ ਵੀ ਕਾਫੀ ਵਸੀਲੇ ਸਨ।

ਦਰਬਾਰ ਦੇ ਸਰਕਾਰੀ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਰਾਜ ਦੀ ਬਕਾਇਦਾ ਫੌਜ ਦੀ ਤਾਕਤ ਅਤੇ ਗਿਣਤੀ ਭਾਵੇਂ ਕਾਫੀ ਘੱਟ ਸੀ ਪਰ ਇਹ ਕਿਸੇ ਵੀ ਤਰ੍ਹਾਂ ਨਿਗੂਣੀ ਨਹੀਂ ਸੀ। ਇਸ ਵਿਚ ਲਗਭਗ 27,000 ਵਿਅਕਤੀ ਸਨ, ਜਿਨ੍ਹਾਂ ਵਿਚ 5000 ਘੋੜ-ਚੜ੍ਹੇ ਅਥਵਾ ਆਰਜ਼ੀ ਘੋੜੇ ਸ਼ਾਮਲ ਸਨ ਅਤੇ ਇਸ ਵਿਚ ਕੋਈ ਸੰਦੇਹ ਨਹੀਂ ਕਿ ਬਗਾਵਤ ਦੇ ਭੜਕ ਪੈਣ ਸਾਰ ਪਿੰਡਾਂ ਵਿਚ ਉਹ ਫੌਜੀ ਵੀ ਖਾਲਸਾ ਫੌਜ ਦੇ ਆਗੂਆਂ ਨਾਲ ਧੜਾਧੜ ਜਾ ਰਲਣਗੇ ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਯੁੱਧ ਦੀ ਹਾਰ ਤੋਂ ਪਿਛੋਂ ਫੌਜ ਵਿਚੋਂ ਕੱਢ ਦਿੱਤਾ ਗਿਆ ਸੀ।

ਸਰਕਾਰੀ ਵੇਰਵਿਆਂ ਤੋਂ ਇਹ ਵੀ ਪਤਾ ਲੱਗਿਆ ਕਿ ਉਹ ਯੁੱਧ ਦੇ ਮੈਦਾਨ ਵਿਚ ਲਗਭਗ 100 ਤੋਪਾਂ ਵੀ ਲਿਆ ਸਕਦੇ ਹਨ ਤੇ ਇਹ ਸ਼ੱਕ ਕਰਨ ਦੇ ਵੀ ਤਕੜੇ ਕਾਰਨ ਮੌਜੂਦ ਸਨ ਕਿ ਉਹ ਜਦੋਂ ਵੀ ਚਾਹੁਣ ਸਰਦਾਰਾਂ ਤੇ ਮੁਖੀਆਂ ਪਾਸੋਂ ਹੋਰ ਤੋਪਾਂ ਵੀ ਇਕੱਠੀਆਂ ਕਰ ਸਕਦੇ ਹਨ। ਸਤੰਬਰ ਦੇ ਮਹੀਨੇ ਵਿਚ ਸਾਡੇ ਵਲੋਂ ਮੁਲਤਾਨ ਵਿਰੁੱਧ ਸ਼ੁਰੂ ਕੀਤੀਆਂ ਕਾਰਵਾਈਆਂ ਅੱਧ-ਵਿਚਾਲੇ ਛੱਡ ਦੇਣ ਪਿਛੋਂ ਇਹ ਜ਼ਰੂਰੀ ਹੋ ਗਿਆ ਸੀ ਕਿ ਕਿਲ੍ਹੇ ਉਤੇ ਅਗਲਾ ਹਮਲਾ ਪੱਕੇ ਤੌਰ ਉੱਤੇ ਕੀਤਾ ਜਾਵੇ ਤੇ ਛੇਤੀ ਤੋਂ ਛੇਤੀ ਇਸ ਉਤੇ ਕਬਜ਼ਾ ਕਰ ਲਿਆ ਜਾਵੇ। ਕਿਲ੍ਹੇ ਦੇ ਮਜ਼ਬੂਤ ਹੋਣ ਦੀ ਸ਼ਕਤੀ ਨੂੰ ਘਟਾਉਣ ਲਈ ਤੇ ਨਾਲੋ ਨਾਲ ਸਿੱਖ ਫੌਜ ਨੂੰ ਯੁੱਧ ਖੇਤਰ ਵਿਚ ਲਾਈ ਰੱਖਣ ਲਈ ਸਾਨੂੰ ਓਨੇ ਹੀ ਤਕੜੇ ਵਸੀਲਿਆਂ ਦੀ ਜ਼ਰੂਰਤ ਸੀ।

ਦੁਸ਼ਮਣ ਨੂੰ ਆਪਣੇ ਨਾਲੋਂ ਕਮਜ਼ੋਰ ਸਮਝਣਾ ਕਦੇ ਵੀ ਸਿਆਣੀ ਗੱਲ ਨਹੀਂ ਹੁੰਦੀ। ਖਾਸ ਕਰਕੇ ਉਸ ਸਮੇਂ ਜਦੋਂ ਕਿ ਸਾਨੂੰ ਉਸ ਦੀ ਨਿਪੁੰਨਤਾ, ਤਾਕਤ ਤੇ ਬਹਾਦਰੀ ਦਾ ਤਾਜ਼ਾ ਅਨੁਭਵ ਵੀ ਹੋ ਚੁਕਾ ਸੀ। ਯੁੱਧ ਦੇ ਨਤੀਜਿਆਂ ਤੋਂ ਵੀ ਇਹੋ ਪ੍ਰਗਟ ਹੁੰਦਾ ਹੈ ਕਿ ਦੁਸ਼ਮਣ ਦੀ ਤਾਕਤ ਬਾਰੇ ਮੇਰੇ ਅੰਦਾਜ਼ੇ ਗਲਤ ਨਹੀਂ ਸਨ।

ਮੁਲਤਾਨ ਇਕ ਸ਼ਕਤੀਸ਼ਾਲੀ ਕਿਲ੍ਹਾ ਸੀ। ਇਸ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੁੰਦੀ ਹੈ ਕਿ ਜਦੋਂ ਅਸੀਂ ਫੌਜੀ ਕਾਰਵਾਈਆਂ ਸ਼ੁਰੂ ਕੀਤੀਆਂ, 15000 ਅੰਗਰੇਜ਼ ਫੌਜੀਆਂ ਅਤੇ ਇਸ ਤੋਂ ਵੀ ਵੱਧ ਆਰਜ਼ੀ ਫੌਜੀਆਂ ਨੇ ਇਸ ਕਿਲ੍ਹੇ ਨੂੰ ਕਈ ਹਫਤੇ ਘੇਰਾ ਪਾਈ ਰੱਖਿਆ ਅਤੇ 70 ਤੋਂ ਵੱਧ ਤੋਪਾਂ ਨਾਲ ਇਸ ਉਤੇ ਲਗਭਗ 40,0000 ਗੋਲੇ ਸੁੱਟੇ ਤਾਂ ਵੀ ਇਹ ਕਿਲ੍ਹਾ ਫਤਹਿ ਨਾ ਹੋ ਸਕਿਆ।

ਸਿੱਖਾਂ ਦੀ ਬਹਾਦਰੀ : ਮੈਦਾਨੀ ਇਲਾਕਿਆਂ ਵਿਚ ਯੁੱਧ ਸਮੇਂ ਸਿੱਖ ਫੌਜ ਦੀ ਗਿਣਤੀ ਅਤੇ ਨਿਪੁੰਨਤਾ ਦੋਵੇਂ ਹੀ ਤਕੜੀਆਂ ਰਹੀਆਂ ਅਤੇ ਗੁਜਰਾਤ ਦੇ ਮੈਦਾਨ ਵਿਚ ਸਾਨੂੰ 60,000 ਫੌਜੀਆਂ ਦਾ ਸਾਹਮਣਾ ਕਰਨਾ ਪਿਆ। ਆਖਰ ਵਿਚ ਸਿੱਖ ਫੌਜਾਂ ਦੀ ਤਾਕਤ ਦਾ ਪਤਾ ਇਸ ਸੱਚਾਈ ਤੋਂ ਵੀ ਲੱਗ ਜਾਂਦਾ ਹੈ ਕਿ ਵੱਖ-ਵੱਖ ਆਗੂਆਂ ਦੀ ਅਗਵਾਈ ਹੇਠ ਵੱਖ-ਵੱਖ ਸਥਾਨਾਂ ਉਤੇ ਹੋਈਆਂ ਲੜਾਈਆਂ ਦੌਰਾਨ ਯੁੱਧ ਦੇ ਮੈਦਾਨ ਅਤੇ ਕਿਲ੍ਹੇ ਵਿਚੋਂ ਲਗਭਗ 200 ਭਾਰੀ ਜੰਗੀ ਤੋਪਾਂ, 40 ਛੋਟੇ ਅਕਾਰ ਦੀਆਂ ਤੋਪਾਂ ਅਤੇ ਇਸ ਤੋਂ ਵੀ ਕਿਤੇ ਵੱਧ ਜੰਬੂਰੇ ਸਾਡੇ ਹੱਥ ਲੱਗੇ।

ਜਿਨ੍ਹਾਂ ਸਿੱਟਿਆਂ ਦਾ ਮੈਂ ਹੁਣੇ ਵਰਨਣ ਕੀਤਾ ਹੈ, ਉਨ੍ਹਾਂ ਤੋਂ ਮੁਕਾਬਲਾ ਕਰਨ ਦੀ ਜਿਸ ਜ਼ਬਰਦਸਤ ਯੋਗਤਾ ਦਾ ਪਤਾ ਲਗਦਾ ਹੈ, ਉਸ ਨੂੰ ਪਹਿਲਾਂ ਹੀ ਭਾਂਪਦਿਆਂ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੇ ਇਸ ਦਾ ਮੁਕਾਬਲਾ ਕਰਨ ਲਈ ਵੱਡੀ ਪੱਧਰ ਉੱਤੇ ਤਿਆਰੀਆਂ ਕਰਨ ਦਾ ਫੈਸਲਾ ਕੀਤਾ ਅਤੇ ਇਸ ਸੰਬੰਧ ਵਿਚ ਹੁਕਮ ਜਾਰੀ ਕਰ ਦਿਤੇ ਗਏ। ਹਿੰਦੁਸਤਾਨ ਵਿਚਲੇ ਸੂਬਿਆਂ ਨੂੰ ਅੰਨ੍ਹੇਵਾਹ ਕਮਜ਼ੋਰ ਕਰਨ ਤੋਂ ਬਿਨਾਂ ਜੋ ਰਜਮੈਂਟ ਵੀ ਸਰਹੱਦਾਂ ਉਤੇ ਲਿਆਂਦੀ ਜਾ ਸਕਦੀ ਸੀ, ਉਸ ਨੂੰ ਸਰਹੱਦਾਂ ਉਤੇ ਲਿਆਉਣ ਦੇ ਹੁਕਮ ਜਾਰੀ ਕਰ ਦਿਤੇ ਗਏ। ਅੰਗਰੇਜ਼ ਅਧੀਨ ਫੌਜ ਦਾ ਤੁਰੰਤ ਵਿਸਥਾਰ ਕੀਤਾ ਗਿਆ ਤੇ ਯੂਰਪ ਤੋਂ ਹੋਰ ਯੂਰਪੀ ਫੌਜੀ ਭੇਜਣ ਲਈ ਬੇਨਤੀ ਕੀਤੀ ਗਈ। ਬੰਬਈ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹ ਸਿੰਧ ਵਾਲੇ ਪਾਸੇ ਤੋਂ ਇਕ ਤਕੜੀ ਫੌਜੀ ਡਵੀਜ਼ਨ ਭੇਜੇ। ਸੇਂਟ ਜਾਰਜ ਕਿਲ੍ਹੇ ਦੇ ਅਧਿਕਾਰੀਆਂ ਨੂੰ ਵੀ ਫੌਜਾਂ ਦੇ ਨਾਲ ਨਾਲ ਉਹ ਵਾਧੂ ਪਲਟਣਾਂ ਭੇਜਣ ਲਈ ਪ੍ਰਾਰਥਨਾ ਕੀਤੀ ਗਈ, ਜਿਨ੍ਹਾਂ ਨੂੰ ਬੰਗਾਲ ਤੋਂ ਸਰਹਦ ਉਤੇ ਭੇਜਣ ਦਾ ਹੁਕਮ ਹੋਇਆ ਸੀ। ਸਰਕਾਰ ਦੇ ਹੁਕਮਾਂ ਦਾ ਜਲਦੀ ਤੋਂ ਜਲਦੀ ਪਾਲਣ ਕੀਤਾ ਗਿਆ। ਕ੍ਰਿਸਮਿਸ ਤੋਂ ਪਹਿਲਾਂ ਪਹਿਲਾਂ ਪੰਜਾਬ ਵਿਚ ਲਾਹੌਰ ਕਿਲ੍ਹੇ ਦੀ ਫੌਜ ਤੋਂ ਇਲਾਵਾ 38,000 ਫੌਜੀ ਇਕੱਠੇ ਹੋ ਗਏ, ਜਿਨ੍ਹਾਂ ਕੋਲ ਲਗਭਗ 100 ਜੰਗੀ ਤੋਪਾਂ ਅਤੇ 70 ਕਿਲ੍ਹਾ ਘੇਰਨ ਵਾਲੀਆਂ ਤੋਪਾਂ ਸਨ।

ਮੈਨੂੰ ਇਸ ਮੁਹਿੰਮ ਵਿਚ ਹੋਈ ਤਰਕੀ ਅਤੇ ਫੌਜ ਰਾਹੇਂ ਪ੍ਰਾਪਤ ਕੀਤੀ ਸ਼ਾਨਦਾਰ ਸਫਲਤਾ ਦਾ ਵਰਨਣ ਕਰਨ ਦੀ ਲੋੜ ਨਹੀਂ ਭਾਸਦੀ। ਕਿਉਂਕਿ ਇਸ ਬਾਰੇ ਪੂਰੀ ਸੂਚਨਾ ਤੁਹਾਨੂੰ ਪਹਿਲਾਂ ਹੀ ਭੇਜੀ ਜਾ ਚੁਕੀ ਹੈ ਤੇ ਕਮਾਂਡਰ ਇਨ ਚੀਫ ਤੇ ਉਸ ਦੀਆਂ ਫੌਜਾਂ ਦੀ ਸਰਾਹਨਾ ਵੀ ਤੁਹਾਡੀ ਦਿਲੀ ਪ੍ਰਵਾਨਗੀ ਅਤੇ ਹਮਾਇਤ ਪ੍ਰਾਪਤ ਕਰਨ ਲਈ ਭੇਜੀ ਜਾ ਚੁਕੀ ਹੈ।

ਏਨਾ ਕਹਿਣਾ ਹੀ ਕਾਫੀ ਹੈ ਕਿ ਸਾਨੂੰ ਹਰ ਖੇਤਰ ਵਿਚ ਪੂਰਨ ਸਫਲਤਾ ਪ੍ਰਾਪਤ ਹੋਈ ਹੈ। ਮੁਲਤਾਨ ਦੇ ਕਿਲ੍ਹੇ ਨੂੰ ਵੀ ਕਮਜ਼ੋਰ ਕਰ ਦਿਤਾ ਗਿਆ ਹੈ। ਦੀਵਾਨ ਮੂਲ ਰਾਜ ਨੂੰ ਫੜ ਲਿਆ ਗਿਆ ਹੈ ਤੇ ਜਲਦੀ ਹੀ ਉਸ ਵਲੋਂ ਕੀਤੇ ਅਪਰਾਧਾਂ ਕਾਰਨ ਉਸ ਉਤੇ ਮੁਕੱਦਮਾ ਚਲਾਇਆ ਜਾਵੇਗਾ। ਸਿੰਧ ਪਾਰ ਦੇ ਸੂਬਿਆਂ ਵਿਚੋਂ ਅਫ਼ਗਾਨਾਂ ਨੂੰ ਬਾਹਰ ਕੱਢ ਦਿੱਤਾ ਗਿਆ ਹੈ। ਉਹ ਸਰਦਾਰ ਜਿਨ੍ਹਾਂ ਨੇ ਜਲੰਧਰ ਵਿਚ ਗੜਬੜ ਮਚਾਈ ਸੀ, ਕੈਦ ਕਰ ਲਏ ਗਏ ਹਨ। ਸਿੱਖ ਸਰਦਾਰਾਂ ਤੇ ਉਨ੍ਹਾਂ ਦੀਆਂ ਫੌਜਾਂ ਨੇ, ਜਿਨ੍ਹਾਂ ਨੂੰ ਗੁਜਰਾਤ ਵਿਚ ਬੁਰੀ ਤਰ੍ਹਾਂ ਹਾਰ ਹੋਈ ਸੀ, ਆਤਮ ਸਮਰਪਣ ਕਰ ਦਿਤਾ ਹੈ ਅਤੇ ਉਨ੍ਹਾਂ ਤੋਂ ਹਥਿਆਰ ਖੋਹ ਲਏ ਗਏ ਹਨ। ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਨ ਅਤੇ ਉਸ ਦੀ ਫੌਜ ਨੂੰ ਪੇਸ਼ਾਵਰ ਵਿਚੋਂ ਕੱਢ ਦਿੱਤਾ ਗਿਆ ਹੈ। ਇਸ ਵੇਲੇ ਪੰਜਾਬ ਭਰ ਵਿਚ ਸਾਡੇ ਵਿਰੁੱਧ ਖੁੱਲ੍ਹੇਆਮ ਹਥਿਆਰ ਚੁੱਕਣ ਵਾਲਾ ਇਕ ਵੀ ਵਿਅਕਤੀ ਨਹੀਂ ਹੈ।

ਜੁਲਾਈ 1848 ਵਿਚ ਆਰੰਭ ਹੋਈ ਅਤੇ ਹੁਣ ਤਕ ਸਮਾਪਤ ਹੋ ਚੁੱਕੀ ਲੰਮੀ ਮੁਹਿੰਮ ਦੌਰਾਨ ਵਾਪਰੀਆਂ ਘਟਨਾਵਾਂ ਦਾ ਵਰਨਣ ਕਰਨ ਤੋਂ ਪਿਛੋਂ ਮੈਂ ਆਪ ਜੀ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਘਟਨਾਵਾਂ ਉਤੇ ਵਿਚਾਰ ਕਰਕੇ ਅੰਗਰੇਜ਼ ਸਰਕਾਰ ਅਤੇ ਸਿੱਖ ਕੌਮ ਤੇ ਲੋਕਾਂ ਦੇ ਇਕ ਦੂਜੇ ਪ੍ਰਤੀ ਉਸ ਵਤੀਰੇ ਵੱਲ ਧਿਆਨ ਦਿਓ ਜੋ ਇਸ ਵਰਨਣ ਤੋਂ ਪ੍ਰਗਟ ਹੁੰਦਾ ਹੈ। ਇਨ੍ਹਾਂ ਦੋਹਾਂ ਧਿਰਾਂ ਦੇ ਆਪਸੀ ਸਬੰਧਾਂ ਅਤੇ ਦੋਹਾਂ ਰਾਹੀਂ ਨਿਭਾਏ ਜਾਣ ਵਾਲੇ ਫਰਜ਼ ਅਤੇ ਜ਼ਿੰਮੇਵਾਰੀਆਂ ਦਾ ਵਰਨਣ ਭੈਰੋਵਾਲ ਸੰਧੀ ਦੀਆਂ ਵੱਖ-ਵੱਖ ਧਾਰਾਵਾਂ ਵਿਚ ਕੀਤਾ ਜਾ ਚੁੱਕਾ ਹੈ। ਅੰਗਰੇਜ਼ ਸਰਕਾਰ ਨੇ ਇਸ ਸੰਧੀ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਰ੍ਹਾਂ ਨਿਭਾਈਆਂ ਹਨ ਤੇ ਸੰਧੀ ਦੀਆਂ ਧਾਰਾਵਾਂ ਉਤੇ ਸਹੀ ਅਰਥਾਂ ਵਿਚ ਅਖਰ ਅਖਰ ਅਮਲ ਕੀਤਾ ਹੈ। ਅੰਗਰੇਜ਼ ਸਰਕਾਰ ਨੇ ਇਹ ਸਿੱਧ ਕਰਨ ਦਾ ਬੜਾ ਹੀ ਯਤਨ ਕੀਤਾ ਹੈ ਕਿ ਉਹ ਆਪਣੇ ਇਸ ਐਲਾਨ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ ਕਿ ਉਹ ਹੋਰ ਵਧੇਰੇ ਟਕਰਾਅ ਨਹੀਂ ਚਾਹੁੰਦੀ। ਇਸ ਨੇ 'ਕੌਂਸਲ ਆਫ ਰੀਜੈਂਸੀ' ਦੇ ਰੂਪ ਵਿਚ ਰਾਜ ਸਰਕਾਰ ਨੂੰ ਵੀ ਕਾਇਮ ਰਖਿਆ ਹੈ। ਇਸ ਨੇ ਅਜਿਹੇ ਕਦਮ ਚੁੱਕਣ ਦੀ ਸਲਾਹ ਵੀ ਦਿਤੀ, ਜਿਸ ਨਾਲ ਫੌਜਾਂ ਦੀ ਹਾਲਤ ਵਿਚ ਸੁਧਾਰ ਹੋਇਆ ਹੈ ਅਤੇ ਲੋਕਾਂ ਉਤੇ ਸਾਮੂਹਿਕ ਤੌਰ ਉਤੇ ਬੋਝ ਘਟਿਆ ਹੈ। ਇਸ ਤੋਂ ਇਲਾਵਾ ਅੰਗਰੇਜ਼ ਸਰਕਾਰ ਨੇ ਲਾਹੌਰ ਰਾਜ ਨੂੰ ਆਪਣਾ ਰਾਜ ਪ੍ਰਬੰਧ ਚਲਾਉਣ ਲਈ ਬੜੀ ਉਦਾਰਤਾ ਨਾਲ ਆਪਣੀਆਂ ਫੌਜਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਦਿਤੀ ਹੈ। ਇਸ ਨੇ ਆਪਣੀ ਕਿਸੇ ਵੀ ਕਾਰਵਾਈ ਰਾਹੀਂ ਲੋਕਾਂ ਦੀਆਂ ਭਾਵਨਾਵਾਂ ਨੂੰ ਕੁਚਲਣ ਤੋਂ ਬੜੀ ਸਾਵਧਾਨੀ ਨਾਲ ਪ੍ਰਹੇਜ਼ ਕੀਤਾ ਹੈ ਤੇ ਧਾਰਮਿਕ ਸੰਸਥਾਵਾਂ ਅਤੇ ਰੀਤੀ ਰਿਵਾਜ਼ਾਂ ਵਿਚੋਂ ਕਿਸੇ ਵਿਚ ਵੀ ਵਿਅਰਥ ਦਖਲਅੰਦਾਜ਼ੀ ਨਹੀਂ ਕੀਤੀ।

ਦੂਜੇ ਪਾਸੇ ਸਿੱਖਾਂ ਨੇ ਸੰਧੀ ਰਾਹੀਂ ਉਨ੍ਹਾਂ ਉਤੇ ਲਾਗੂ ਹੋਣ ਵਾਲੀਆਂ ਜ਼ਿੰਮੇਵਾਰੀਆਂ ਦਾ ਪਾਲਣ ਕਿਵੇਂ ਕੀਤਾ ਹੈ? ਸੰਧੀ ਦੀ ਇਕ ਵੀ ਮੁੱਖ ਧਾਰਾ ਅਜਿਹੀ ਨਹੀਂ ਜਿਸ ਦੀ ਪਾਲਣਾ ਕਰਨ ਵਿਚ ਸਿੱਖਾਂ ਨੇ ਹੀਲ ਹੁੱਜਤ ਨਾ ਕੀਤੀ ਹੋਵੇ ਜਾਂ ਜਿਸ ਦੀ ਉਨ੍ਹਾਂ ਨੇ ਬੁਰੀ ਤਰ੍ਹਾਂ ਉਲੰਘਣਾ ਨਾ ਕੀਤੀ ਹੋਵੇ। ਅੰਗਰੇਜ਼ ਫੌਜਾਂ ਵਲੋਂ ਮਿਲਣ ਵਾਲੀ ਸਹਾਇਤਾ ਬਦਲੇ ਸਿੱਖਾਂ ਨੇ 22 ਲੱਖ ਰੁਪਏ ਸਾਲਾਨਾ ਇਵਜਾਨਾ ਦੇਣ ਦਾ ਵਾਅਦਾ ਕੀਤਾ ਸੀ ਪਰੰਤੂ ਸੰਧੀ ਲਾਗੂ ਹੋਣ ਵਾਲੇ ਦਿਨ ਤੋਂ ਲੈ ਕੇ ਅੱਜ ਤਕ ਉਨ੍ਹਾਂ ਨੇ ਇਕ ਰੁਪਿਆ ਵੀ ਨਹੀਂ ਦਿੱਤਾ। ਇਥੋਂ ਤਕ ਕਿ ਨੌਕਰੀ ਤੋਂ ਖਾਰਜ ਹੋਈਆਂ ਸਿੱਖ ਪਲਟਣਾਂ ਦਾ ਬਕਾਇਆ ਅਦਾ ਕਰਨ ਲਈ ਅੰਗਰੇਜ਼ ਸਰਕਾਰ ਵਲੋਂ ਸਿੱਖਾਂ ਨੂੰ ਦਿੱਤਾ ਹੋਇਆ ਕਰਜ਼ਾ ਵੀ ਉਨ੍ਹਾਂ ਨੇ ਵਾਪਸ ਨਹੀਂ ਮੋੜਿਆ। ਯੁੱਧ ਵਿਚ ਹੋਏ ਢੇਰ ਖਰਚਿਆਂ ਤੋਂ ਇਲਾਵਾ ਲਾਹੌਰ ਸਰਕਾਰ ਵਲੋਂ ਅੰਗਰੇਜ਼ ਸਰਕਾਰ ਨੂੰ ਮੋੜੇ ਜਾਣ ਜੋਗੇ ਕਰਜ਼ੇ ਦੀ ਰਕਮ 50 ਲੱਖ ਰੁਪਏ ਤੋਂ ਵੀ ਵੱਧ ਬਣਦੀ ਹੈ।

ਉਨ੍ਹਾਂ ਨੇ ਮੰਨਿਆ ਸੀ ਕਿ ਰਾਜ ਦੇ ਹਰ ਵਿਭਾਗ ਵਿਚ ਹਦਾਇਤਾਂ ਦੇਣ ਅਤੇ ਇਸ ਉਤੇ ਕਾਬੂ ਰੱਖਣ ਦੇ ਮਾਮਲਿਆਂ ਵਿਚ ਬਰਤਾਨਵੀ ਰੈਜ਼ੀਡੈਂਟ ਨੂੰ ਪੂਰਨ ਅਧਿਕਾਰ ਹੋਣਗੇ ਪਰ ਜਦੋਂ ਸਿੱਖਾਂ ਦੇ ਸ਼ਾਹੀ ਦਰਬਾਰ ਦੀਆਂ ਫੌਜਾਂ ਦੀ ਸਹਾਇਤਾ ਲਈ ਗਏ ਹੋਏ ਅੰਗਰੇਜ਼ ਅਫਸਰਾਂ ਨੂੰ ਮੁਲਤਾਨ ਵਿਖੇ ਕਤਲ ਕਰ ਦਿਤਾ ਗਿਆ ਅਤੇ ਜਦੋਂ ਰੈਜ਼ੀਡੈਂਟ ਨੇ ਇਸ ਸੰਬੰਧ ਵਿਚ ਲਾਹੌਰ ਸਰਕਾਰ ਨੂੰ ਪੱਤਰ ਲਿਖਿਆ ਤਾਂ ਉਤਰ ਵਿਚ ਨਾ ਤਾਂ ਸਰਕਾਰ ਨੇ ਦੋਸ਼ੀਆਂ ਨੂੰ ਪੇਸ਼ ਕੀਤਾ ਅਤੇ ਨਾ ਹੀ ਕੋਈ ਹਰਜਾਨਾ ਦਿੱਤਾ, ਸਗੋਂ ਉਨ੍ਹਾਂ ਨੇ ਤਾਂ ਇਹ ਐਲਾਨ ਕਰ ਦਿਤਾ ਕਿ ਉਹ ਆਪਣੇ ਫੌਜੀਆਂ ਉਤੇ, ਖਾਸ ਕਰਕੇ ਰਾਜ ਦੀ ਬਕਾਇਦਾ ਫੌਜ ਉਤੇ ਨਿਰਭਰ ਨਹੀਂ ਕਰ ਸਕਦੇ ਅਤੇ ਉਹ ਦੀਵਾਨ ਮੂਲ ਰਾਜ ਵਿਰੁਧ ਕੋਈ ਕਾਰਵਾਈ ਨਹੀਂ ਕਰਨਗੇ।

**ਪੰਜਾਬੀਆਂ ਨੇ ਹਥਿਆਰ ਚੁੱਕੇ :** ਵੱਖ-ਵੱਖ ਇਲਾਕਿਆਂ ਵਿਚ ਸਿੱਖ ਫੌਜੀਆਂ ਦੇ ਵਿਹਾਰ ਨੇ ਤਾਂ ਬੜੀ ਛੇਤੀ ਹੀ ਸਾਡੇ ਇਸ ਸ਼ੱਕ ਨੂੰ ਵੀ ਠੀਕ ਸਿੱਧ ਕਰ ਦਿਤਾ ਕਿ ਉਨ੍ਹਾਂ ਦੇ ਦਿਲਾਂ ਵਿਚ ਸਾਡੇ ਪ੍ਰਤੀ ਵੈਰ ਭਾਵ ਹੈ। ਉਨ੍ਹਾਂ ਦੇ ਦਿਲਾਂ ਵਿਚ ਸਾਡੇ ਪ੍ਰਤੀ ਬੜੀ ਦੇਰ ਤੋਂ ਦਬਿਆ ਹੋਇਆ ਗੁੱਸਾ ਉਦੋਂ ਸਪੱਸ਼ਟ ਰੂਪ ਵਿਚ ਸਾਹਮਣੇ ਆ ਗਿਆ ਜਦੋਂ ਰਾਜ ਦੀ ਸਾਰੀ ਸਿੱਖ ਫੌਜ ਅਤੇ ਜਨਤਾ ਨੇ ਇਕਮੁੱਠ ਹੋ ਕੇ ਸਾਡੇ ਵਿਰੁੱਧ ਹਥਿਆਰ ਚੁੱਕ ਲਏ ਅਤੇ ਮਹੀਨਿਆਂ ਬੱਧੀ ਸਾਡੇ ਨਾਲ ਭਿਆਨਕ ਯੁੱਧ ਲੜਦੇ ਰਹੇ। ਉਨ੍ਹਾਂ ਦਾ ਇਕੋ ਇਕ ਉਦੇਸ਼ ਸਾਡੀ ਤਾਕਤ ਨੂੰ ਕੁਚਲਣਾ ਤੇ ਸਾਡਾ ਖਾਤਮਾ ਕਰਨਾ ਸੀ। ਇਉਂ ਅਸੀਂ ਵੇਖਦੇ ਹਾਂ ਕਿ ਸਿੱਖਾਂ ਨੇ ਨਾ ਕੇਵਲ ਆਪਣੇ ਉਤੇ ਅੰਗਰੇਜ਼ ਸਰਕਾਰ ਦੇ ਉਸ ਕੰਟਰੋਲ ਦਾ ਹੀ ਹਥਿਆਰਬੰਦ ਵਿਰੋਧ ਕੀਤਾ, ਜਿਸ ਲਈ ਉਨ੍ਹਾਂ ਨੇ ਆਪ ਹੀ ਸੱਦਾ ਦਿੱਤਾ ਸੀ ਅਤੇ ਜਿਸ ਦੀ ਉਨ੍ਹਾਂ ਨੇ ਸਵੈ-ਇੱਛਾ ਨਾਲ ਹੀ ਅਧੀਨਗੀ ਸਵੀਕਾਰ ਕੀਤੀ ਸੀ ਸਗੋਂ ਅਮਨ ਨੂੰ ਵੀ ਬੁਰੀ ਤਰ੍ਹਾਂ ਭੰਗ ਕੀਤਾ ਅਤੇ ਸਾਰੀ ਸਿੱਖ ਕੌਮ ਨੇ ਇਕਮੁੱਠ ਹੋ ਕੇ ਸਾਡੇ ਵਿਰੁੱਧ ਅਕਾਰਨ ਹੀ ਫਿਰ ਯੁੱਧ ਛੇੜ ਦਿੱਤਾ। ਜੇਕਰ ਹੁਣ ਇਹ ਆਖਿਆ ਜਾਵੇ ਕਿ ਸਾਡੇ ਵਿਰੁੱਧ ਇਹ ਯੁੱਧ ਤਾਂ ਸਿੱਖ ਸਰਦਾਰਾਂ ਵਲੋਂ ਉਨ੍ਹਾਂ ਦੀ ਵਿਰੋਧਤਾ ਦੇ ਬਾਵਜੂਦ, ਸਿੱਖ ਫੌਜਾਂ ਵਿਚ ਜ਼ਾਬਤੇ ਦੀ ਘਾਟ ਕਰਕੇ ਹੋਇਆ ਹੈ, ਜਿਵੇਂ ਕਿ ਪਹਿਲਾਂ ਵੀ ਸੰਨ 1845 ਵਿਚ ਹੋਇਆ ਸੀ ਤਾਂ ਮੈਂ ਪੁੱਛਾਂਗਾ ਇਸ ਦਾ ਕੀ ਸਬੂਤ ਹੈ ਅਤੇ ਇਉਂ ਸੋਚਣ ਨਾਲ ਸਾਨੂੰ ਕੀ ਸੁਰੱਖਿਅਤਾ ਮਿਲਦੀ ਹੈ?

ਹੁਣ ਆਪਣੇ ਜਿੱਤੇ ਹੋਏ ਇਲਾਕਿਆਂ ਦੇ ਖੁਸ਼ਹਾਲ ਭਵਿੱਖ ਲਈ ਜਿਸ ਗੱਲ ਵੱਲ ਅਸਾਂ ਧਿਆਨ ਦੇਣਾ ਹੈ ਅਥਵਾ ਜੋ ਕੁਝ ਸਾਨੂੰ ਲਾਜ਼ਮੀ ਤੌਰ ਉਤੇ ਕਰਨਾ ਚਾਹੀਦਾ ਹੈ, ਉਹ ਹੈ ਆਪਣੀਆਂ ਸਭ ਸਰਹੱਦਾਂ ਉਤੇ ਅਮਨ ਕਾਇਮ ਰੱਖਣਾ। ਪੰਜਾਬ ਤੋਂ ਅਸੀਂ ਇਸ ਗੱਲ ਦੀ ਇੱਛਾ ਰੱਖਦੇ ਹਾਂ ਕਿ ਉਹ ਇਕ ਮਿੱਤਰਤਾ ਭਾਵ ਵਾਲਾ ਤੇ ਚੰਗੇ ਰਾਜ ਪ੍ਰਬੰਧ ਵਾਲਾ ਗੁਆਂਢੀ ਬਣੇ, ਜਿਸ ਵੱਲੋਂ ਨਾ ਤਾਂ ਸਾਨੂੰ ਕੋਈ ਖਤਰਾ ਹੋਵੇ ਤੇ ਨਾ ਹੀ ਸਾਨੂੰ ਉਥੇ ਪੱਕੇ ਤੌਰ ਉਤੇ 50,000 ਫੌਜੀ ਤਾਇਨਾਤ ਕਰਨੇ ਪੈਣ। ਕੌਂਸਲ ਅਤੇ ਸਰਦਾਰਾਂ ਦੇ ਦੋਸਤਾਨਾ ਸਬੰਧਾਂ ਦਾ ਸਾਨੂੰ ਕੀ ਲਾਭ ਜਦੋਂ ਕਿ ਉਹ ਸਾਡੇ ਪ੍ਰਤੀ ਵੈਰ-ਭਾਵ ਰੱਖਣ ਵਾਲੀਆਂ ਫੌਜਾਂ ਨੂੰ ਹੀ ਆਪਣੇ ਕਾਬੂ ਵਿਚ ਨਹੀਂ ਰੱਖ ਸਕਦੇ? ਜੇਕਰ ਸਿੱਖ ਫੌਜ ਅਤੇ ਸਿੱਖ ਲੋਕ ਅਮਨ ਭੰਗ ਕਰਨ ਦੇ ਮਨੋਰਥ ਨਾਲ ਤਾਕਤ ਹਥਿਆਉਣ ਦਾ ਹਰ ਅਵਸਰ ਪ੍ਰਾਪਤ ਕਰਨ ਲਈ ਉਤਾਵਲੇ ਰਹਿਣ, ਜਿਸ ਅਮਨ ਨੂੰ ਅਸੀਂ ਪੱਕੇ ਤੌਰ ਉੱਤੇ ਕਾਇਮ ਕਰਨ ਦੇ ਇਛੁੱਕ ਹਾਂ, ਤਾਂ ਇਕ ਰਾਜ ਦੇ ਤੌਰ ਉਤੇ ਸਿੱਖ ਸਰਦਾਰਾਂ ਦੀ ਨਿਪੁੰਸਕ ਵਫਾਦਾਰੀ ਦੀ ਸਾਡੇ ਲਈ ਕੀ ਕੀਮਤ ਰਹਿ ਜਾਂਦੀ ਹੈ?

**(ਬਾਕੀ ਅਗਲੇ ਅੰਕ ਵਿਚ)**

# ਸਾਹਿੱਤਕਾਰ ਦਾ ਕਰਤੱਵ

**ਪ੍ਰੋ. ਪ੍ਰੀਤਮ ਸਿੰਘ**



ਹੁਣ ਸਾਡੇ ਸਾਹਿੱਤਕਾਰਾਂ ਤੇ ਸਾਹਿੱਤ-ਪ੍ਰੇਮੀਆਂ ਦੀ ਸਿਆਣਪ ਇਸ ਵਿੱਚ ਹੈ ਕਿ ਪਾਠਕਾਂ ਦੀ ਇਸ ਬੜੀ ਵੱਡੀ ਫ਼ੌਜ ਦੀਆਂ ਮਨੋਰੰਜਕ ਜਾਂ ਕਲਚਰੀ ਲੋੜਾਂ ਨੂੰ ਮੁੱਖ ਰੱਖ ਕੇ, ਪੰਜਾਬੀ ਵਿੱਚ ਐਸਾ ਦਿਲ ਖਿੱਚ ਤੇ ਲਾਭਦਾਇਕ ਸਾਹਿੱਤ ਪੈਦਾ ਕਰਨ ਕਿ ਵੱਧ ਤੋਂ ਵੱਧ ਪਾਠਕ ਇਸ ਪਾਸੇ ਵੱਲ ਆਪਣੇ ਆਪ ਖਿੱਚੀਂਦੇ ਤੁਰੇ ਆਉਣ। ਇਸ ਵੇਲੇ ਇਕ ਕਿਤਾਬ ਦੀ ਇਕ ਹਜ਼ਾਰ ਕਾਪੀ ਮਰ-ਖਪ ਕੇ ਦੋਹਾਂ ਸਾਲਾਂ ਵਿੱਚ ਵਿਕਦੀ ਹੈ; ਪੰਜਾਬੀ ਦੇ ਤਕਰੀਬਨ ਸਭ ਰਸਾਲੇ ਡਾਵਾਂ-ਡੋਲ ਹਾਲਤ ਵਿੱਚ ਹਨ, ਕੋਈ ਪੰਜ ਸੌ ਛਪਦਾ ਹੈ, ਕੋਈ ਹਜ਼ਾਰ। ਭਾਰਤ ਦੇ ਪ੍ਰੈੱਸ ਰਜਿਸਟਰਾਰ ਦੀ ਰਿਪੋਰਟ ਅਨੁਸਾਰ ਪੰਜਾਬੀ ਅਖ਼ਬਾਰਾਂ ਦੀ ਗਿਣਤੀ ਵਿੱਚ, ਪਿਛਲੇ ਵਰ੍ਹੇ ਨਾਲੋਂ 16 ਫ਼ੀਸਦੀ ਦੀ ਕਮੀ ਹੋਈ ਹੈ। ਕੀ ਇਸ ਦਸ਼ਾ ਦੇ ਜ਼ਿੰਮੇਵਾਰ ਕੇਵਲ ਪੰਜਾਬੀ ਪਾਠਕ ਹੀ ਹਨ? ਸ਼ਾਇਦ, ਕਿਸੇ ਹੱਦ ਤੱਕ ਹੋਣ, ਪਰ ਕਸੂਰ ਸਾਡੇ ਲੇਖਕਾਂ ਤੇ ਪੱਤਰਕਾਰਾਂ ਦਾ ਵੀ ਹੈ, ਜਿਨ੍ਹਾਂ ਦਾ, ਨਵੀਂ ਪੈਦਾ ਹੋ ਰਹੀ ਪਾਠਕ-ਸ਼੍ਰੇਣੀ ਨਾਲ ਬੜਾ ਘੱਟ ਸੰਪਰਕ ਹੈ।

ਸਾਹਿੱਤਕਾਰ ਦਾ ਕਰਤੱਵ ਕੀ ਹੈ? ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿੱਚ ਇਸ ਦਾ ਸੰਕੇਤ-ਮਾਤਰ ਉੱਤਰ ਇਹ ਦਿੱਤਾ ਜਾ ਸਕਦਾ ਹੈ:

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਗੁਰੂ ਗ੍ਰੰਥ ਸਾਹਿਬ, ਪੰਨਾ 661)

ਸਾਹਿੱਤਕਾਰ ਨੂੰ ਇਸ ਦੁਨੀਆਂ ਵਿੱਚ ਇਹੋ ਕੁੱਝ ਤੇ ਇਸੇ ਕ੍ਰਮ ਵਿੱਚ ਕਰਨਾ ਚਾਹੀਦਾ ਹੈ—ਪਹਿਲਾਂ ਸੁਣਨਾ, ਫੇਰ ਕਹਿਣਾ। ਸੁਣਨ ਪ੍ਰਤੀਕ ਹੈ, ਗਿਆਨ-ਇੰਦਰੀਆਂ ਦੇ ਕਰਮ ਦਾ, ਜਿਨ੍ਹਾਂ ਰਾਹੀਂ ਅਨੇਕ-ਪ੍ਰਕਾਰੀ ਅਨੁਭਵਾਂ ਦਾ ਕੱਚਾ ਪਰ ਸੂਖਮ ਮਸਾਲਾ ਮਨ ਦੀ ਕੁਠਾਲੀ ਵਿੱਚ ਇਕੱਠਾ ਹੁੰਦਾ ਹੈ। ਇਸ ਲਈ ਆਪਣੀਆਂ ਗਿਆਨ-ਇੰਦਰੀਆਂ ਨੂੰ ਸੁਚੇਤ ਰੱਖਣਾ ਸਾਹਿੱਤਕਾਰ ਦਾ ਮੁੱਢਲਾ ਧਰਮ ਬਣਦਾ ਹੈ ਤਾਂ ਜੋ ਉਹ ਆਪਣੇ ਆਲੇ-ਦੁਆਲੇ ਵਿੱਚ ਮਨੁੱਖ ਤੇ ਪ੍ਰਕਿਰਤੀ, ਰਾਜਾ ਤੇ ਰੰਕ, ਸੋਗ ਤੇ ਹਰਖ, ਅੰਦਰ ਤੇ ਬਾਹਰ ਨੂੰ ਨੀਝ ਲਾ ਕੇ ਵੇਖ ਸਕੇ ਤੇ ਇਸ ਬਚਿੱਤਰ ਧਰਤੀ ਉੱਤੇ ਵੱਸਦੇ ਜੀਵਾਂ ਦੇ ਮੂਕ ਤੇ ਬੋਲਦੇ ਸੁਨੇਹਿਆਂ, ਗੁਟਕਦਿਆਂ ਹਾਸਿਆਂ ਤੇ ਕੁਰਣ ਵਿਲਕਣੀਆਂ ਨੂੰ ਇਕਸਾਰ ਧਿਆਨ ਨਾਲ ਸੁਣ ਸਕੇ। ਜਿਸ ਵਿੱਚ ਇਹ ਕੁੱਝ ਵੇਖਣ ਜਾਂ ਸੁਣਨ ਦੀ ਸਮਰੱਥਾ ਨਹੀਂ ਹੈ, ਉਹ ਸਾਹਿੱਤਕਾਰ ਕੀ ਬਣੇਗਾ? ਅਖੌਤੀ ਸਾਹਿੱਤਕਾਰ ਨਾ ਤਾਂ ਮੌਸਮੀ ਜੈਕਾਰਿਆਂ ਦੀ ਘਨਘੋਰ ਵਿੱਚੋਂ ਮਨੁੱਖਤਾ ਦੀ ਸੂਖਮ ਧੁਨੀ ਸੁਣ ਸਕਦਾ ਹੈ ਤੇ ਨਾ ਆਰਜ਼ੀ ਤੌਰ ਉੱਤੇ ਪਰਵਾਨ ਭੇਖ ਤੋਂ ਵਾਂਝੇ ਕਿਸੇ ਸੱਚੇ ਤੇ ਸੁੱਚੇ ਮਨੁੱਖ ਦੀ ਕਦਰ ਹੀ ਕਰ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਰਖਦੀ, ਛਾਣਦੀ, ਛੱਟਦੀ ਨਜ਼ਰ ਤਾਂ ਕਿਸੇ ਵਿਰਲੇ ਸਾਧਕ ਦੀ ਹੀ ਹੁੰਦੀ ਹੈ ਤੇ ਸਾਧਾਰਨ, ਉੱਪਰਲੇ ਤੇ ਸਾਖਿਆਤ ਦ੍ਰਿਸ਼ਾਂ ਜਾਂ ਅਨੁਭਵਾਂ ਨੂੰ ਵੇਖਣ-ਚਾਖਣ ਦਾ ਕੰਮ ਘੱਟ ਅਭਿਆਸੀ ਦ੍ਰਿਸ਼ਟੀ ਵੀ, ਕਾਫ਼ੀ ਅੱਛੀ ਤਰ੍ਹਾਂ ਨਿਭਾ ਲੈਂਦੀ ਹੈ; ਪਰ ਘਾਲ ਦੀ ਘੌਲ ਕਰਕੇ, ਅਸੀਂ ਲੋਕ ਜਿਹੜੀਆਂ ਅਸਲੋਂ ਵਾਹੀਆਤ ਭੁੱਲਾਂ ਕਰਦੇ ਦਿੱਸਦੇ ਹਾਂ। ਉਨ੍ਹਾਂ ਨਾਲ ਅਸੀਂ ਆਪਣੀਆਂ ਅਨੁਭਵੀ ਸ਼ਕਤੀਆਂ ਦਾ ਹੀ ਨਹੀਂ, ਆਪਣੇ ਅਨੇਕ ਪਾਠਕਾਂ ਦਾ ਅਪਮਾਨ ਵੀ ਕਰਦੇ ਹਾਂ।

ਇਕ ਪ੍ਰਸਿੱਧ ਨਾਟਕ ਵਿੱਚ ਅਫ਼ੀਮ ਦੇ ਮਾਰੂ ਅਸਰ ਨਾਲ ਧੜੱਮ ਕਰ ਕੇ ਡਿੱਗੀ ਤੀਵੀਂ, ਮਰਨ ਤੋਂ ਪਹਿਲਾਂ ਰੱਜ ਕੇ ਗੱਲਾਂ ਕਰਦੀ ਦਿਖਾਈ ਗਈ ਹੈ। ਇਕ ਨਾਵਲ ਵਿੱਚ ਪਟਿਆਲੇ ਦੇ ਮਹਾਰਾਜੇ ਦੇ ਰਿਹਾਇਸ਼ੀ ਮਹੱਲ 'ਮੋਤੀ ਬਾਗ਼' ਨੂੰ, ਇਕ ਸਾਧਾਰਨ ਕੰਪਨੀ ਬਾਗ਼ ਸਮਝ ਕੇ, ਉਸ ਦੀਆਂ ਫੁਲਵਾੜੀਆਂ ਦੀ ਬੇਰੋਕ ਸੈਰ ਕੀਤੀ ਤੇ ਕਰਵਾਈ ਗਈ ਹੈ। ਜਿਵੇਂ ਕਿਸੇ ਨਾਟਕ ਵਿੱਚ ਗੁੱਟ ਸ਼ਰਾਬੀ ਦਾ ਪਾਰਟ ਕਰਨ ਲਈ, ਐਕਟਰ ਨੂੰ, ਸੱਚ-ਮੁੱਚ ਸ਼ਰਾਬ ਵਿੱਚ ਗੁੱਟ ਹੋ ਕੇ ਸਟੇਜ ਉੱਤੇ ਆਉਣ ਦੀ ਲੋੜ ਨਹੀਂ ਹੁੰਦੀ; ਉਸ ਨੂੰ ਸ਼ਰਾਬੀਆਂ ਦੀਆਂ ਹਰਕਤਾਂ ਦਾ ਡੂੰਘਾ ਮੁਤਾਲਿਆ ਕਰ ਕੇ ਭਰਮ-ਤੋੜ ਨਕਲ ਲਾਹੁਣ ਦਾ ਵੱਲ ਆਉਣਾ ਚਾਹੀਦਾ ਹੈ। ਇਸੇ ਤਰ੍ਹਾਂ ਅਫ਼ੀਮ ਖਾ ਕੇ ਡਿੱਗਣ ਵਾਲੇ ਮਨੁੱਖ ਦੀ ਦਸ਼ਾ ਦਾ ਯਥਾਰਥਕ ਜਾਂ ਠੀਕ ਨਕਲ ਲਾਹੁਣ ਲਈ ਇਹ ਜ਼ਰੂਰੀ ਨਹੀਂ ਕਿ ਨਾਟਕਕਾਰ ਆਪ ਮਾਵੇ ਦਾ ਗੋਲਾ ਆਪਣੇ ਅੰਦਰ ਸੁੱਟੇ। ਨਾਵਲਕਾਰ ਜਦੋਂ ਠਠਿਆਰ ਬਾਰੇ ਲਿਖਣ ਦਾ ਖ਼ਿਆਲ ਬਣਾਉਂਦਾ ਹੈ ਤਾਂ ਉਸ ਨੂੰ ਕੇਵਲ ਇਸੇ ਕਰਕੇ ਹੀ ਨਹੀਂ ਨਿੰਦ ਦੇਣਾ ਚਾਹੀਦਾ ਕਿ ਲੇਖਕ ਆਪ ਠਠਿਆਰ ਨਹੀਂ। ਠਠਿਆਰ ਦਾ ਜੀਵਨ ਚਿਤਰਨ ਲਈ ਠਠਿਆਰ ਹੋਣ ਦੀ ਲੋੜ ਨਹੀਂ, ਪਰ ਉਸ ਦੇ ਲਈ ਇਹ ਜ਼ਰੂਰੀ ਸ਼ਰਤ ਹੈ ਕਿ ਉਹ ਆਪਣੇ ਮੁਸ਼ਾਹਿਦੇ ਦੇ ਅਭਿਆਸ ਨਾਲ ਕੁੱਝ ਸਮੇਂ ਲਈ ਠਠਿਆਰ ਦੀ ਜੂਨ ਵਿੱਚ ਜਾ ਪਵੇ ਤਾਂ ਜੋ ਉਸ ਨੂੰ ਪਤਾ ਲੱਗ ਸਕੇ ਕਿ 'ਕਾਂਸੀ ਦੀਆਂ ਤਾਰਾਂ' 'ਆਮ' ਨਹੀਂ ਹੁੰਦੀਆਂ ਤੇ 'ਸਰਾਫ਼' ਦੀ ਕੁਠਾਲੀ, 'ਸੁਨਿਆਰ' ਦੀ ਕੁਠਾਲੀ ਹੁੰਦੀ ਹੈ ਤੇ ਉਸ ਦਾ ਆਕਾਰ ਵੱਡੇ ਕੜਾਹੇ ਵਰਗਾ ਨਹੀਂ ਹੁੰਦਾ। ਜੇ ਸਾਹਿੱਤਕਾਰ ਆਪਣੀਆਂ ਅੱਖਾਂ 'ਤੇ ਆਪਣਿਆਂ ਕੰਨਾਂ ਤੋਂ ਪੂਰਾ ਤੇ ਠੀਕ ਕੰਮ ਲੈਣਾ ਜਾਣਦੇ ਹੋਣ ਤਾਂ ਇਹ ਭੁੱਲਾਂ ਕਿਵੇਂ ਵਾਪਰ ਸਕਦੀਆਂ ਹਨ? ਅਨੁਭਵ ਆਪਣਾ ਹੋਵੇ-ਸੱਚਾ, ਸੁੱਚਾ ਤੇ ਜੇ ਹੋ ਸਕੇ ਤਾਂ ਵਿਸ਼ਾਲ ਅਤੇ ਉਸ ਉੱਤੇ ਸਾਹਿੱਤਕਾਰ ਦੀ ਰਸਿਕ ਪ੍ਰਤਿਭਾ, ਕਰਤਾਰੀ ਸਮਰੱਥਾ ਤੇ ਤੀਖਣ ਸੂਝ ਦਾ ਸਚੇਤ ਜਾਂ ਅਚੇਤ ਅਮਲ ਸ਼ੁਰੂ ਹੋ ਜਾਏ ਤਾਂ ਸਮਝੋ ਕਿ ਸਾਹਿੱਤਕਾਰ 'ਸੁਣਨ' ਵਿੱਚ ਸਫਲ ਰਿਹਾ ਹੈ ਤੇ ਹੁਣ ਉਸ ਪਾਸੋਂ ਕੁੱਝ ਕਹਿ ਵੀ ਹੋ ਜਾਵੇਗਾ।

ਸਾਹਿੱਤ ਗੂੰਗਾ ਨਹੀਂ ਹੋ ਸਕਦਾ, ਇਸ ਲਈ ਸਾਹਿੱਤਕਾਰ ਦਾ ਅਸਲੀ ਕੰਮ ਕੁੱਝ ਕਹਿਣ ਵੇਲੇ ਤੋਂ ਹੀ ਸ਼ੁਰੂ ਹੁੰਦਾ ਹੈ। ਕਹਿਣ ਦੇ ਦੋ ਪੱਖ ਹਨ-ਇਕ ਇਹ ਕਿ ਕੀ ਕਿਹਾ ਜਾਏ ਤੇ ਦੂਜਾ ਇਹ ਕਿ ਕਿਸ ਤਰ੍ਹਾਂ ਕਿਹਾ ਜਾਏ ਜਾਂ ਇਉਂ ਕਹਿ ਲਈਏ ਕਿ ਇਕ ਵਸਤੂ ਦਾ ਪੱਖ ਹੈ ਤੇ ਦੂਜਾ ਰੂਪ ਦਾ। ਕੋਈ ਸਮਾਂ ਸੀ ਜਦੋਂ ਸਾਹਿੱਤ ਦੇ ਵਿਸ਼ੇ ਸੀਮਿਤ ਹੁੰਦੇ ਸਨ; ਨਾਲੇ ਕੁੱਝ ਨੂੰ ਪੜ੍ਹਨ-ਲਿਖਣ ਦੀ ਪੂਰੀ ਖੁੱਲ੍ਹ ਤੇ ਕੁੱਝ ਹੋਰਨਾਂ ਵਾਸਤੇ ਪੂਰੀ ਮਨਾਹੀ ਹੁੰਦੀ ਸੀ, ਪਰ ਵਰਤਮਾਨ ਲੇਖਕ, ਇਸ ਮਾਮਲੇ ਵਿੱਚ, ਕਿੰਨਾ ਸੁਭਾਗਾ ਹੈ ਕਿ ਉਸ ਦੇ ਸਾਹਮਣੇ ਅਨੇਕ ਵਿਸ਼ਿਆਂ ਦੇ ਢੇਰ ਪਰੋਸੇ ਪਏ ਹਨ ਤੇ ਉਹ ਜਿੱਥੋਂ ਚਾਹੇ ਮਨ-ਪਸੰਦ ਚੋਣ ਕਰ ਸਕਦਾ ਹੈ। ਨਾ ਉਸ ਦੇ ਉੱਤੇ ਇਹ ਬੰਦਸ਼ ਹੈ ਕਿ ਉਸ ਨੇ ਕੇਵਲ ਰਾਜਿਆਂ ਨੂੰ ਹੀ ਨਾਇਕ ਬਣਾਉਣਾ ਹੈ ਤੇ ਨਾ ਇਹ ਕਿ ਕੇਵਲ ਅਖੌਤੀ ਭਲੇ ਤੇ ਮਾਸੂਮ ਵਿਸ਼ੇ ਹੀ ਛੋਹਣੇ ਹਨ ਤੇ ਉਨ੍ਹਾਂ ਦੇ ਪਿੱਛੇ ਲੁਕੇ ਗੰਦ ਨੂੰ ਬੇਪੜਦ ਨਹੀਂ ਕਰਨਾ। ਹੋ ਸਕਦਾ ਹੈ ਕਿ ਵਰਤਮਾਨ ਪੰਜਾਬੀ ਲੇਖਕ ਨੂੰ ਪੁਰਾਣੇ ਪੰਜਾਬੀ ਸਾਹਿੱਤ ਵਿੱਚ, ਵਿਸ਼ੇ ਵਜੋਂ, ਬਹੁਤੀ ਰੰਗਾ-ਰੰਗੀ ਨਾ ਲੱਭੇ, ਪਰ ਉਸ ਦੇ ਨੇੜੇ ਦੇ ਹੋਰ ਵਿਗਸਿਤ ਭਾਰਤੀ ਸਾਹਿੱਤਾਂ ਵਿੱਚ ਤੇ ਉਨ੍ਹਾਂ ਪ੍ਰਾਪਤ ਲੱਛਮੀ ਸਾਹਿੱਤਾਂ ਵਿੱਚ, ਜਿਨ੍ਹਾਂ ਤੱਕ, ਕਿਸੇ ਨਾ ਕਿਸੇ ਤਰ੍ਹਾਂ ਉਸ ਦੀ ਰਸਾਈ ਹੋ ਜਾਂਦੀ ਹੈ, ਵਿਸ਼ਿਆਂ ਦੀ ਚੋਣ ਤੇ ਉਨ੍ਹਾਂ ਦੇ ਨਿਭਾਉ ਬਾਰੇ ਏਨੇ ਤਜਰਬੇ ਹੋ ਚੁੱਕੇ ਹਨ ਕਿ ਕਿਸੇ ਵਿਸ਼ੇ ਤੋਂ, ਉਸ ਦੀ ਨਵੀਨਤਾ ਦੇ ਕਾਰਨ, ਝੱਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਾਡੇ ਕਿਸੇ ਲੇਖਕ ਵੱਲ ਸਭ ਤੋਂ ਵੱਧ ਅੱਖਾਂ ਉਸ ਵੇਲੇ ਚੁੱਕੀਆਂ ਜਾਂਦੀਆਂ ਹਨ, ਜਦੋਂ ਉਹ ਲਿੰਗ-ਕਾਮਨਾ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਂਦਾ ਹੈ, ਪਰ ਫ਼ਰਾਂਸ, ਇੰਗਲਿਸ਼ਤਾਨ, ਅਮਰੀਕਾ, ਆਦਿ ਪੱਛਮੀ ਦੇਸ਼ਾਂ ਦੇ ਵੱਡੇ-ਵੱਡੇ ਪ੍ਰਸਿੱਧ ਲੇਖਕਾਂ ਨੇ, ਬਲਕਿ ਸਾਡੇ ਆਪਣੇ ਦੇਸ਼ ਦੇ ਤੇ ਪਾਕਿਸਤਾਨ ਦੇ ਲੇਖਕਾਂ ਨੇ ਵੀ, ਲਿੰਗ ਤੇ ਜਿਨਸੀ ਸੰਬੰਧਾਂ ਨੂੰ ਏਨੇ ਪੱਖਾਂ ਤੋਂ, ਏਨੇ ਨਿਸੰਗ ਹੋ ਕੇ ਵਿਸਤਾਰ ਨਾਲ ਵਿਚਾਰ-ਅਧੀਨ ਲੈ ਆਂਦਾ ਹੈ ਕਿ ਸਾਹਿੱਤ ਵਿੱਚ ਨੰਗੇਜ ਦੀ ਸਮੱਸਿਆ ਵਰਗੀ ਕੋਈ ਚੀਜ਼ ਰਹਿ ਹੀ ਨਹੀਂ ਗਈ ਲੱਗਦੀ। ਇਕ ਪੀੜ੍ਹੀ, ਜਿਸ ਨਾਵਲ ਨੂੰ ਅਸੱਭ ਕਹਿ ਕੇ, ਪੂਰਾ ਛਾਪਣ ਤੋਂ ਰੋਕ ਦਿੰਦੀ ਹੈ, ਉਸ ਤੋਂ ਅਗਲੀ ਪੀੜ੍ਹੀ, ਉਸੇ ਨੂੰ ਸੰਪੂਰਨ ਰੂਪ ਵਿੱਚ ਛਾਪਣ ਦੀ ਪੂਰੀ ਖੁੱਲ੍ਹ ਦੇ ਦਿੰਦੀ ਹੈ। ਕੀ ਇਸ ਤੋਂ ਇਹੀ ਸਮਝਿਆ ਜਾਏ ਕਿ ਪੱਛਮ ਵਿੱਚ ਜੋ ਕੁੱਝ ਹੋਇਆ ਹੈ, ਬੜਾ ਅੱਛਾ ਹੋਇਆ ਹੈ ਤੇ ਸਾਹਿੱਤਕਾਰ ਵਿਸ਼ੇ ਦੀ ਚੋਣ ਵਿੱਚ ਅਸਲੋਂ ਸੁਤੰਤਰ ਹੈ ਤੇ ਉਸ ਨੂੰ ਕਿਸੇ ਤਰ੍ਹਾਂ ਦੀ ਬੰਦਸ਼ ਵਿੱਚ ਰੱਖਣਾ ਯੋਗ ਨਹੀਂ? ਇਸ ਦੇ ਉੱਤਰ ਵਿੱਚ ਮੈਂ ਕੇਵਲ ਇਹੋ ਕਹਿਣਾ ਹੈ ਕਿ ਬਦੇਸ਼ੀ ਸਾਹਿੱਤਾਂ ਵਿੱਚ ਨਿਸੰਗ ਵਿਸ਼ੇ, ਬਹੁਤ ਕਰਕੇ, ਉਨ੍ਹਾਂ ਦੇ ਨਿਸੰਗ ਸਮਾਜ ਤੇ ਇਤਿਹਾਸਕ ਵਿਕਾਸ ਵਿੱਚੋਂ ਉਪਜਦੇ ਹਨ ਤੇ ਸਾਡੇ ਵਿਸ਼ੇ ਸਾਡੇ ਆਪਣੇ, ਸਾਡੇ ਆਲੇ-ਦੁਆਲੇ ਵਿਚਰਦੇ ਸਮਾਜ ਤੇ ਇਤਿਹਾਸ ਦੀ ਉਪਜ ਹੋਣੇ ਚਾਹੀਦੇ ਹਨ। ਭਾਰਤੀ ਮੁਨੀਆਂ ਨੇ ਸਾਹਿੱਤ ਵਾਸਤੇ 'ਸ਼ਿਵ ਜਾਂ ਕਲਿਆਣਕਾਰੀ' ਹੋਣ ਦੀ ਜਿਹੜੀ ਬੰਦਸ਼ ਲਾਈ ਹੈ ਤੇ ਜਿਸ ਦੇ ਅੰਦਰ-ਅੰਦਰ ਰਹਿ ਕੇ ਸਾਡਾ ਬਹੁਤ ਸਾਰਾ ਪੁਰਾਣਾ ਸਾਹਿੱਤ ਰਚਿਆ ਗਿਆ ਹੈ, ਇਕ ਬੜੀ ਤੰਦਰੁਸਤ ਬੰਦਸ਼ ਹੈ ਤੇ ਪੰਜਾਬੀ ਸਾਹਿੱਤਕਾਰਾਂ ਲਈ, ਸਾਹਿੱਤ ਰਚਣ ਵੇਲੇ, ਇਸ ਤੰਦਰੁਸਤ ਨਿਸ਼ਾਨੇ ਦੀ ਯਾਦ ਤਾਜ਼ਾ ਕਰ ਲੈਣੀ ਉੱਚਿਤ ਹੈ।

ਇਹ ਸਮਝਣ ਦੀ ਲੋੜ ਹੈ ਕਿ ਸਾਡੇ ਇਸ ਵੇਲੇ ਦੇ ਸਮਾਜ ਵਿੱਚ ਕੋਈ ਭਰਾ, ਆਪਣੀ ਭੈਣ ਨਾਲ, ਸੁਆਦ ਲੈ ਲੈ ਕੇ, ਗੁੱਝੇ ਜਾਂ ਸਪੱਸ਼ਟ ਕਾਮੀ ਵਿਅੰਗਾਂ ਦਾ ਵਟਾਂਦਰਾ ਨਹੀਂ ਕਰਦਾ ਤੇ ਜਦੋਂ ਕੋਈ ਨਾਟਕਕਾਰ ਮੰਚ ਉੱਤੇ ਇਉਂ ਹੁੰਦਾ ਵਿਖਾਉਂਦਾ ਹੋਵੇ ਤਾਂ ਮੈਨੂੰ ਉਸ ਦੇ ਇਸ ਦ੍ਰਿਸ਼ ਦੀ ਸ਼ੋਭਾ ਕਰਨ ਵਿੱਚ ਝਾਕਾ ਆਵੇਗਾ। ਜਦੋਂ ਕੋਈ ਸਾਹਿੱਤਕਾਰ ਕਾਮ ਦਾ ਪ੍ਰਦਰਸ਼ਨ ਕਰਦਿਆਂ, ਉਸ ਵਿੱਚ ਸੁਆਦ ਲੈਣ ਤੇ ਸੁਆਦ ਦੇਣ ਲੱਗ ਪਵੇ ਤਾਂ ਪਾਠਕ ਦੇ ਕੰਨ ਖੜ੍ਹੇ ਹੋ ਜਾਣੇ ਚਾਹੀਦੇ ਹਨ, ਉਸ ਨੂੰ ਝੱਟ ਖ਼ਬਰਦਾਰ ਹੋ ਜਾਣਾ ਚਾਹੀਦਾ ਹੈ ਕਿ ਕਿਤੇ ਲੇਖਕ ਦਾ ਆਪਣਾ ਮਨ ਤਾਂ ਰੋਗੀ ਨਹੀਂ? ਜੇ ਰੋਗ ਉਸ ਦੇ ਅੰਦਰ ਹੋਵੇ ਤਾਂ ਉਸ ਦੀ ਲਿਖਤ ਅਰੋਗ ਨਹੀਂ ਹੋ ਸਕਦੀ। ਸਾਡੇ ਕੁੱਝ ਲੇਖਕ, ਆਪਣੇ ਸਾਮਾਜਿਕ ਵਾਤਾਵਰਨ ਤੋਂ ਘੱਟ ਤੇ ਬਦੇਸ਼ੀ ਸਾਹਿੱਤਾਂ ਤੋਂ ਵੱਧ ਪ੍ਰਭਾਵ ਗ੍ਰਹਿਣ ਕਰ ਕੇ ਕੁੱਝ ਮੈਲੀਆਂ ਚੀਜ਼ਾਂ ਵੀ ਪੈਦਾ ਕਰ ਬੈਠੇ ਸਨ, ਪਰ ਲੋਕ-ਰਾਏ ਦੇ ਅਸਰ ਹੇਠ ਜਾਂ ਆਪਣੀ ਜਮਾਂਦਰੂ ਸੂਝ ਦੇ ਕਾਰਨ, ਉਹ ਮੁੜ ਕੇ ਸਾਵਾਂਪਨ ਸਥਾਪਿਤ ਕਰਦੇ ਲੱਗਦੇ ਹਨ। ਦੁੱਗਲ ਇਸ ਬਹਾਲੀ ਦੀ ਸਭ ਤੋਂ ਵਧੀਆ ਮਿਸਾਲ ਹੈ। ਸੋ ਇਉਂ ਸਮਝਣਾ ਚਾਹੀਦਾ ਹੈ ਕਿ ਵਿਸ਼ੇ ਬਹਾਰੇ ਲੇਖਕ ਨੂੰ ਹਰ ਪ੍ਰਕਾਰ ਦੀ ਖੁੱਲ੍ਹ ਹੈ, ਪਰ ਉਸ ਨੂੰ 'ਸ਼ਿਵਮ' ਦਾ ਖ਼ਿਆਲ ਰੱਖ ਲੈਣ ਦੀ ਲੋੜ ਹੈ। ਇਸ ਨਾਲ ਉਸ ਦਾ ਸੰਬੰਧ ਸਮਾਜ ਨਾਲ ਜੁੜਿਆ ਰਹੇਗਾ ਤੇ ਉਹ ਹੋਵੇਗਾ ਵੀ ਸ਼ੁੱਭ।

'ਕੀ' ਤੋਂ ਪਿੱਛੋਂ 'ਕਿਵੇਂ' ਦੀ ਵਾਰੀ ਆਉਂਦੀ ਹੈ, ਭਾਵ, ਜੋ ਕੁੱਝ ਕਿਹਾ ਜਾਣਾ ਹੈ ਉਹ ਕਿਵੇਂ ਪ੍ਰਗਟਾਇਆ ਜਾਵੇ? ਇਹ ਕਿਵੇਂ ਦੀ ਸਮੱਸਿਆ, ਆਪਣੇ ਸੌਖ ਲਈ, 'ਰੂਪ' ਦੀ ਸਮੱਸਿਆ, ਫ਼ਰਜ਼ ਕਰ ਲਈਏ, ਵਰਨਾ ਉਂਜ ਤਾਂ ਤਜਰਬੇਕਾਰ ਸਾਹਿੱਤਕਾਰਾਂ ਦੇ ਸਾਹਮਣੇ ਇਹ ਵਸਤੂ ਤੇ ਰੂਪ ਦੀ ਸਮੱਸਿਆ ਇਸ ਤਰ੍ਹਾਂ ਵੱਖਰੀ ਬਣ ਕੇ ਸ਼ਾਇਦ ਹੀ ਆਉਂਦੀ ਹੋਵੇ, ਪਰ ਕਿਉਂਕਿ ਵਰਤਮਾਨ ਪੰਜਾਬੀ ਸਾਹਿੱਤ ਦੇ ਇਸ ਪੱਖ ਵੱਲ ਮਾੜਾ-ਮੋਟਾ ਧਿਆਨ ਦੇਣ ਵਾਲੇ ਨੂੰ ਵੀ ਸਾਡੀਆਂ ਥੁੜ੍ਹਾਂ ਦਾ ਕਾਫ਼ੀ ਗਿਆਨ ਹੋ ਜਾਂਦਾ ਹੈ, ਇਸ ਲਈ ਸਾਹਿੱਤ ਦੇ ਰੂਪ ਬਾਰੇ ਕੁੱਝ ਕਹਿਣਾ ਕੁਥਾਂ ਨਹੀਂ ਹੋਵੇਗਾ। ਸਪੱਸ਼ਟਤਾ ਲਈ ਸਾਹਿੱਤ ਦੇ ਰੂਪ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ—ਪਹਿਲਾਂ ਬੋਲੀ ਤੇ ਦੂਜਾ ਭਾਂਡਾ। ਇਨ੍ਹਾਂ ਦੋਹਾਂ ਪੱਖਾਂ ਬਾਰੇ, ਪਿਛੋਕੜ ਵਜੋਂ, ਇਹ ਸਮਝ ਲੈਣ ਦੀ ਲੋੜ ਹੈ ਕਿ ਪੰਜਾਬ ਵਿੱਚ ਆਧੁਨਿਕ ਯੁੱਗ ਦੇ ਪ੍ਰਵੇਸ਼ ਦੇ ਨਾਲ ਹੀ, ਅਨੇਕ ਲੋਕ-ਪਿਆਰੇ ਛੰਦਾਂ ਤੋਂ ਛੁੱਟ, ਕਿੱਸੇ, ਬਾਰਾਂਮਾਹੇ, ਅਠਵਾਹੇ ਵਰਗੇ ਕਾਵਿ-ਰੂਪ, ਕਾਫ਼ੀ ਵਰਗੇ ਰਾਗ-ਰੂਪ ਅਤੇ ਸਾਖੀ, ਗੋਸ਼ਟ ਤੇ ਪਰਮਾਰਥ ਵਰਗੇ ਦੇਸੀ ਗੱਦ-ਰੂਪ, ਨਵੀਂ ਸਾਹਿੱਤਿਕ ਚੇਤਨਾ ਦੇ ਪ੍ਰਤਿਨਿੱਧ ਵਾਹਨ ਨਹੀਂ ਬਣ ਸਕੇ, ਸੋ ਇਨ੍ਹਾਂ ਦੀ ਥਾਂ ਕੁੱਝ ਨਵੇਂ ਛੰਦਾਂ, ਛੋਟੀਆਂ ਕਵਿਤਾਵਾਂ ਤੇ ਅਨੇਕ ਨਵੇਂ ਗੱਦ-ਰੂਪਾਂ, ਜਿਵੇਂ ਨਾਵਲ, ਇਕਾਂਗੀ, ਛੋਟੀ ਕਹਾਣੀ ਤੇ ਲੇਖ, ਆਦਿ ਨੇ ਮੱਲ ਲਈ ਹੈ। ਇਸ ਲਈ, ਇਨ੍ਹਾਂ ਨਵੇਂ ਰੂਪਾਂ ਦੀ ਵਰਤੋਂ ਵਿੱਚ ਖਮਤਾ ਪ੍ਰਾਪਤ ਕਰਦਿਆਂ ਕੁੱਝ ਚਿਰ ਦਾ ਲੱਗ ਜਾਣਾ ਮਾਮੂਲੀ ਗੱਲ ਹੈ।

ਹੁਣ ਸਾਡੇ ਸਾਹਿੱਤਕਾਰਾਂ ਤੇ ਸਾਹਿੱਤ-ਪ੍ਰੇਮੀਆਂ ਦੀ ਸਿਆਣਪ ਇਸ ਵਿੱਚ ਹੈ ਕਿ ਪਾਠਕਾਂ ਦੀ ਇਸ ਬੜੀ ਵੱਡੀ ਫ਼ੌਜ ਦੀਆਂ ਮਨੋਰੰਜਕ ਜਾਂ ਕਲਚਰੀ ਲੋੜਾਂ ਨੂੰ ਮੁੱਖ ਰੱਖ ਕੇ, ਪੰਜਾਬੀ ਵਿੱਚ ਐਸਾ ਦਿਲ ਖਿੱਚ ਤੇ ਲਾਭਦਾਇਕ ਸਾਹਿੱਤ ਪੈਦਾ ਕਰਨ ਕਿ ਵੱਧ ਤੋਂ ਵੱਧ ਪਾਠਕ ਇਸ ਪਾਸੇ ਵੱਲ ਆਪਣੇ ਆਪ ਖਿੱਚੀਂਦੇ ਤੁਰੇ ਆਉਣ। ਇਸ ਵੇਲੇ ਇਕ ਕਿਤਾਬ ਦੀ ਇਕ ਹਜ਼ਾਰ ਕਾਪੀ ਮਰ-ਖਪ ਕੇ ਦੋਹਾਂ ਸਾਲਾਂ ਵਿੱਚ ਵਿਕਦੀ ਹੈ; ਪੰਜਾਬੀ ਦੇ ਤਕਰੀਬਨ ਸਭ ਰਿਸਾਲੇ ਡਾਵਾਂ-ਡੋਲ ਹਾਲਤ ਵਿੱਚ ਹਨ, ਕੋਈ ਪੰਜ ਸੌ ਛਪਦਾ ਹੈ, ਕੋਈ ਹਜ਼ਾਰ। ਭਾਰਤ ਦੇ ਪ੍ਰੈੱਸ ਰਜਿਸਟਰਾਰ ਦੀ ਰਿਪੋਰਟ ਅਨੁਸਾਰ ਪੰਜਾਬੀ ਅਖ਼ਬਾਰਾਂ ਦੀ ਗਿਣਤੀ ਵਿੱਚ, ਪਿਛਲੇ ਵਰ੍ਹੇ ਨਾਲੋਂ 16 ਫ਼ੀਸਦੀ ਦੀ ਕਮੀ ਹੋਈ ਹੈ। ਕੀ ਇਸ ਦਸ਼ਾ ਦੇ ਜ਼ਿੰਮੇਵਾਰ ਕੇਵਲ ਪੰਜਾਬੀ ਪਾਠਕ ਹੀ ਹਨ? ਸ਼ਾਇਦ, ਕਿਸੇ ਹੱਦ ਤੱਕ ਹੋਣ, ਪਰ ਕਸੂਰ ਸਾਡੇ ਲੇਖਕਾਂ ਤੇ ਪੱਤਰਕਾਰਾਂ ਦਾ ਵੀ ਹੈ, ਜਿਨ੍ਹਾਂ ਦਾ, ਨਵੀਂ ਪੈਦਾ ਹੋ ਰਹੀ ਪਾਠਕ-ਸ਼੍ਰੇਣੀ ਨਾਲ ਬੜਾ ਘੱਟ ਸੰਪਰਕ ਹੈ। ਸਾਡੇ ਲੇਖਕ ਇਸ ਸ਼੍ਰੇਣੀ ਦੀ ਉਮਰ ਤੇ ਬਦਲੇ ਹੋਏ ਸੁਆਦਾਂ ਨੂੰ ਤ੍ਰਿਪਤਾਉਣ ਲਈ ਕੋਈ ਚੀਜ਼ ਪੈਦਾ ਕਰ ਹੀ ਨਹੀਂ ਰਹੇ ਤੇ ਜੇ ਕਦੀ ਕੋਈ ਅਜਿਹੀ ਚੀਜ਼ ਪੈਦਾ ਹੁੰਦੀ ਹੈ ਤਾਂ ਉਸ ਦਾ ਨਵਾਂ ਸਾਹਿੱਤ ਪੈਦਾ ਹੋਵੇ, ਪਰ ਹੋਵੇ ਸਸਤਾ—ਇਹ ਸਾਡੀ ਸਭ ਤੋਂ ਕਾਹਲੀ ਲੋੜ ਹੈ। ਪੰਜਾਬੀ ਸਭਾਵਾਂ ਦੇ ਜ਼ਿੰਮੇਵਾਰ ਮੈਂਬਰਾਂ, ਯੂਨੀਵਰਸਿਟੀ ਵਿੱਚ ਪੰਜਾਬੀ ਨਾਲ ਸੰਬੰਧਿਤ ਸੱਜਣਾਂ, ਪੰਜਾਬੀ ਦੇ ਅਧਿਆਪਕਾਂ ਤੇ ਪੰਜਾਬੀ ਦਾ ਸ਼ੌਂਕ ਰੱਖਣ ਵਾਲੇ ਸਿਆਸਤਦਾਨਾਂ ਆਦਿ ਨੂੰ ਇਸ ਪਾਸੇ ਵੱਲ ਹੁਣੇ ਤੋਂ ਹੀ ਉੱਦਮ ਆਰੰਭ ਕਰ ਦੇਣੇ ਚਾਹੀਦੇ ਹਨ, ਕਿਉਂਕਿ ਇਸੇ ਵਿੱਚ ਸਾਡਾ ਸਭ ਦਾ ਹਿੱਤ ਹੈ। ਸਾਨੂੰ ਸਭ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਪ੍ਰਾਂਤ ਵਿੱਚ ਸੰਪਰਦਾਇਕ ਰੁਚੀਆਂ ਨੂੰ ਮਿਟਾਉਣ ਦਾ ਵੱਡਾ ਸਾਧਨ ਸਾਂਝੀ ਪੰਜਾਬੀਅਤ ਦੀ ਭਾਵਨਾ ਹੈ ਤੇ ਇਸ ਭਾਵਨਾ ਦੇ ਸੁਹੰਢਣੇ ਆਧਾਰ ਜਦੋਂ ਲੱਭੇ, ਪੰਜਾਬੀ ਬੋਲੀ, ਇਸ ਦੇ ਸੱਭਿਆਚਾਰ ਤੇ ਇਸ ਦੇ ਸਾਹਿੱਤ ਵਿੱਚੋਂ ਹੀ ਲੱਭਣਗੇ—ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ।

## ਚਾਬੀਆਂ ਦਾ ਮੋਰਚਾ

**ਪ੍ਰਮਿੰਦਰ ਸਿੰਘ ਪ੍ਰਵਾਨਾ** (510-781-0487)

ਸੰਨ 1849 ਵਿਚ ਪੰਜਾਬ 'ਤੇ ਅੰਗਰੇਜ਼ੀ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੀ ਥਾਪੇ ਸੰਚਾਲਕਾਂ ਦੇ ਹੱਥ ਦੇ ਦਿੱਤਾ। ਗੁਰਦੁਆਰਿਆਂ ਨਾਲ ਸਬੰਧਤ ਮਹੰਤ ਪੁਜਾਰੀ ਵੀ ਸਰਕਾਰ ਦੇ ਹੱਥ ਠੋਕੇ ਹੀ ਸਨ। ਮਹੰਤਾਂ ਦੀਆਂ ਮਨਮਾਨੀਆਂ ਜਾਰੀ ਰਹੀਆਂ। ਸ੍ਰੀ ਗੁਰੂ ਸਿੰਘ ਸਭਾ ਲਹਿਰ ਨੇ ਅਜਿਹੀਆਂ ਘਿਨਾਉਣੀਆਂ ਹਰਕਤਾਂ ਖਤਮ ਕਰਨ ਦੇ ਯਤਨ ਵਿਚ ਗੁਰੂ ਮਰਯਾਦਾ ਵਿਚ ਰਹਿਣ ਦਾ ਪ੍ਰਚਾਰ ਕੀਤਾ। ਸਭਾ ਨੇ ਸੰਗਤਾਂ ਨੂੰ ਜਾਗ੍ਰਿਤ ਕੀਤਾ ਜਿਸ ਨਾਲ ਸੁਧਾਰ ਹੋਣ ਲੱਗਾ। ਅਜਿਹੇ ਯਤਨਾਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਅਤੇ ਪੁਜਾਰੀਆਂ ਨੇ ਇਸ ਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਦੀਵਾਨ ਸਜਾ ਕੇ ਉਨ੍ਹਾਂ ਨੂੰ ਸੁਧਰਨ ਦੀ ਚਿਤਾਵਨੀ ਵੀ ਦਿੱਤੀ ਪਰ ਫਿਰ ਵੀ ਉਨ੍ਹਾਂ ਨੂੰ ਸਰਕਾਰੀ ਸ਼ਹਿ ਪ੍ਰਾਪਤ ਸੀ ਜਿਸ ਨਾਲ ਸੰਗਤ ਅੰਗਰੇਜ਼ੀ ਹਕੂਮਤ ਦੇ ਦਬਾਅ ਹੇਠ ਸੀ। ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰ ਵਾ ਲਿਆ ਤਾਂ ਉਨ੍ਹਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ

ਭਾਵੇਂ ਅਕਤੂਬਰ-1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਵਿਚ ਆ ਚੁੱਕਾ ਸੀ ਪਰ ਅੰਗਰੇਜ਼ੀ ਹਕੂਮਤ ਨੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਨਿਗਰਾਨ ਨਿਯੁਕਤ ਕੀਤੀ ਰੱਖਿਆ, ਜਿਸ ਕੋਲ ਖਜ਼ਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਮਹਿਸੂਸ ਕੀਤਾ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਦਖ਼ਲਅੰਦਾਜ਼ੀ ਹੈ, ਜਿਸ ਨਾਲ ਗੁਰਦੁਆਰਿਆਂ ਨੂੰ ਸਰਕਾਰੀ ਕਬਜ਼ੇ ਹੇਠ ਰੱਖਣ ਦੀ ਚਾਲ ਹੈ। ਅਕਤੂਬਰ 20, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਕਿ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਚਾਬੀਆਂ ਕਮੇਟੀ ਦੇ ਪ੍ਰਧਾਨ ਸ. ਖੜਕ ਸਿੰਘ ਨੂੰ ਸੌਂਪਣੀਆਂ ਚਾਹੀਦੀਆਂ ਹਨ ਪਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਸ ਨੂੰ ਰੋਕਣ ਲਈ ਅਤਿਰਿਕਤ ਕਮਿਸ਼ਨਰ ਅਮਰਨਾਥ ਨੂੰ ਪੁਲਿਸ ਦੇ ਕੇ ਭੇਜਿਆ ਜਿਸ ਨੇ ਸ. ਸੁੰਦਰ ਸਿੰਘ ਰਾਮਗੜ੍ਹੀਆ ਦੇ ਘਰ ਤੋਂ



ਚਾਬੀਆਂ ਕਾਬੂ ਕਰ ਲਈਆਂ। ਸੰਗਤਾਂ ਵਿਚ ਗੁੱਸੇ ਦੀ ਲਹਿਰ ਉਠ ਪਈ। ਇਹ ਚਾਬੀਆਂ ਦੇ ਮੋਰਚੇ ਦਾ ਆਰੰਭ ਸੀ। ਨਵੰਬਰ 12, 1921 ਨੂੰ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਨੇ ਸੰਬੋਧਨ ਕੀਤਾ। ਅਜਿਹੀਆਂ ਹੀ ਵਿਦਰੋਹ ਇਕੱਤਰਤਾਵਾਂ ਗੁੱਜਰਾਂਵਾਲਾ, ਗੁੱਜਰਖਾਸ ਅਤੇ ਅਜਨਾਲਾ ਵਿਚ ਵੀ ਹੋਈਆਂ। ਸਰਕਾਰ ਵੀ ਆਪਣੇ ਹਠੀਲੇ ਵਤੀਰੇ 'ਤੇ ਅੜੀ ਰਹੀ। ਸਰਕਾਰ ਨੇ ਚਾਬੀਆਂ ਸੌਂਪਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਰਕਾਰ ਨੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਸ. ਖੜਕ ਸਿੰਘ, ਸ. ਬਹਾਦਰ ਮਹਿਤਾਬ ਸਿੰਘ ਸਮੇਤ ਕਈ ਆਗੂਆਂ ਨੂੰ ਸਜ਼ਾਵਾਂ ਵੀ ਹੋਈਆਂ। ਸ. ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਵੀ ਅਜਨਾਲਾ ਦੇ ਦੀਵਾਨਾਂ ਵਿਚੋਂ ਗ੍ਰਿਫ਼ਤਾਰ ਕਰ ਲਏ ਗਏ। ਤਦ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਜਨਾਲਾ ਵਿਖੇ ਸਜਾਏ ਦੀਵਾਨ ਨੂੰ ਗੈਰਕਾਨੂੰਨੀ ਕਰਾਰ ਦੇਂਦਿਆਂ ਗ੍ਰਿਫਤਾਰੀਆਂ ਜਾਰੀ ਰੱਖੀਆਂ। ਸਰਕਾਰ ਦੀ ਇਸ ਕਾਰਵਾਈ ਦੀ ਨਿੰਦਿਆ ਕਰਦਿਆਂ 4-ਦਸੰਬਰ 1921 ਨੂੰ ਵਿਦਰੋਹ ਦਿਨ ਮਨਾਉਣ ਲਈ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਗਿਆ। ਸੰਗਤਾਂ ਦਾ ਭਾਰੀ ਵਿਰੋਧ ਵੇਖ ਕੇ ਸਰਕਾਰ ਦਾ ਵਤੀਰਾ ਨਰਮ ਹੁੰਦਾ ਗਿਆ। ਉਨ੍ਹਾਂ ਜਾਣ ਲਿਆ ਸੀ ਕਿ ਇਸ ਵਿਦਰੋਹ ਦਾ ਮਾੜਾ ਅਸਰ ਫੌਜੀਆਂ ਅਤੇ ਕਿਸਾਨਾਂ 'ਤੇ ਵੀ ਪਵੇਗਾ, ਜਿਸ ਨਾਲ ਆਰਥਿਕ ਉਨਤੀ ਦਾ ਕੰਮ ਕਾਜ ਠੱਪ ਹੋ ਜਾਵੇਗਾ। ਸਰਕਾਰ ਦੀ ਸਥਿਤੀ ਵੀ ਵਿਗੜ ਸਕਦੀ ਹੈ। 5 ਜਨਵਰੀ 1922 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਉਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਜਦੋਂ ਤੱਕ ਸਾਰੇ ਗ੍ਰਿਫ਼ਤਾਰ ਕੀਤੇ ਗਏ ਸ਼ਰਧਾਲੂ ਰਿਹਾਅ ਨਹੀਂ ਕੀਤੇ ਜਾਂਦੇ, ਚਾਬੀਆਂ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਤਦ ਹੀ ਸੰਗਤਾਂ ਦੀ ਰਿਹਾਈ ਦੇ ਹੁਕਮ ਜਾਰੀ ਹੋ ਗਏ। ਜਨਵਰੀ-1922 ਨੂੰ ਸਰਕਾਰੀ ਅਧਿਕਾਰੀਆਂ ਨੇ ਚਾਬੀਆਂ ਬਾਬਾ ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ। ਇਹ ਗੁਰਦੁਆਰਾ ਪ੍ਰਬੰਧ ਵਿਚ ਸਿੱਖ ਪੰਥ ਦੀ ਸ਼ਾਨਦਾਰ ਜਿੱਤ ਸੀ। ਇਸ ਜਿੱਤ ਦੀ ਸੰਸਾਰ ਭਰ ਵਿਚ ਸ਼ਲਾਘਾ ਹੋਈ। ਵਕਤੀ ਵਕਫ਼ਾਂ ਪਾ ਕੇ ਅੰਗਰੇਜ਼ੀ ਹਕੂਮਤ ਫਿਰ ਬਦਲਾਖੋਰੀ 'ਤੇ ਉਤਰ ਆਈ। ਸਿੱਖਾਂ ਦੀਆਂ ਨਜਾਇਜ਼ ਗ੍ਰਿਫਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗ੍ਰਿਫ਼ਤਾਰੀਆਂ ਦੀ ਗਿਣਤੀ 2000 ਤੱਕ ਪੁੱਜ ਗਈ। ਉਪਰੋਂ ਹਰ ਤਰ੍ਹਾਂ ਦੀ ਸਖਤੀ ਕੀਤੀ ਜਾਂਦੀ। ਇਨ੍ਹਾਂ ਵਧੀਕੀਆਂ ਨੇ ਸਿੱਖਾਂ ਵਿਚ ਜੋਸ਼ ਭਰ ਦਿੱਤਾ। ਜਿਸ ਤੋਂ ਅੰਗਰੇਜ਼ੀ ਸਰਕਾਰ ਵਿਰੁੱਧ ਜਨਤਕ ਲਹਿਰ ਸ਼ੁਰੂ ਹੋ ਗਈ ਜਿਸ ਨੇ ਦੇਸ਼ ਦੀ ਆਜ਼ਾਦੀ ਅਤੇ ਹੋਰ ਮੋਰਚਿਆਂ ਲਈ ਰਾਹ ਖੋਲ੍ਹ ਦਿੱਤੇ। ਇਸ ਤਰ੍ਹਾਂ ਚਾਬੀਆਂ ਦਾ ਮੋਰਚਾ ਇਤਿਹਾਸਕ ਹੋ ਨਿਬੜਿਆ।

# ਯਹੂਦੀ ਦੁਨੀਆ ਵਿਚ ਕਿਉਂ ਛਾਏ ਹੋਏ ਹਨ

ਪ੍ਰੋ. ਬਲਵਿੰਦਰਪਾਲ ਸਿੰਘ
(ਮੋਬ. 9815700916)

ਹਿਟਲਰ ਦੁਨੀਆ ਵਿਚ ਆਰੀਆ ਜਾਤੀ ਦਾ ਪੂਰਾ ਬੋਲਬਾਲਾ ਚਾਹੁੰਦਾ ਸੀ ਤੇ ਜਰਮਨੀ ਨੂੰ ਜਰਮਨੀਆਂ ਦਾ ਦੇਸ ਸਿਰਜਣਾ ਚਾਹੁੰਦਾ ਸੀ। ਇਸੇ ਲਈ ਉਸ ਨੇ ਯਹੂਦੀਆਂ ਦੀ ਨਸਲਕੁਸ਼ੀ



ਕੀਤੀ ਤੇ ਨਾਲ-ਨਾਲ ਆਪਣੀ ਕੌਮ ਦੇ ਕਮਜ਼ੋਰ, ਅੰਗਹੀਣ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦਾ ਵਿਸ਼ਵਾਸ ਸੀ ਕਿ ਅੰਗਹੀਣ ਦੇਸ਼ ਦੀ ਆਰਥਿਕਤਾ 'ਤੇ ਬੋਝ ਹਨ ਤੇ ਦੇਸ਼ ਵਿਚ ਕੇਵਲ ਰਿਸ਼ਟ-ਪੁਸ਼ਟ ਆਰੀਅਨ ਲੋਕਾਂ ਨੂੰ ਹੀ ਜਿਊਣ ਦਾ ਹੱਕ ਹੈ। ਹਿਟਲਰ ਦਾ ਜਨਮ 20 ਅਪਰੈਲ 1889 ਨੂੰ ਜਰਮਨ ਬਵੇਰੀਆ ਦੇ ਸਰਹੱਦੀ ਇਲਾਕੇ ਲਾਗੇ ਬ੍ਰੋਨੋ ਨਾਂ ਦੇ ਛੋਟੇ ਜਿਹੇ ਆਸਟਰੀਅਨ ਪਿੰਡ ਵਿੱਚ ਹੋਇਆ ਸੀ। 'ਨੈਸ਼ਨਲ ਸੋਸ਼ਲਿਸਟ ਜਰਮਨ ਵਰਕਰਜ਼ ਪਾਰਟੀ' (ਨਾਜ਼ੀ ਪਾਰਟੀ) ਵੱਲੋਂ 25 ਫ਼ਰਵਰੀ 1920 ਨੂੰ ਮਿਊਨਿਖ਼ ਵਿੱਚ ਐਲਾਨੇ ਪ੍ਰੋਗਰਾਮ ਅਨੁਸਾਰ ਕੇਵਲ ਜਰਮਨੀ ਕੌਮ ਦੇ ਬੰਦੇ ਹੀ ਦੇਸ਼ ਦੇ ਨਾਗਰਿਕ ਹੋ ਸਕਦੇ ਹਨ ਤੇ ਯਹੂਦੀ ਕੌਮ ਨੂੰ ਜਰਮਨ ਦੇ ਨਾਗਰਿਕ ਨਹੀਂ ਮੰਨਿਆ ਜਾ ਸਕਦਾ। ਉਸ ਦੇ ਐਲਾਨ ਮੁਤਾਬਕ 'ਦੇਸ਼ ਦਾ ਕੋਈ ਵੀ ਗ਼ੈਰ-ਨਾਗਰਿਕ, ਜਰਮਨੀ ਵਿੱਚ ਸਿਰਫ਼ ਮਹਿਮਾਨ ਵਜੋਂ ਹੀ ਰਹਿ ਸਕਦਾ ਹੈ ਤੇ ਉਸ ਨੂੰ ਜਰਮਨੀ ਕਾਨੂੰਨਾਂ ਨੂੰ ਹੀ ਮੰਨਣਾ ਪਵੇਗਾ'। ਇਸ ਪ੍ਰੋਗਰਾਮ ਤਹਿਤ ਦੇਸ਼ ਦੀ ਸਰਕਾਰ ਤੇ ਅਸੈਂਬਲੀ ਲਈ ਵੋਟ ਦੇਣ ਦਾ ਅਧਿਕਾਰ ਸਿਰਫ਼ ਦੇਸ਼ ਦੇ ਨਾਗਰਿਕਾਂ ਨੂੰ ਹੀ ਹੈ। ਨਾਜ਼ੀ ਪਾਰਟੀ ਨੇ ਕੌਮੀਅਤ ਦਾ ਪੱਖ ਨਾ ਪੂਰਨ ਵਾਲੇ ਅਖ਼ਬਾਰਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ।

ਯਹੂਦੀਆਂ ਦੀ ਨਸਲਕੁਸ਼ੀ : ਹਿਟਲਰ ਨੇ ਯਹੂਦੀਆਂ ਦੀ ਨਸਲਕੁਸ਼ੀ ਨੂੰ ਕਈ ਪੜਾਆਂ ਵਿੱਚ ਅੰਜਾਮ ਦਿੱਤਾ। ਯੂਰਪ ਵਿੱਚ ਦੂਜੀ ਵਿਸ਼ਵ ਜੰਗ ਦੇ ਆਰੰਭ ਤੋਂ ਪਹਿਲਾਂ ਹੀ ਜਰਮਨੀ ਵਿੱਚ ਯਹੂਦੀਆਂ ਨੂੰ ਬਾਕੀ ਸਮਾਜ ਨਾਲੋਂ ਵੱਖ ਕਰਨ ਲਈ ਕਈ ਕਨੂੰਨ ਪਾਸ ਕੀਤੇ ਗਏ, ਜਿਹਨਾਂ ਵਿੱਚੋਂ ਸਭ ਤੋਂ ਉੱਘੇ ਸੰਨ 1935 ਦੇ ਨੂਰਮਬਰਗ ਕਨੂੰਨ ਹਨ। ਜਰਮਨ ਵਿਖੇ ਨਜ਼ਰਬੰਦੀ ਕੈਂਪ ਬਣਾਏ ਗਏ ਜਿੱਥੇ ਯਹੂਦੀ ਕੈਦੀਆਂ ਨੂੰ ਸਖ਼ਤ ਤਸੀਹੇ ਦੇ ਕੇ ਮਾਰ ਦਿੱਤੇ ਗਏ। ਜਰਮਨੀ ਨੇ ਪੂਰਬੀ ਯੂਰਪ ਵਿੱਚ ਨਵੇਂ ਇਲਾਕੇ ਸਰ ਕੀਤੇ ਆਈਨਜ਼ਾਟਸਗਰੂਪਨ ਨਾਮਕ ਖ਼ਾਸ ਨੀਮ-ਫ਼ੌਜੀ ਦਲਾਂ ਨੇ ਗੋਲੀਆਂ ਮਾਰ ਕੇ ਦਸ ਲੱਖ ਤੋਂ ਵੱਧ ਯਹੂਦੀ ਮੌਤ ਦੇ ਘਾਟ ਉਤਾਰ ਦਿੱਤੇ। ਹਿਟਲਰ ਦੇ ਆਦੇਸ਼ਾਂ 'ਤੇ ਯਹੂਦੀਆਂ ਨੂੰ ਗੈਸਖ਼ਾਨਿਆਂ ਵਿੱਚ ਯੋਜਨਾਬੱਧ ਤਰੀਕੇ ਨਾਲ ਕਤਲ ਕਰ ਦਿੱਤਾ ਗਿਆ। ਦੂਜੇ ਵਿਸ਼ਵ-ਯੁੱਧ ਦੌਰਾਨ 60 ਲੱਖ ਯੂਰਪੀਨ ਯਹੂਦੀਆਂ ਦੀ ਨਸਲਕੁਸ਼ੀ ਕਰ ਦਿੱਤੀ ਗਈ। ਦੂਜੇ ਵਿਸ਼ਵ-ਯੁੱਧ ਦੌਰਾਨ ਹੋਈ ਹਾਰ ਤੋਂ ਬਾਅਦ ਹਿਟਲਰ ਨੂੰ ਖ਼ੁਦਕੁਸ਼ੀ ਕਰਨੀ ਪਈ।

ਯਹੂਦੀਆਂ ਦਾ ਦੇਸ਼ ਕਿਵੇਂ ਬਣਿਆ : ਯਹੂਦੀਆਂ ਨੇ ਇਸ ਨਸਲਕੁਸ਼ੀ ਤੋਂ ਬਾਅਦ ਨਾ ਆਪਣੀ ਭਾਸ਼ਾ ਹੈਬਰਿਊ ਨੂੰ ਛੱਡਿਆ, ਨਾ ਆਪਣਾ ਦੇਸ਼ ਕਾਇਮ ਕਰਨ ਦੇ ਵਿਚਾਰ ਨੂੰ। ਮੁਸਲਮਾਨ ਉਨ੍ਹਾਂ ਨੂੰ ਇਸ ਲਈ ਨਫ਼ਰਤ ਕਰਦੇ ਹਨ ਕਿ ਯਹੂਦੀਆਂ ਨੇ ਮੁਸਲਮ ਆਬਾਦੀ ਵਾਲੇ ਦੇਸ਼ਾਂ ਦੇ ਕੇਂਦਰ ਵਿਚ ਆਪਣਾ ਛੋਟਾ ਜਿਹਾ ਘਰ ਇਜ਼ਰਾਇਲ ਰੂਪ ਵਿਚ ਸਥਾਪਤ ਕਰ ਲਿਆ ਸੀ ਤੇ ਇਸਲਾਮ ਨਾਲ ਸੰਬੰਧਿਤ ਦੇਸ਼ ਚਾਹੁੰਦੇ ਹਨ ਕਿ ਇਜ਼ਰਾਇਲ 'ਤੇ ਕਬਜ਼ਾ ਕਰਕੇ ਫ਼ਲਸਤੀਨ ਦੇਸ਼ ਬਣਾ ਕੇ ਯਹੂਦੀਆਂ ਨੂੰ ਉਥੋਂ ਕੱਢ ਕੇ ਪਹਿਲਾਂ ਵਾਂਗ ਹੋਰ ਦੇਸ਼ਾਂ ਵਿਚ ਭੇਜ ਦਿੱਤਾ ਜਾਵੇ। ਜਦੋਂ ਅਜੇ ਇਜ਼ਰਾਈਲ ਦੇਸ਼ ਹੋਂਦ ਵਿਚ ਨਹੀਂ ਸੀ ਆਇਆ ਯਹੂਦੀ ਇਧਰ ਉਧਰ, ਪੱਛਮੀ ਦੇਸ਼ਾਂ ਅਮਰੀਕਾ, ਰੂਸ, ਜਰਮਨੀ ਆਦਿ ਵਿਚ ਛੋਟੇ-ਛੋਟੇ ਜਥਿਆਂ ਵਿਚ ਰਹਿੰਦੇ ਸਨ। ਉਹ ਚਾਹੁੰਦੇ ਸਨ ਕਿ ਗੌਡ



ਵਲੋਂ ਉਨ੍ਹਾਂ ਨਾਲ ਕੀਤੇ ਵਾਅਦੇ ਵਾਲਾ (ਜੋ ਬਾਈਬਲ ਵਿਚ ਦਰਜ ਹੈ) ਉਨ੍ਹਾਂ ਦਾ ਇਜ਼ਰਾਈਲ ਦੇਸ਼ ਬਣੇ, ਜਿਥੇ ਦੁਨੀਆਂ ਦੇ ਸਾਰੇ ਯਹੂਦੀ ਆਪਣੇ ਦੇਸ਼ ਵਿਚ ਇਕੋ ਥਾਂ ਰਹਿ ਸਕਣ। ਸਮੁੱਚਾ ਵਿਸ਼ਵ ਤੇ ਇਸਲਾਮ ਯਹੂਦੀਆਂ ਦਾ ਵਿਰੋਧੀ ਸੀ। ਪਰ ਅਮਰੀਕਾ ਨੇ 1948 ਵਿਚ ਇਸਲਾਮ ਨਾਲ ਸੰਬੰਧਿਤ ਦੇਸਾਂ ਨੂੰ ਦਬਾਉਣ ਦੇ ਲਈ ਇਜਰਾਈਲ ਦੇਸ ਸਿਰਜ ਕੇ ਯਹੂਦੀਆਂ ਨੂੰ ਘਰ ਬਣਾ ਦਿੱਤਾ। ਅਮਰੀਕਾ ਦੀ ਨੀਤੀ ਸੀ ਕਿ ਮੁਸਲਮਾਨ ਦੇਸ ਅਤੇ ਇਜਰਾਈਲ ਆਪਸ ਵਿਚ ਲੜਨ ਕਰਕੇ ਅਮਰੀਕਾ ਸੁਰੱਖਿਆ ਰਹਿ ਸਕੇਗਾ। ਉਦੋਂ ਤੋਂ ਲੈ ਕੇ ਹੁਣ ਤੱਕ 'ਫ਼ਲਸਤੀਨ' ਤੇ ਇਜ਼ਰਾਈਲੀਆਂ ਦਰਮਿਆਨ ਯੁੱਧ ਚਲ ਰਿਹਾ ਹੈ, ਪਰ ਇਜ਼ਰਾਈਲ ਅਮਰੀਕਾ ਦੀ ਮਦਦ ਨਾਲ ਇਜ਼ਰਾਈਲ ਏਨਾ ਮਜ਼ਬੂਤ ਹੋ ਗਿਆ ਹੈ ਕਿ ਸਾਰੇ ਮੁਸਲਮਾਨ ਦੇਸ਼ਾਂ ਉੱਪਰ ਇਕੱਲਾ ਭਾਰੂ ਪੈ ਰਿਹਾ ਹੈ।

ਹਰ ਖੇਤਰ 'ਚ ਯਹੂਦੀ ਨਿਪੁੰਨ : ਅੱਜ ਸਿਹਤ, ਇੰਜੀਨੀਅਰਿੰਗ, ਵਿਦਿਆ ਤੇ ਮੀਡੀਆ ਖੇਤਰ ਵਿਚ ਯਹੂਦੀਆਂ ਦਾ ਨਾਮ ਵਿਸ਼ਵ ਪੱਧਰ 'ਤੇ ਚਮਕ ਰਿਹਾ ਹੈ ਤੇ ਉਹ ਪੂਰੀ ਦੁਨੀਆਂ ਨੂੰ ਚਲਾ ਰਹੇ ਹਨ। ਦੁਨੀਆਂ ਵਿਚ ਯਹੂਦੀਆਂ ਦੀ ਅਬਾਦੀ 1 ਕਰੋੜ 40 ਲੱਖ ਦੇ ਕਰੀਬ ਹੈ। ਇਹ ਗਿਣਤੀ ਅਮਰੀਕਾ ਵਿਚ 70 ਲੱਖ, ਏਸ਼ਿਆਈ ਦੇਸ਼ਾਂ ਵਿਚ 50 ਲੱਖ, ਅਫਰੀਕਾ ਵਿਚ 9 ਲੱਖ ਤੇ ਯੂਰਪ ਵਿਚ 20 ਲੱਖ ਦੇ ਕਰੀਬ ਹੈ। ਇੰਜੀਨੀਅਰਿੰਗ, ਮੈਡੀਕਲ, ਸੰਗੀਤ, ਵਿਗਿਆਨ ਅਤੇ ਸਭ ਤੋਂ ਵੱਧ ਵਪਾਰ ਵਿੱਚ, ਦੁਨੀਆਂ ਭਰ ਦੇ ਬਿਜਨਸ 'ਤੇ ਲੱਗਭਗ 70% ਤੇ ਯਹੂਦੀਆਂ ਦਾ ਕੰਟਰੋਲ ਹੈ।

ਯਹੂਦੀ ਗਿਆਨਵਾਨ ਕਿਉਂ ਹਨ, ਕਿਉਂਕਿ ਉਹ ਆਪਣੀਆਂ ਔਰਤਾਂ ਦੀ ਸਿਹਤ ਵਲ ਧਿਆਨ ਦਿੰਦੇ ਹਨ ਤਾਂ ਜੋ ਉਹ ਵਧੀਆ ਔਲਾਦ ਪੈਦਾ ਕਰ ਸਕਣ। ਗਰਭਵਤੀ ਔਰਤਾਂ ਦੁੱਧ ਨਾਲ ਬਦਾਮ ਖਾਂਦੀਆਂ ਹਨ। ਦੁਪਹਿਰ ਦੇ ਭੋਜਨ ਵਿੱਚ ਉਹ ਬਰੈਡ, ਮੱਛੀ, ਸਲਾਦ, ਬਦਾਮ ਤੇ ਹੋਰ ਸੁੱਕੇ ਮੇਵੇ ਖਾਂਦੀਆਂ ਹਨ। ਮੱਛੀ ਇਸ ਲਈ ਖਾਂਦੀਆਂ ਹਨ, ਕਿਉਂਕਿ ਯਹੂਦੀ ਵਿਸ਼ਵਾਸ ਕਰਦੇ ਹਨ ਕਿ ਇਸ ਨਾਲ ਪੈਦਾ ਹੋ ਰਹੇ ਬੱਚੇ ਦਾ ਦਿਮਾਗ ਵਿਕਸਤ ਹੁੰਦਾ ਹੈ। ਸਭਿਆਚਾਰਕ ਤੌਰ ਤੇ ਯਹੂਦੀਆਂ ਵਿੱਚ ਕੌਡ ( ਮੱਛੀ ਦੀ ਕਿਸਮ) ਦੇ ਜਿਗਰ ਦਾ ਤੇਲ ਗਰਭਵਤੀ ਔਰਤਾਂ ਦੀ ਖੁਰਾਕ ਦਾ ਹਿੱਸਾ ਹੁੰਦਾ ਹੈ। ਉਹ ਮੱਛੀ ਦੇ ਵੱਖ ਵੱਖ ਪਕਵਾਨਾਂ ਨੂੰ ਪਸੰਦ ਕਰਦੇ ਹਨ ਪਰ ਮੀਟ ਪਸੰਦ ਨਹੀਂ ਕਰਦੇ। ਉਹਨਾਂ ਦਾ ਵਿਸ਼ਵਾਸ਼ ਹੈ ਕਿ ਮੱਛੀ ਅਤੇ ਮੀਟ ਦੋਵੇਂ ਇਕੱਠੇ ਸਰੀਰ ਲਈ ਲਾਭਦਾਇਕ ਨਹੀ ਹਨ। ਸਲਾਦ ਤੇ ਸੁੱਕੇ ਮੇਵੇ (ਖਾਸ ਕਰਕੇ ਬਦਾਮ) ਉਹਨਾਂ ਦੇ ਭੋਜਨ ਦਾ ਜਰੂਰੀ ਅੰਗ ਹਨ। ਉਹ ਫਲਾਂ ਨੂੰ ਹਮੇਸ਼ਾਂ ਮੁੱਖ ਭੋਜਨ (ਰੋਟੀ ਅਤੇ ਚੌਲ) ਤੋਂ ਪਹਿਲਾਂ ਖਾਂਦੇ ਹਨ। ਉਹਨਾਂ ਅਨੁਸਾਰ ਜੇ ਤੁਸੀਂ ਫਲਾਂ ਨੂੰ ਭੋਜਨ ਤੋਂ ਬਾਅਦ ਖਾਂਦੇ ਹੋ ਤਾਂ ਸੁਸਤੀ ਤੇ ਉਨੀਂਦਰਾ ਮਹਿਸੂਸ ਕਰਦੇ ਹੋ ਜਿਸ ਨਾਲ ਸਕੂਲ ਵਿੱਚ ਪੜ੍ਹਨ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ।

ਇਜਰਾਈਲ ਵਿੱਚ ਸਿਗਰਟ, ਤੰਬਾਕੂ ਨਹੀਂ ਪੀਂਦੇ। ਇਜਰਾਈਲ ਦੀਆਂ ਯੂਨੀਵਰਸਿਟੀਆਂ ਦੇ ਵਿਗਿਆਨੀਆਂ ਅਨੁਸਾਰ ਨਿਕੋਟੀਨ ਦਿਮਾਗ ਦੇ ਸੈਲਾਂ ਨੂੰ ਤਬਾਹ ਕਰਦੀ ਹੈ , ਇਸ ਨਾਲ ਜੀਨਜ ਅਤੇ ਡੀ.ਐਨ.ਏ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਨਵੀਂ ਨਸਲ ਸਿੱਧੜ ਅਤੇ ਅਵਿਕਸਤ ਦਿਮਾਗ ਵਾਲੀ ਹੋ ਸਕਦੀ ਹੈ। ਫਲ, ਬਦਾਮ ਅਤੇ ਕੋਡ ਲਿਵਰ ਤੇਲ ਤੋਂ ਬਣੇ ਪਦਾਰਥ ਉਹ ਭੋਜਨ ਵਿਚ ਵਰਤਦੇ ਹਨ। ਬਹੁਤੇ ਯਹੂਦੀ ਬੱਚੇ ਘੱਟੋ ਘੱਟ ਤਿੰਨ ਭਾਸ਼ਾਵਾਂ ਯਹੂਦੀ , ਅਰਬੀ ਅਤੇ ਅੰਗਰੇਜ਼ੀ ਜਾਣਦੇ ਹਨ। ਬਚਪਨ ਤੋਂ ਹੀ ਪਿਆਨੋ ਵਜਾਉਣਾ ਸਿਖ ਲੈਂਦੇ ਹਨ। ਯਹੂਦੀਆਂ ਵਿਚ ਵਿਸ਼ਵਾਸ ਹੈ ਕਿ ਇਸ ਨਾਲ ਬੱਚਿਆਂ ਦਾ ਬੌਧਿਕ ਵਿਕਾਸ ਹੁੰਦਾ ਹੈ। ਯਹੂਦੀ ਸੱਭਿਆਚਾਰ ਵਿਚ ਸੰਗੀਤ ਦਾ ਅਹਿਮ ਮਹੱਤਵ ਹੈ। ਪਹਿਲੀ ਤੋਂ ਛੇਵੀਂ ਦੇ ਬੱਚੇ ਨੂੰ ਵਪਾਰਕ ਗਣਿਤ ਤੇ ਵਿਗਿਆਨ ਪੜ੍ਹਾਇਆ ਜਾਂਦਾ ਹੈ। ਯਹੂਦੀ ਬੱਚੇ ਦੌੜਾਂ, ਤੀਰ ਅੰਦਾਜੀ, ਨਿਸ਼ਾਨੇ ਬਾਜੀ ਆਦਿ ਖੇਡਾਂ ਵਿੱਚ ਹਿੱਸਾ ਲੈਂਦੇ ਹਨ ਤਾਂ ਜੋ ਇਨ੍ਹਾਂ ਖੇਡਾਂ ਨਾਲ ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਸ਼ਕਤੀ ਵਿਚ ਵਿਕਾਸ ਹੋ ਸਕੇ।

ਹਾਈ ਸਕੂਲਾਂ ਵਿੱਚ ਬਹੁਤੇ ਵਿਦਿਆਰਥੀ ਵਿਗਿਆਨ ਦੀ ਪੜ੍ਹਾਈ ਲਈ ਨਿਪੁੰਨ ਕੀਤੇ ਜਾਂਦੇ ਹਨ। ਉਹਨਾਂ ਨੂੰ ਪ੍ਰੋਜੈਕਟਾਂ ਵਿੱਚ ਉਤਪਾਦ ਤਿਆਰ ਕਰਨ ਲਈ ਦਿੱਤੇ ਜਾਂਦੇ ਹਨ ਉਹਨਾਂ ਦੇ ਹਰ ਪ੍ਰੋਜੈਕਟ ਜੋ ਹਥਿਆਰਾਂ, ਮੈਡੀਕਲ ਤੇ ਇੰਜੀਨੀਅਰਿੰਗ ਨਾਲ ਸੰਬੰਧਿਤ ਹੁੰਦੇ ਹਨ, ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾਂਦਾ ਹੈ। ਕਾਮਯਾਬ ਪ੍ਰੋਜੈਕਟ ਜਾਂ ਵਿਚਾਰਾਂ ਦੀ ਜਾਣ ਪਛਾਣ ਉਚੇਰੀ ਵਿਦਿਆ ਦੀਆਂ ਸੰਸਥਾਵਾਂ ਜਿਵੇਂ ਬਹੁ-ਤਕਨੀਕੀ ਕਾਲਜ ਅਤੇ ਯੂਨੀਵਰਸਿਟੀਆਂ ਵਿਚ ਕਰਵਾਈ ਜਾਣੀ ਹੁੰਦੀ ਹੈ। ਯੂਨੀਵਰਸਿਟੀਆਂ ਦੇ ਆਖਰੀ ਸਾਲ ਵਿੱਚ ਬਿਜਨਸ ਵਿਭਾਗ ਨੂੰ ਤਰਜੀਹ ਦਿੱਤੀ ਜਾਂਦੀ ਹੈ। ਬਿਜਨਸ ਸਟੱਡੀ ਦੇ ਵਿਦਿਆਰਥੀਆਂ ਨੂੰ ਗਰੁੱਪ ਬਣਾ ਕੇ ਪ੍ਰੋਜੈਕਟ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਤਾਂ ਹੀ ਪਾਸ ਕੀਤਾ ਜਾਂਦਾ ਹੈ ਜੇਕਰ ਉਹਨਾਂ ਦਾ ਗਰੁੱਪ (ਜੋ ਲਗਭਗ ਦਸ ਵਿਦਿਆਰਥੀਆਂ ਦਾ ਹੁੰਦਾ ਹੈ) ਇੱਕ ਮਿਲੀਅਨ ਅਮਰੀਕੀ ਡਾਲਰ ਮੁਨਾਫਾ ਕਮਾ ਸਕਦਾ ਹੈ। ਇਹੀ ਕਾਰਨ ਹੈ ਦੁਨੀਆ ਭਰ ਦਾ ਅੱਧਾ ਬਿਜਨਸ ਯਹੂਦੀਆਂ ਕੰਟਰੋਲ ਕਰਦੇ ਹਨ। ਅਮਰੀਕਾ ਵਿਚ ਨਿਊਯਾਰਕ ਵਿਚਲਾ ਯਹੂਦੀਆਂ ਵਾਸਤੇ ਟ੍ਰੇਡਿੰਗ ਸੈਂਟਰ ਕੇਵਲ ਯਹੂਦੀਆਂ ਵਾਸਤੇ ਸਾਰੇ ਪ੍ਰਬੰਧ ਕਰਦਾ ਹੈ। ਜੇ ਕਿਸੇ ਯਹੂਦੀ ਕੋਲ ਕੋਈ ਨਵਾਂ ਆਈਡੀਆ ਹੋਵੇ ਤਾਂ ਕੰਪਨੀ ਉਸਨੂੰ ਬਿਜਨਸ ਕਰਨ ਦੇ ਸਮਰੱਥ ਬਣਾਉਣ ਲਈ ਵਿਆਜ ਰਹਿਤ ਕਰਜ ਦਿੰਦੀ ਹੈ। ਯਹੂਦੀ ਮੈਡੀਕਲ ਵਿਦਿਆਰਥੀਆਂ ਨੂੰ ਆਪਣੇ ਨਾਲ ਰਜਿਸਟਰ ਕਰਕੇ ਵਿਆਜ ਮੁਕਤ ਕਰਜ ਦੇ ਕੇ ਪ੍ਰਾਈਵੇਟ ਪ੍ਰੈਕਟਿਸ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਯਹੂਦੀਆਂ ਦਾ ਮਹਾਨ ਇਤਿਹਾਸ : ਜੇਕਰ ਯਹੂਦੀਆਂ ਦਾ ਇਤਿਹਾਸ ਫਰੋਲਿਆ ਜਾਵੇ ਤਾਂ ਮਹਾਨ ਚਿੰਤਕ ਅਲਬਰਟ ਆਈਨਸਟਾਈਟ, ਮਿਲਟਨ ਫਰਾਈਡਮੈਨ, ਪਾਲ ਸਮੋਇਲਸਨ ਅਤੇ ਸੀਗਮੰਡ ਫਰਾਈਡ ਆਦਿ ਯਹੂਦੀ ਸਨ। ਜੇਕਰ ਸਿਹਤ ਖੇਤਰ ਵਿਚ ਵਿਚਾਰ ਕੀਤਾ ਜਾਵੇ ਤਾਂ ਪਤਾ ਚੱਲਦਾ ਹੈ ਕਿ ਪੋਲੀਓ ਦੇ ਇਲਾਜ ਦੀ ਕਾਢ ਜੋਨਾਸਸਾਧਕ, ਬਲੱਡ ਕੈਂਸਰ ਦੇ ਇਲਾਜ ਦੇ ਮੋਜਦ ਜੀਰਟਰੋਦੀਲੋਨ, ਟੀਕਾਕਰਨ ਵਾਲੀ ਸਰਿੰਜ ਦਾ ਮੋਜਦਬਨਯਮਨ ਟਰੂਵੇਨ, ਪੀਲੀਆ ਇਲਾਜ ਮੋਜਦਦਬਾਰੋਕ ਸਮੂਏਲ, ਸੈਕਸ ਰੋਗਾਂ ਦੇ ਇਲਾਜ ਦੀ ਖੋਜ ਪਾਲਬਾਹਰਲੇਕ ਇਸ ਤੋਂ ਇਲਾਵਾ ਐਂਡਰਿਓ ਸ਼ਾਲੀਨਤਾ, ਇਰਵਨ ਕਿਤਾਬ, ਜਾਰਜ ਵਾਲਡੋ, ਸਟੀਨਲੀ ਕੋਹੀਨ ਸਹਿਤ ਕਈ ਯਹੂਦੀ ਇਸ ਸੂਚੀ ਵਿਚ ਸ਼ਾਮਲ ਹਨ। ਕੁਝ ਅਜਿਹੀਆਂ ਖੋਜਾਂ ਜਿਨ੍ਹਾਂ ਨੇ ਦੁਨੀਆਂ ਨੂੰ ਬਦਲ ਕੇ ਰੱਖ ਦਿੱਤਾ ਹੈ। ਇਨ੍ਹਾਂ ਵਿਚ ਯਹੂਦੀ ਮੋਹਰੀ ਦਿਖਾਈ ਦਿੰਦੇ ਹਨ। ਕੰਪਿਊਟਰ, ਸੀਪੀਯੂ ਦੀ ਖੋਜ ਸਟੇਨਲੀ ਸੀਜਰ, ਪ੍ਰਮਾਣੂ ਰਿਐਕਟਰ ਦੀ ਖੋਜ ਲਿਓ ਜਡਲੰਡ ਫਾਈਬਰ ਓਪਟੀਕਲ ਕਿਰਨਾਂ ਦੇ ਪ੍ਰਭਾਵ ਦੀ ਖੋਜ ਪੀਟਰ ਸ਼ੇਸ਼ੇਹਲਸ ਆਵਾਜਾਈ ਸਿੰਗਨਲ ਲਾਈਟਸ ਦੀ ਖੋਜ ਚਾਰਲਸ ਐਡਲਰ, ਸਟੇਨਲੈਸ ਸਟੀਲ ਦੀ ਬੀਨੋਸਟਰਾਸ, ਫ਼ਿਲਮਾਂ ਵਿਚ ਧੁਨੀ ਦੀ ਖੋਜ ਐਸਾਦਵ ਕੀਰਤੀਏ ਸਹਿਤ ਵੀਸੀਆਰ ਦੇ ਖੋਜੀ ਚਾਰਲਸ ਜੀਨਸ ਸਬਬਰਗ ਵੀ ਯਹੂਦੀ ਸਨ। ਜੇਕਰ ਵਿਸ਼ਵ ਪ੍ਰਸਿੱਧ ਬ੍ਰਾਂਡਾਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਯਹੂਦੀ ਛਾਏ ਹੋਏ ਦਿਖਾਈ ਦਿੰਦੇ ਹਨ। ਪੋਲੋ ਜਿਸ ਦਾ ਮਾਲਕ ਰਾਲਫ ਰੋਲੇਨ, ਸਟਾਰ ਬਕਸ ਦਾ ਮਾਲਕ ਹੋਵਰਡ ਸੋਲੋਤਜ, ਗੂਗਲ ਮਾਲਕ ਸੇਗਰਾਈ ਬ੍ਰੇਨ, ਡੇਲ ਕੰਪਨੀ ਦਾ ਮਾਲਕ ਮਾਈਕਲ ਡੇਲ ਇਸ ਤੋਂ ਇਲਾਵਾ ਕਈ ਨਾਮ ਮੌਜੂਦ ਹਨ।

ਰਾਜਨੀਤੀ ਵਿਚ ਦੇਖੀਏ ਤਾਂ ਵਿਸ਼ਵ ਰਾਜਨੀਤੀ ਵਿਚ ਯਹੂਦੀ ਛਾਏ ਹੋਏ ਦਿਖਾਈ ਦੇ ਰਹੇ ਹਨ। ਪੂਰਬ ਅਮਰੀਕੀ ਵਿਦੇਸ਼ ਮੰਤਰੀ ਹੈਨਰੀ ਕਿਸਿੰਜਰ ਰਿਚਾਈ ਲੀਵੇਨ, ਏਲਾਨ ਜਰੀਨ ਜਾਪਾਨ, ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਮੈਡੇਲਿਨ ਅਲਬੋਰਡ, ਅਮਰੀਕਾ ਦੇ ਪ੍ਰਸਿੱਧ ਰਾਜਨੀਤਕ ਜੋਸਫ਼ ਲੇਬਰਮੈਨ ਆਦਿ ਰਾਜਨੀਤੀ ਵਿਚ ਛਾਏ ਹੋਏ ਹਨ। ਵਿਸ਼ਵ ਮੀਡੀਆ ਲੁਕਅਪ ਤਾਂ ਸੀਐਨਐਨ ਵਿਚ ਵੋਲਫ਼ ਗੈਂਗ ਬਲੇਟਕੁ, ਵਾਸ਼ਿੰਗਟਨ ਪੋਸਟ ਵਿਚ ਜੋਜੀਨ ਮੇਅਰ, ਨਿਊਯਾਰਕ ਟਾਈਮਜ਼ ਵਿਚ ਯੂਸਫ ਲੇਲੀਨਿਡ, ਏਬੀਸੀ ਨੀਲਜਕੇ ਬਰਬਾਰਾ ਵਾਲਟਰਸ, ਵਾਸ਼ਿੰਗਟਨ ਪੋਸਟ ਕੈਥਰੀਨ ਗ੍ਰਾਹਮ, ਨਿਊਯਾਰਕ ਟਾਈਮਜ਼ ਦੀ ਜ਼ਿਆਦਾਤਰ ਫਰੀਨਕਲ ਸਹਿਤ ਕਈ ਵੱਡੇ ਨਾਮ ਯਹੂਦੀਆਂ ਦੇ ਹਨ। ਸੁਆਲ ਇਹ ਹੈ ਕਿ ਯਹੂਦੀਆਂ ਦੀ ਸਫ਼ਲਤਾ ਦਾ ਕਾਰਨ ਕੀ ਹੈ? ਯਹੂਦੀਆਂ ਦੀ ਸਫ਼ਲਤਾ ਦਾ ਕਾਰਨ ਉਨ੍ਹਾਂ ਦਾ ਵਿਸ਼ਾਲ ਗਿਆਨ ਖੇਤਰ ਹੈ। ਇਜ਼ਰਾਇਲ ਵਿਚ ਯੂਨੀਵਰਸਿਟੀਆਂ ਤੇ ਕਾਲਜਾਂ ਦੀ ਸੰਖਿਆ 1134 ਹੈ। ਇਜ਼ਰਾਇਲ ਦੇ 6 ਯੂਨੀਵਰਸਿਟੀਆਂ ਦੁਨੀਆਂ ਦੇ 500 ਉੱਤਮ ਯੂਨੀਵਰਸਿਟੀਆਂ ਵਿਚ ਸ਼ਾਮਲ ਹੈ। ਜੇਕਰ ਪੜ੍ਹੇ ਲਿਖਿਆਂ ਦਾ ਅਨੁਪਾਤ ਦੇਖਿਆ ਜਾਵੇ ਤਾਂ ਪੱਛਮੀ ਦੇਸਾਂ ਵਿਚ 65% ਪੜ੍ਹੇ ਲਿਖੇ ਲੋਕ ਹਨ। ਇਜ਼ਰਾਇਲ ਵਿਚ ਪੜ੍ਹੇ ਲਿਖੇ ਲੋਕਾਂ ਦੀ ਦਰ ਅਨੁਪਾਤ 95% ਤੋਂ ਜ਼ਿਆਦਾ ਹੈ।

# ਪੰਜਾਬੀ ਯੂਨੀਵਰਸਿਟੀ ਅਤੇ ਵਿਲਕਸ ਯੂਨੀਵਰਸਿਟੀ ਪੈਨਸਲਵੇਨੀਆ ਦਰਮਿਆਨ ਅਕਾਦਮਿਕ ਸਮਝੌਤੇ ਬਾਰੇ ਗੱਲਬਾਤ

ਪਟਿਆਲਾ/ਬਿਊਰੋ ਨਿਊਜ਼ : ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਅਮਰੀਕਾ ਦੀ ਵਿਲਕਸ ਯੂਨੀਵਰਸਿਟੀ ਪੈਨਸਲਵੇਨੀਆ ਨਾਲ ਪਹਿਲਾਂ ਹੋਏ ਇਕ ਅਕਾਦਮਿਕ ਸਮਝੌਤੇ ਨੂੰ ਨਵਿਆਉਣ ਤੇ ਇਸ ਸਮਝੌਤੇ ਦੀਆਂ ਸੀਮਾਵਾਂ ਨੂੰ ਹੋਰ ਵਿਸਥਾਰਨ ਲਈ ਉਚ ਪੱਧਰੀ ਗੱਲਬਾਤ ਕੀਤੀ ਗਈ। ਇਸ ਬਾਬਤ ਅਮਰੀਕਨ ਯੂਨੀਵਰਸਿਟੀ ਦੇ ਇਕ ਉਚ ਪੱਧਰੀ ਵਫ਼ਦ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਦੌਰਾ ਕੀਤਾ। ਇਸ ਵਫ਼ਦ ਵਿਚ ਪ੍ਰੋਫ਼ੈਸਰ ਐਨੇ ਸਕਲੈਡਰ, ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਵਿਲਕਸ ਯੂਨੀਵਰਸਿਟੀ ਪੈਨਸਲਵੇਨੀਆ ਅਤੇ ਮਾਰਕ ਕੋਪੇਨਸਕੀ, ਪ੍ਰੈਜ਼ੀਡੈਂਟ ਐਂਡ ਸੀਈਓ ਗਲੋਬਲ ਸਟੂਡੈਂਟ ਰਿਕੁਆਇਰਮੈਂਟ ਐਡਵਾਈਜ਼ਰ ਸ਼ਾਮਿਲ ਸਨ। ਉਪ ਕੁਲਪਤੀ ਡਾ. ਬੀਐੱਸ. ਘੁੰਮਣ ਦੀ ਅਗਵਾਈ ਹੇਠ ਸਿੰਡੀਕੇਟ ਰੂਮ ਵਿਚ ਹੋਈ ਮੀਟਿੰਗ ਵਿਚ ਉਨ੍ਹਾਂ ਵਿਭਾਗਾਂ ਦੇ ਮੁਖੀ ਸ਼ਾਮਿਲ ਹੋਏ, ਜਿਨ੍ਹਾਂ ਦੇ ਵਿਭਾਗਾਂ ਦੀ ਇਸ ਨਵ-ਸਮਝੌਤੇ ਵਿਚ ਕਿਸੇ ਤਰ੍ਹਾਂ ਦੀ ਸਾਂਝੇਦਾਰੀ ਹੋ ਸਕਦੀ ਹੈ। ਮੈਨੇਜਮੈਂਟ ਨਾਲ ਸਬੰਧਤ ਵਿਭਾਗ ਅਤੇ ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਪਹਿਲਾਂ ਹੀ ਇਸ ਸਮਝੌਤੇ ਤਹਿਤ ਕੋਰਸ ਕਰਵਾ ਰਹੇ ਹਨ। ਡਾ. ਘੁੰਮਣ ਨੇ ਕਿਹਾ ਕਿ ਇਸ ਸਮਝੌਤੇ ਨੂੰ ਨਵਿਆਉਣ ਸਮੇਂ ਹੋਰ ਕਿਸ ਵਿਭਾਗ ਨੂੰ ਜੋੜਿਆ ਜਾ ਸਕਦਾ ਹੈ, ਇਸ ਵਿਸ਼ੇ 'ਤੇ ਹਰੇਕ ਵਿਭਾਗ ਮੁਖੀ ਦੇ ਸੁਝਾਅ ਲੋੜੀਂਦੇ ਹਨ। ਮੀਟਿੰਗ ਵਿਚ ਹਾਜ਼ਰ ਮਨੋਵਿਗਿਆਨ, ਸਿੱਖਿਆ, ਮੈਨੇਜਮੈਂਟ, ਕਾਮਰਸ, ਇੰਜਨੀਅਰਿੰਗ, ਰਾਜਨੀਤੀ ਸ਼ਾਸਤਰ, ਕੈਮਜ਼, ਅਰਥ ਸ਼ਾਸਤਰ ਆਦਿ ਵਿਭਾਗਾਂ ਦੇ ਪ੍ਰਤੀਨਿਧੀਆਂ ਨੇ ਆਪਣੇ ਸੁਝਾਅ ਪੇਸ਼ ਕੀਤੇ। ਇਸ ਸਮਝੌਤੇ ਵਿਚ ਗਰੈਜੂਏਟ, ਅੰਡਰ ਗਰੈਜੂਏਟ, ਇੰਜਨੀਅਰਿੰਗ ਅਤੇ ਇੰਟੀਗਰੇਟਿਡ ਕੋਰਸ ਸ਼ਾਮਿਲ ਹਨ, ਜਿਨ੍ਹਾਂ ਦਾ ਅੰਤਲਾ ਸਾਲ ਇੱਥੋਂ ਦੇ ਵਿਦਿਆਰਥੀ ਉਸ ਯੂਨੀਵਰਸਿਟੀ ਵਿਚ ਜਾ ਕੇ ਸਿੱਖਿਆ ਪ੍ਰਾਪਤ ਕਰਨਗੇ। ਵਿਦਿਆਰਥੀਆਂ ਲਈ ਇੰਟਰਨਸ਼ਿਪ, ਗਰਮੀ ਦੀਆਂ ਛੁੱਟੀਆਂ ਸਮੇਂ ਲੱਗਣ ਵਾਲੀ ਸਿਖਲਾਈ ਆਦਿ ਦੀਆਂ ਸਹੂਲਤਾਂ ਵੀ ਸ਼ਾਮਿਲ ਹਨ। ਵਿਲਕਸ ਯੂਨੀਵਰਸਿਟੀ ਦੇ ਵਫ਼ਦ ਨੇ ਕਿਹਾ ਕਿ ਇਸ ਸਮਝੌਤੇ ਨੂੰ ਨਵਿਆਉਣ ਮੌਕੇ ਇਨ੍ਹਾਂ ਸਾਰੇ ਪੱਖਾਂ ਦਾ ਖਿਆਲ ਰੱਖਿਆ ਜਾਵੇਗਾ। ਇਸ ਮੌਕੇ ਅੰਤਰਰਾਸ਼ਟਰੀ ਵਿਦਿਆਰਥੀ ਡਾਇਰੈਕਟੋਰੇਟ ਦੇ ਕੋਆਰਡੀਨੇਟਰ ਡਾ. ਦਮਨ ਸੰਧੂ, ਡੀਨ ਅਕਾਦਮਿਕ ਡਾ. ਗੁਰਦੀਪ ਸਿੰਘ ਬਤਰਾ, ਐਸੋਸੀਏਟ ਡੀਨ ਰਿਸਰਚ ਡਾ. ਲਖਵਿੰਦਰ ਗਿੱਲ, ਡਾਇਰੈਕਟਰ ਮੀਡੀਆ ਸੈਂਟਰ ਡਾ. ਗੁਰਮੀਤ ਮਾਨ ਨੇ ਸ਼ਿਰਕਤ ਕੀਤੀ। ਇਸ ਡੈਲੀਗੇਟ ਨੇ ਇੰਜਨੀਅਰ ਵਿੰਗ ਦਾ ਦੌਰਾ ਵੀ ਕੀਤਾ, ਜਿੱਥੇ ਡਾ. ਅਨੂਪ ਠਾਕੁਰ ਨੇ ਲੈਬ ਸਬੰਧੀ ਚੱਲ ਰਹੀਆਂ ਅਕਾਦਮਿਕ ਗਤਵਿਧੀਆਂ ਅਤੇ ਖੋਜ ਬਾਰੇ ਚਾਨਣਾ ਪਾਇਆ।

*ਪਾਠਕਾਂ ਦੀ ਸੱਥ*

## ਪ੍ਰਬੰਧਕ ਕਮੇਟੀ ਦੀ ਚੋਣ ਦਾ ਅੱਖੀ ਡਿੱਠਾ ਹਾਲ

ਬ੍ਰਮਿੰਘਮ : 20 ਜਨਵਰੀ ਐਤਵਾਰ ਵਾਲੇ ਦਿਨ ਪ੍ਰਬੰਧਕ ਕਮੇਟੀ ਨੇ ਅਦਿੱਖ ਇਸ਼ਾਰੇ ਪਿੱਛੋਂ 6 ਮਹੀਨੇ ਪੱਛੜ ਕੇ ਚੋਣ ਕਰਵਾਉਣ ਦਾ ਅਹਿਸਾਨ ਕੀਤਾ। ਸੰਗਤ ਦਾ ਮੈਂਬਰ ਹੋਣ ਦੇ ਨਾਤੇ ਦਾਸ ਵੀ ਹਾਜ਼ਰ ਸੀ। ਮਿੱਥੇ ਹੋਏ ਸਮੇਂ ਉੱਪਰ ਸੰਗਤ ਵਿੱਚੋਂ ਚੋਣ ਬੋਰਡ ਵਿੱਚ ਸ਼ਾਮਲ ਹੋਣ ਦੇ ਚਾਹਵਾਨਾਂ ਨੂੰ ਫਾਰਮ ਭਰ ਕੇ ਦੇਣ ਦੀ ਰਸਮੀ ਖਾਨਾਪੂਰਤੀ ਕੀਤੀ ਗਈ। ਆਮ ਤੌਰ 'ਤੇ ਚੋਣ ਬੋਰਡ ਦੇ ਮੈਂਬਰ ਬਣਨ ਲਈ ਆਏ ਸਾਰੇ ਨਾਂ ਪੜ੍ਹ ਕੇ ਸੁਣਾਏ ਜਾਂਦੇ ਹਨ, ਫਿਰ ਚੁਣੇ ਗਏ ਮੈਬਰਾਂ ਦਾ ਕ੍ਰਮਵਾਰ ਇਕ ਇਕ ਕਰਕੇ ਨਾਂ ਬੋਲਿਆ ਜਾਂਦਾ ਹੈ। ਨਾਂ ਬੋਲਣ ਉਤੇ ਉਪਰੋਕਤ ਮੈਂਬਰ ਖੜ੍ਹਾ ਹੁੰਦਾ ਹੈ। ਹਰ ਵਾਰ ਸੰਗਤ ਨੂੰ ਕੁੱਝ ਸਮਾਂ ਦਿੱਤਾ ਜਾਂਦਾ ਹੈ, ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਉਹ ਦੱਸ ਸਕਦਾ ਹੈ। ਜੇ ਇਤਰਾਜ਼ ਸਾਬਤ ਹੋ ਜਾਵੇ, ਚੋਣ ਪ੍ਰਵਾਨ ਨਹੀਂ ਹੁੰਦੀਂ, ਪਰ ਜੇ ਸਾਬਤ ਨਾ ਹੋਵੇ ਤਾਂ ਪ੍ਰਵਾਨ ਸਮਝੀ ਜਾਂਦੀ ਹੈ। ਪਰ ਇਕ ਰਾਤ ਪਹਿਲਾਂ ਦਾ ਸਮਝੌਤਾ ਹੀ ਇੰਨਾ ਸ਼ਕਤੀਸ਼ਾਲੀ ਸੀ ਕਿ ਪ੍ਰਕ੍ਰਿਆ ਨੂੰ ਜ਼ਰੂਰੀ ਨਹੀਂ ਸਮਝਿਆ ਗਿਆ, ਬਸ ਲਗਾਤਾਰ 5 ਨਾਂ ਬੋਲ ਦਿੱਤੇ ਗਏ ਅਤੇ ਵਿਸ਼ੇਸ਼ ਸੇਵਾ ਲਈ ਆਏ ਯੋਧਿਆਂ ਨੇ ਜੈਕਾਰੇ ਛੱਡ ਦਿੱਤੇ।

ਇਸ ਤੋਂ ਬਾਅਦ ਪ੍ਰਬੰਧਕ ਕਮੇਟੀ ਵਿੱਚ ਸ਼ਾਮਲ ਹੋਣ ਦੇ ਚਾਹਵਾਨਾਂ ਨੂੰ ਫਾਰਮ ਭਰ ਕੇ ਦੇਣ ਦੀ ਰਸਮ ਪੂਰੀ ਕਰਨ ਲਈ ਕਿਹਾ ਗਿਆ। ਬੋਰਡ ਵਾਲੇ ਸਿੰਘਾਂ ਨੂੰ ਅਸੂਲ ਅਨੁਸਾਰ ਪ੍ਰਬੰਧਕ ਕਮੇਟੀ ਵਿੱਚ ਆਉਣ ਲਈ ਪ੍ਰਾਪਤ ਹੋਈਆਂ ਅਰਜ਼ੀਆਂ ਲੈ ਕੇ ਉਸੇ ਵਕਤ ਕਿਸੇ ਨਾਲ ਵਿਸ਼ੇਸ਼ ਗੱਲਬਾਤ ਕੀਤੇ ਬਗੈਰ ਨਿਰਧਾਰਿਤ ਜਗ੍ਹਾ 'ਤੇ ਜਾ ਕੇ ਮੈਂਬਰ ਚੁਣਨ ਦੀ ਪ੍ਰਕ੍ਰਿਆ ਸ਼ੁਰੂ ਕਰਨੀ ਚਾਹੀਦੀ ਹੈ ਪਰ 5 ਮੈਂਬਰੀ ਬੋਰਡ ਬਾਹਰ ਘੁੰਮ ਫਿਰ ਕੇ ਘੰਟੇ ਦੇ ਕਰੀਬ ਸੰਗਤ ਵਿੱਚ ਖੁੱਲ੍ਹੀਆਂ ਗੱਲਾਂ ਕਰਦਾ ਰਿਹਾ। ਮਿੱਥੀ ਹੋਈ ਜਗ੍ਹਾ ਉੱਪਰ ਜਾਣ ਤੋਂ ਬਾਅਦ ਕਮੇਟੀ ਦੇ ਸਾਰੇ ਮੈਂਬਰ ਚੁਣਨ ਤੋਂ ਪਹਿਲਾਂ ਬੋਰਡ ਦਾ ਕੋਈ ਮੈਂਬਰ ਬਾਹਰ ਨਹੀਂ ਆ ਸਕਦਾ ਵੈਸੇ ਤਾਂ ਮੋਬਾਇਲ ਫੋਨ ਵੀ ਬਾਹਰ ਛੱਡ ਕੇ ਜਾਣੇ ਚਾਹੀਦੇ ਹਨ ਪਰ ਬੋਰਡ ਦੇ ਮੈਬਰਾਂ ਵਿੱਚੋਂ ਮੈਂਬਰ ਬਾਹਰ ਆਉਂਦੇ ਰਹੇ, ਸੰਗਤ ਦੇ ਕੁੱਝ ਮੈਂਬਰਾਂ ਨੂੰ ਆਪਣੀਆਂ ਸ਼ਰਤਾਂ ਮੰਨਣ 'ਤੇ ਕਮੇਟੀ ਵਿੱਚ ਲੈਣ ਦੀਆਂ ਕਨਸੋਆਂ ਵੀ ਮਿਲਦੀਆਂ ਰਹੀਆਂ।

ਆਖਰਕਾਰ 21 ਮੈਂਬਰਾਂ ਦੀ ਸ਼ਨੀਵਾਰ ਦੇਰ ਰਾਤ ਤਿਆਰ ਹੋਈ ਦੱਸੀ ਜਾਂਦੀ ਸੂਚੀ ਪੜ੍ਹ ਕੇ ਸੁਣਾਉਣ ਦੀ ਖਾਨਾਪੂਰਤੀ ਕੀਤੀ ਗਈ, ਕਿਹੋ ਜਿਹੀ ਕਮੇਟੀ ਚੁਣੀ ਗਈ ਹੋਵੇਗੀ, ਅੰਦਾਜ਼ਾ ਲਾਉਣਾਂ ਮੁਸ਼ਕਲ ਨਹੀਂ ਹੋਣਾ ਚਾਹੀਦਾ। ਸਿੱਖ ਪੰਥ ਉੱਪਰ ਮਰਿਯਾਦਾਵਾਂ ਤੇ ਪਰੰਪਰਾਵਾਂ ਨੂੰ ਵਿਸਾਰ ਕੇ ਆਪੋ ਆਪਣੇ "ਪੰਥ" ਦਾ ਕਬਜ਼ਾ ਕਰਨ ਕਰਵਾਉਣ ਦੀ ਮੁਹਿੰਮ ਜੋਰਾਂ 'ਤੇ ਚੱਲ ਰਹੀ ਹੈ। ਪੰਥ ਵਿੱਚ ਬਣੀ ਕਾਰਜਕਾਰੀ ਜਥੇਦਾਰ ਬਾਈਪਾਸ ਕਮੇਟੀ ਵੀ ਐਸੀਆਂ ਅਨੇਕਾਂ ਮੁਹਿੰਮਾਂ ਵਿੱਚੋਂ ਇਕ ਹੈ। ਸਮੇਂ ਦੀਆਂ ਸਰਕਾਰਾਂ ਅਤੇ ਬਾਦਲਕਿਆਂ ਵਰਗਿਆਂ ਨੂੰ ਧੱਕੇ ਦੇ ਦੋਸ਼ ਨਿਰਮੂਲ ਹਨ, ਘੱਟ ਕੋਈ ਨਹੀਂ ਕਰਦਾ।

ਪੰਥ ਦਾ ਦਾਸ

**ਸਰਬਜੀਤ ਸਿੰਘ**

ਮੁੱਖ ਸੇਵਾਦਾਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਯੂਕੇ.।

# ਮਾਮਲਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੀਆਂ ਵੋਟਾਂ ਦਾ

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥

ਇਕ ਧਿਰ ਵਲੋਂ ਗੁਰੂਘਰ ਦਾ ਮਾਹੌਲ ਖਰਾਬ ਕਰਨ ਦੀ ਨੀਅਤ ਨਾਲ ਦੂਜੇ ਗੁਰੂਘਰਾਂ ਦੀਆਂ ਸੰਗਤਾਂ ਨੂੰ ਵੋਟਾਂ ਬਣਾਉਣ ਲਈ ਲਿਆਇਆ ਜਾ ਰਿਹਾ ਹੈ। ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੀਆਂ ਵੋਟਾਂ ਜੋ ਕਿ 11 ਜਨਵਰੀ ਦਿਨ ਸ਼ੁੱਕਰਵਾਰ ਤੋਂ ਇਕ ਮਹੀਨੇ ਲਈ ਖੋਲ੍ਹੀਆਂ ਗਈਆਂ ਸਨ ਅਤੇ ਪ੍ਰਬੰਧਕ ਕਮੇਟੀ ਵਲੋਂ ਬੜੀ ਜ਼ਿੰਮੇਵਾਰੀ ਨਾਲ ਬਣਾਈਆਂ ਜਾ ਰਹੀਆਂ ਹਨ ਪਰ ਇਸ ਵਾਰ ਇਕ ਬੜਾ ਹੀ ਹੈਰਾਨੀਜਨਕ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਪਿਛਲੇ 2 ਹਫ਼ਤੇ ਤੋਂ ਜ਼ਿਆਦਾਤਰ ਵੋਟਾਂ ਉਨ੍ਹਾਂ ਲੋਕਾਂ ਵਲੋਂ ਬਣਾਈਆਂ ਜਾ ਰਹੀਆਂ ਹਨ ਜੋ ਸੰਗਤੀ ਤੌਰ 'ਤੇ ਇਸ ਗੁਰੂਘਰ ਵਿਚ ਕਦੇ ਵੀ ਨਜ਼ਰ ਨਹੀਂ ਆਏ। ਇਨ੍ਹਾਂ ਸੰਗਤਾਂ ਨੂੰ ਦੂਜੇ ਗੁਰੂਘਰਾਂ ਤੋਂ ਇਕ ਸਾਜਿਸ਼ ਅਧੀਨ ਲਿਆਂਦਾ ਜਾ ਰਿਹਾ ਹੈ। ਇਹ ਨਾ ਤਾਂ ਇਸ ਗੁਰੂ ਘਰ ਵਿਚ ਕਦੇ ਦੇਖੇ ਗਏ ਹਨ ਅਤੇ ਨਾ ਹੀ ਇਨ੍ਹਾਂ ਨੇ ਕਿਸੇ ਤਰ੍ਹਾਂ ਦਾ ਕੋਈ ਵੀ ਯੋਗਦਾਨ ਪਾਇਆ ਹੈ। ਇਸ ਤੋਂ ਵੀ ਵੱਡੀ ਹੈਰਾਨੀਜਨਕ ਗੱਲ ਇਹ ਹੈ ਕਿ ਇਹ ਲੋਕ ਬਾਹਰ ਤੋਂ ਆਉਂਦੇ ਹਨ ਅਤੇ ਗੁਰੂਘਰ ਦੇ ਦੀਵਾਨ ਹਾਲ ਦੇ ਅੱਗੋਂ ਲੰਘ ਕੇ ਸਿੱਧਾ ਹੀ ਦੂਜੀ ਮੰਜ਼ਿਲ 'ਤੇ ਜਾ ਕੇ ਵੋਟਾਂ ਬਣਾਉਣ ਲਈ ਲਾਈਨਾਂ ਵਿਚ ਲੱਗ ਜਾਂਦੇ ਹਨ ਅਤੇ ਗੁਰੂਘਰ ਵਿਚ ਮੱਥਾ ਟੇਕਣਾ ਵੀ ਜ਼ਰੂਰੀ ਨਹੀਂ ਸਮਝਦੇ। ਇਸ ਤਰ੍ਹਾਂ ਲਗਦਾ ਹੈ ਕਿ ਸਿਰਫ ਵੋਟਾਂ ਬਣਾਉਣ ਲਈ ਹੀ ਆਉਂਦੇ ਹਨ ਅਤੇ ਵੋਟਾਂ ਬਣਾ ਕੇ ਚਲੇ ਜਾਂਦੇ ਹਨ। ਇਸ ਤੋਂ ਵੀ ਹੈਰਾਨੀਜਨਕ ਗੱਲ ਦੇਖਣ ਨੂੰ ਮਿਲੀ ਕਿ ਦੂਸਰੇ ਗੁਰੂਘਰਾਂ ਦੇ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਵੀ ਆ ਕੇ ਵੋਟਾਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਗੱਲ ਇਸ ਤਰ੍ਹਾਂ ਦੇਖਣ ਨੂੰ ਮਿਲ ਰਹੀ ਹੈ ਕਿ ਜਿਸ ਤਰ੍ਹਾਂ ਇਸ ਗੁਰੂਘਰ 'ਤੇ ਕਬਜ਼ਾ ਕਰਨਾ ਹੋਵੇ। ਹੋਰ ਤਾਂ ਹੋਰ ਇਨ੍ਹਾਂ ਦੀ ਵੋਟਾਂ ਬਣਾਉਣ ਦੀ 10 ਡਾਲਰ ਫੀਸ ਵੀ ਕੋਈ ਹੋਰ ਹੀ ਦੇ ਰਿਹਾ ਹੈ। ਇਹ ਤਾਂ ਗੱਲ ਹੋਈ ਆਮ ਸੰਗਤ ਦੀ ਜਿਹੜੀ ਦੂਜੇ ਗੁਰੂਘਰਾਂ ਵਿਚੋਂ ਲਿਆਂਦੀ ਜਾ ਰਹੀ ਹੈ ਪਰ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਵੀ ਪਿੱਛੇ ਨਹੀਂ ਰਹਿ ਰਹੇ। ਉਹ ਵੀ ਬੜੀ ਬੇਸ਼ਰਮੀ ਨਾਲ ਆ ਕੇ ਲਾਈਨਾਂ ਵਿਚ ਲੱਗ ਰਹੇ ਹਨ। ਜਦੋਂ ਸਿੱਖ ਕਲਚਰਲ ਸੁਸਾਇਟੀ ਪ੍ਰਬੰਧਕ ਕਮੇਟੀ ਉਨ੍ਹਾਂ ਨੂੰ ਪੁੱਛਦੀ ਹੈ ਕਿ ਤੁਸੀਂ ਤਾਂ ਦੂਸਰੇ ਗੁਰੂਘਰ ਦੇ ਮੈਂਬਰ ਹੋ ਤੇ ਇੱਥੇ ਵੋਟ ਬਣਾਉਣ ਕਿਉਂ ਆਏ ਹੋ ? ਤਾਂ ਇਸ ਗੱਲ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੁੰਦਾ ਅਤੇ ਚੁੱਪ ਕਰਕੇ ਚਲੇ ਜਾਂਦੇ ਹਨ। ਇਹ ਸਾਰੀਆਂ ਚੀਜ਼ਾਂ ਕੈਮਰਿਆਂ ਵਿਚ ਰਿਕਾਰਡ ਹੋ ਰਹੀਆਂ ਹਨ। ਅਸੀਂ ਇੱਥੇ ਦੱਸਣਾ ਚਾਹੁੰਦੇ ਹਾਂ ਕਿ ਇਹੀ ਕਾਰਨ ਹੈ ਕਿ ਬਾਹਰੋਂ ਆ ਕੇ ਕੁਝ ਲੋਕ ਇਸ ਗੁਰੂਘਰ ਵਿਚ ਲੜਾਈ ਦਾ ਕਾਰਨ ਬਣਦੇ ਹਨ। ਸਾਨੂੰ ਜਿੱਥੇ ਤੱਕ ਜਾਣਕਾਰੀ ਮਿਲੀ ਹੈ ਕਿ ਕਿਸੇ ਖਾਸ ਬਰਾਦਰੀ ਨੂੰ ਕੁਝ ਲੋਕ ਗਲਤ ਗੁੰਮਰਾਹ ਕਰ ਰਹੇ ਹਨ ਅਤੇ ਇਹ ਭੋਲੇ ਭਾਲੇ ਲੋਕ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਵੋਟਾਂ ਬਣਾ ਰਹੇ ਹਨ।

ਵਰਨਣਯੋਗ ਹੈ ਕਿ ਸੰਨ 1998 ਵਿਚ ਇਸ ਗੁਰੂਘਰ ਵਿਚ ਕੁਝ ਸ਼ਰਾਰਤੀ ਲੋਕਾਂ ਨੇ ਬਰਾਦਰੀਵਾਦ ਦਾ ਨਾਅਰਾ ਦੇ ਕੇ ਲੜਾਈ ਕਰਵਾਈ ਸੀ ਤੇ ਇਹ ਲੋਕ ਬੇਸ਼ੱਕ ਪੂਰੀ ਤਰ੍ਹਾਂ ਸਾਹਮਣੇ ਨਹੀਂ ਆ ਰਹੇ ਪਰ ਕੁਝ ਲੋਕਾਂ ਨੂੰ ਇਹ ਲੋਕ ਵਰਤ ਰਹੇ ਹਨ ਤੇ ਰਿਚਮੰਡ ਹਿੱਲ ਦਾ ਮਾਹੌਲ ਖਰਾਬ ਕਰਨ ਦੀ ਫਿਰ ਕੋਸ਼ਿਸ਼ ਕਰ ਰਹੇ ਹਨ। ਅਸੀਂ ਇਹ ਸਭ ਕੁਝ ਜੋ ਕੁਝ ਵੀ ਲਿਖ ਰਹੇ ਹਾਂ ਇਕ ਜ਼ਿੰਮੇਵਾਰ ਹੋਣ ਦੇ ਨਾਤੇ ਲਿਖਣ ਲਈ ਮਜਬੂਰ ਹੋ ਗਏ ਹਾਂ ਕਿ ਰਿਚਮੰਡ ਹਿੱਲ ਦਾ ਭਾਈਚਾਰਾ ਬੜੀ ਸ਼ਾਂਤੀ ਨਾਲ ਇਕ ਦੂਜੇ ਨਾਲ ਮਿਲ ਕੇ ਰਹਿ ਰਿਹਾ ਹੈ। ਜੇ ਇਸ ਗੁਰੂਘਰ ਵਿਚ ਕੋਈ ਕੱਲ੍ਹ ਨੂੰ ਝਗੜਾ ਹੁੰਦਾ ਹੈ ਤਾਂ ਅਸੀਂ ਖੁੱਲ੍ਹ ਕੇ ਲਿਖਾਂਗੇ ਕਿ ਇਹੀ ਲੋਕ ਲੜਾਈ ਲਈ ਜਿੰਮੇਵਾਰ ਹਨ। ਬੜੀ ਸਿੱਧੀ ਅਤੇ ਸਪੱਸ਼ਟ ਗੱਲ ਹੈ ਕਿ ਜੇ ਸਰਪੰਚੀ ਦੇ ਇਲੈਕਸ਼ਨ ਵਿਚ ਇਕ ਪਿੰਡ ਦਾ ਵੋਟਰ ਦੂਜੇ ਪਿੰਡ ਵਿਚ ਜਾ ਕੇ ਵੋਟਾਂ ਨਹੀਂ ਪਾ ਸਕਦਾ ਤਾਂ ਇਥੇ ਸਾਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਆ ਰਹੀ। ਕਮਾਲ ਦੀ ਗੱਲ ਹੈ ਕਿ ਅਸੀਂ ਲਾਈਨਾਂ ਵਿਚ ਖੜ੍ਹੇ ਲੋਕਾਂ ਵਿਚ ਇਥੋਂ ਦੇ ਜੰਮਪਲ ਪੜ੍ਹੇ ਲਿਖੇ ਬੱਚਿਆਂ ਨੂੰ ਵੀ ਦੇਖਿਆ।

20 ਜਨਵਰੀ 2019 ਨੂੰ ਵੋਟਾਂ ਸ਼ਾਮ 4:15 ਵਜੇ ਬੰਦ ਕਰ ਦਿੱਤੀਆਂ ਗਈਆਂ ਸਨ, ਕਿਉਂਕਿ ਕੰਪਿਊਟਰ ਵਿਚ ਕੋਈ ਤਕਨੀਕੀ ਖਰਾਬੀ ਆ ਗਈ ਸੀ ਤੇ ਫਿਰ ਦੋਨੋਂ ਹੀ ਪਾਰਟੀਆਂ ਦੀ ਰਜ਼ਾਮੰਦੀ ਨਾਲ ਵੋਟਾਂ ਬੰਦ ਕਰ ਦਿੱਤੀਆਂ ਗਈਆਂ ਸਨ ਅਤੇ ਦੋਵੇਂ ਪਾਰਟੀਆਂ ਨੇ ਇਸ 'ਤੇ ਦਸਤਖਤ ਕਰ ਦਿੱਤੇ ਸਨ।

**ਦੂਜੇ ਗੁਰੂਘਰਾਂ ਨਾਲ ਸਬੰਧਤ ਵੋਟਰਾਂ ਨੂੰ ਬੇਨਤੀ :**

ਬਾਹਰ ਦੇ ਗੁਰੂਘਰਾਂ ਨਾਲ ਸਬੰਧਤ ਸੰਗਤਾਂ ਨੂੰ ਅਤੇ ਪ੍ਰਬੰਧਕਾਂ ਨੂੰ ਇਸ ਗੁਰੂਘਰ ਵਿਚ ਆ ਕੇ ਵੋਟਾਂ ਬਣਾਉਣ ਅਤੇ ਮਾਹੌਲ ਖਰਾਬ ਕਰਨ ਦੀ ਇਜਾਜ਼ਤ ਬਿਲਕੁਲ ਨਹੀਂ ਦਿੱਤੀ ਜਾਵੇਗੀ। ਅਸੀਂ ਦੇਖ ਰਹੇ ਹਾਂ ਕਿ ਕੁਝ ਦੂਜੇ ਗੁਰੂਘਰਾਂ ਨਾਲ ਸਬੰਧਤ ਸੰਗਤਾਂ ਅਤੇ ਪ੍ਰਬੰਧਕ ਸਿੱਖ ਕਲਚਰਲ ਸੁਸਾਇਟੀ ਗੁਰੂਘਰ ਵਿਚ ਆ ਕੇ ਵੋਟਾਂ ਬਣਾਉਣ ਦੇ ਬਹਾਨੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕਿ ਅਸੀਂ ਪਿਛਲੇ 2 ਹਫ਼ਤੇ ਤੋਂ ਦੇਖ ਰਹੇ ਹਾਂ। ਅਸੀਂ ਕਿਸੇ ਤਰ੍ਹਾਂ ਦਾ ਵੀ ਝਗੜਾ ਨਹੀਂ ਕਰਨਾ ਚਾਹੁੰਦੇ ਤੇ ਪ੍ਰਸ਼ਾਸਨ ਨੂੰ ਇਸ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਅਗਲੇ ਹਫ਼ਤੇ ਤੋਂ ਜੇਕਰ ਦੂਜੇ ਗੁਰੂਘਰ ਨਾਲ ਸਬੰਧਤ ਕੋਈ ਮੈਂਬਰ ਇੱਥੇ ਆ ਕੇ ਵੋਟ ਬਣਾਉਣ ਜਾਂ ਗੜਬੜੀ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ ਅਸੀਂ ਉਨ੍ਹਾਂ 'ਤੇ ਪੂਰੀ ਤਰ੍ਹਾਂ ਕਾਨੂੰਨ ਦੇ ਅਨੁਸਾਰ ਕਾਰਵਾਈ ਲਈ ਤਿਆਰ ਹਾਂ ਅਤੇ ਪ੍ਰਸ਼ਾਸਨ ਨੂੰ ਸੂਚਿਤ ਕਰਾਂਗੇ। ਗੁਰੂਘਰ ਦੇ ਸੰਵਿਧਾਨ ਦੇ ਅਨੁਸਾਰ ਇਸ ਗੁਰੂਘਰ ਵਿਚ ਵੋਟ ਉਹ ਹੀ ਬਣਾ ਸਕਦਾ ਹੈ ਜੋ ਇਸ ਗੁਰੂਘਰ ਵਿਚ ਆਉਂਦਾ ਹੈ ਤੇ ਆਪਣਾ ਪੂਰਾ ਯੋਗਦਾਨ ਪਾਉਂਦਾ ਹੈ।

**ਕੁਲਦੀਪ ਸਿੰਘ ਢਿੱਲੋਂ, ਪ੍ਰਧਾਨ ਸਿੱਖ ਕਲਚਰਲ ਸੁਸਾਇਟੀ,**
**ਬਲਾਕਾ ਸਿੰਘ, ਸੀਨੀ. ਮੈਂਬਰ ਪ੍ਰਬੰਧਕ ਕਮੇਟੀ।**

# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਚਰਨਜੀਤ ਸਿੰਘ ਪੰਨੂ ਦਾ 'ਮਿੱਟੀ ਦੀ ਮਹਿਕ' ਸ.ਫਰਨਾਮਾ ਲੋਕ ਅਰਪਣ

**ਸੈਨਹੋਜ਼ੇ/ਬਿਊਰੋ ਨਿਊਜ਼ :**

'ਮਿੱਟੀ ਦੀ ਮਹਿਕ' ਪਾਕਿਸਤਾਨੀ ਸਫ਼ਰਨਾਮਾ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਲੈ ਕੇ ਹੁਣ ਅਮਰੀਕਾ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ ਇਹਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵੀ ਰਿਲੀਜ਼ ਕੀਤਾ ਜਾ ਚੁੱਕਾ ਹੈ। ਗੁਰੂ ਘਰ ਸੈਨਹੋਜ਼ੇ ਵਿਖੇ ਇਸ ਨੂੰ ਸੰਗਤਾਂ ਦੇ ਸਨਮੁਖ ਕਰਨ ਸਮੇਂ ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪਾਕਿਸਤਾਨ ਵਿਖੇ ਸਿੱਖਾਂ ਦੇ ਇਤਿਹਾਸ, ਰਾਜਨੀਤੀ, ਧਰਮ ਤੇ ਵਿਰਸੇ ਨੂੰ ਚਰਨਜੀਤ ਸਿੰਘ ਪੰਨੂ ਨੇ ਬੜੀ ਦਿਲਚਸਪੀ ਨਾਲ ਵੇਖਿਆ, ਜਾਚਿਆ ਤੇ ਫ਼ੋਟੋਆਂ ਸਮੇਤ ਕਲਮਬੰਦ ਕਰ ਕੇ ਇਸ ਨੂੰ ਪੁਸਤਕ ਦਾ ਰੂਪ ਦਿੱਤਾ ਹੈ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ। ਲੇਖਕ ਨੇ ਪੰਜ ਕਿਤਾਬਾਂ ਗੁਰਦੁਆਰਾ ਲਾਇਬਰੇਰੀ ਨੂੰ ਭੇਟ ਕੀਤੀਆਂ। ਇਸ ਤੋਂ ਪਹਿਲਾਂ ਸਟੇਜ ਸਕੱਤਰ ਮੱਘਰ ਸਿੰਘ ਨੇ ਇਸ ਸਫ਼ਰਨਾਮੇ ਨੂੰ ਗਿਆਨ ਦਾ ਭੰਡਾਰ ਦੱਸਿਆ ਕਿ ਪੰਨੂ ਸਾਹਿਬ ਨੇ ਬੜੀ ਬਰੀਕੀ ਤੇ ਬੇਬਾਕੀ ਨਾਲ ਸਿੱਖ ਇਤਿਹਾਸ ਦੀਆਂ ਪੈੜਾਂ ਨੱਪਣ ਦੀ ਕੋਸ਼ਿਸ਼ ਕੀਤੀ ਹੈ। ਸੁਖਦੇਵ ਸਿੰਘ ਬੈਨੀਵਾਲ ਨੇ ਇਸ ਪੁਸਤਕ ਨੂੰ ਚਰਨਜੀਤ ਸਿੰਘ ਦੀ ਨਿਵੇਕਲੀ ਪ੍ਰਾਪਤੀ ਦੱਸਿਆ। ਇਸ ਸਫਰਨਾਮੇ ਵਿਚ ਲਹਿੰਦੇ ਤੇ ਚੜ੍ਹਦੇ ਪੰਜਾਬਾਂ



ਦੇ ਬਾਸ਼ਿੰਦਿਆਂ ਦੀ ਆਪਸੀ ਮਿਲਵਰਤਨ ਤੇ ਭਾਈਚਾਰੇ ਦੀ ਤੀਬਰ ਤਾਂਘ ਬਹੁਤ ਵਿਆਕੁਲ ਰੂਪ ਵਿਚ ਪ੍ਰਗਟ ਹੁੰਦੀ ਹੈ। ਲੰਡਨ ਤੋਂ ਪ੍ਰਸਿੱਧ ਕਥਾਵਾਚਕ ਤੇ ਕਈ ਧਾਰਮਿਕ ਪੁਸਤਕਾਂ ਦੇ ਸਿਰਜਨਹਾਰੇ ਗੁਰਬਖ਼ਸ਼ ਸਿੰਘ ਗੁਲਸ਼ਨ ਨੇ ਕਿਹਾ ਕਿ ਸਿੱਖਾਂ ਦਾ ਇਤਿਹਾਸ, ਧਰਮ ਤੇ ਵਿਰਸਾ ਬੜੀ ਸੋਚੀ ਸਮਝੀ ਸਾਜ਼ਿਸ਼ ਅਧੀਨ ਵਿਗਾੜਿਆ ਤੇ ਲਤਾੜਿਆ ਜਾ ਰਿਹਾ ਹੈ। ਇਸ ਦੀ ਮੌਲਿਕਤਾ ਪੱਥਰਾਂ ਹੇਠ ਦੱਬੀ ਤੇ ਢਕੀ ਜਾ ਰਹੀ ਹੈ। ਜੇ ਇਸ ਤਰ੍ਹਾਂ ਚੱਲਦਾ ਰਿਹਾ ਤਾਂ ਸਾਡੇ ਕੋਲ ਸਾਡੇ ਬੱਚਿਆਂ ਨੂੰ ਦਿਖਾਉਣ ਤੇ ਦਰਸਾਉਣ ਲਈ ਕੁੱਝ ਨਹੀਂ ਬਚੇਗਾ। ਆਪਣੀ ਨਵੀਂ ਪਨੀਰੀ ਨੂੰ ਇਸ ਬਾਰੇ ਗਿਆਨ ਦੇਣ ਲਈ ਸਰਦਾਰ ਪੰਨੂ ਜਿਹੇ ਲਿਖਾਰੀਆਂ ਦੀਆਂ ਅਜੇਹੀਆਂ ਪੁਸਤਕਾਂ ਪੜ੍ਹਨ ਤੇ ਹੋਰਾਂ ਪੜ੍ਹਾਉਣ ਦੀ ਜ਼ਰੂਰਤ ਹੈ। ਸਿੱਖਾਂ ਦੇ ਧਰਮ, ਇਤਿਹਾਸ, ਸਭਿਆਚਾਰ, ਰਾਜਨੀਤੀ ਤੇ ਅਮੀਰ ਬਲਵਾਨ ਵਿਰਸੇ ਦੀ ਜੜ੍ਹ ਪਾਕਿਸਤਾਨ ਵਿਚ ਹੈ। ਲੇਖਕ ਨੇ ਬਹੁਤ ਮਿਹਨਤ ਨਾਲ ਸਮੱਗਰੀ ਜੋੜ ਕੇ ਸੁੰਦਰ ਦਿੱਖ ਵਾਲੀ ਇਸ ਪੁਸਤਕ ਰਾਹੀਂ ਪਾਠਕਾਂ ਨੂੰ ਜਾਗਰੂਕ ਕੀਤਾ ਹੈ। ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ, ਪੰਜਾ ਸਾਹਿਬ ਤੇ ਹੋਰ ਬਹੁਤ ਸਾਰੇ ਗੁਰਦੁਆਰੇ ਤੇ ਸਿੱਖ ਧਾਮ ਪਾਕਿਸਤਾਨ ਵਿਚ ਰਹਿ ਗਏ ਹਨ। ਭਾਰਤ ਦੀ ਆਜਾਦੀ ਦਾ ਹੀਰੋ ਸ਼ਹੀਦ ਭਗਤ ਸਿੰਘ ਤੇ ਦੂਰ ਤੱਕ ਧਾਂਕ ਜਮਾਉਣ ਵਾਲਾ ਸਿੱਖ ਰਾਜ ਦਾ ਮਹਾਂਬਲੀ ਮਹਾਰਾਜੇ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਤੇ ਉਪਲਬਧੀਆਂ ਦੀਆਂ ਜੜ੍ਹਾਂ ਪਾਕਿਸਤਾਨ ਵਿਚ ਹਨ। ਲੇਖਕ ਇਸ ਬਾਰੇ ਹੈਰਾਨੀ ਤੇ ਰੰਜ ਪ੍ਰਗਟਾਉਂਦਾ ਹੈ ਕਿ ਪਾਕਿਸਤਾਨ ਬਣਨ ਵੇਲੇ ਸੰਨ 1947 ਵਿਚ ਸਾਡੇ ਲੀਡਰਾਂ ਨੂੰ ਕਿਹੜੀ ਮਜਬੂਰੀ ਪੈ ਗਈ ਕਿ ਉਹ ਆਪਣੇ ਜਾਤੀ ਮੁਫਾਦਾਂ ਜਾਂ ਮੁਲਾਹਜੇਦਾਰੀਆਂ ਕਾਰਨ ਗੁੰਗਵੱਟੇ ਬਣੇ ਰਹੇ ਤੇ ਆਪਣੇ ਜਿੰਦ ਜਾਨ ਤੋਂ ਪਿਆਰੇ ਗੁਰਧਾਮ ਤੇ ਵਿਰਸਾ ਪਿੱਛੇ ਛੱਡ ਕੇ ਚੁੱਪ ਚੁਪੀਤੇ ਨੰਗੀਆਂ ਲੋਥਾਂ ਲੈ ਕੇ ਵਾਹਗੇ ਤੋਂ ਪਾਰ ਟੱਪ ਗਏ। ਇਸ ਮੌਕੇ ਜਨਰਲ ਕਮੇਟੀ ਦੇ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਸਾਬਕਾ ਪ੍ਰਧਾਨ ਹਰੇਦਵ ਸਿੰਘ ਤੱਖਰ, ਨਰਿੰਦਰਪਾਲ ਸਿੰਘ, ਕਿਰਪਾਲ ਅਟਵਾਲ, ਨਿਰਮਲ ਸਿੰਘ ਅਟਵਾਲ, ਸੁਰਜੀਤ ਬੈਂਸ, ਗੁਰਬਖ਼ਸ਼ ਸਿੰਘ, ਡਾ. ਦਲਵੀਰ ਪੰਨੂ, ਗੁਰਸ਼ਾਨ ਪੰਨੂ, ਸੂਰਤ ਸਿੰਘ, ਐਡਵੋਕੇਟ ਹਰਬੰਸ ਸਿੰਘ ਲੌਂਗੀਆ, ਗਿਆਨੀ ਮਨਮੋਹਣ ਸਿੰਘ, ਜਗਜੀਤ ਸਿੰਘ ਛਾਬੜਾ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਅਤੇ ਸੀਨੀਅਰ ਐਸੋਸੀਏਸ਼ਨ ਦੇ ਮੈਂਬਰਾਂ ਨੇ ਰਲ ਕੇ ਚਰਨਜੀਤ ਸਿੰਘ ਪੰਨੂ ਨੂੰ ਮਾਣ ਸਨਮਾਨ ਨਾਲ ਨਿਵਾਜਿਆ। ਚਰਨਜੀਤ ਸਿੰਘ ਪੰਨੂ ਨੇ ਗੁਰਦੁਆਰਾ ਕਮੇਟੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਬਹੁਤ ਰੁਝੇਵਿਆਂ ਭਰੇ ਪ੍ਰੋਗਰਾਮਾਂ ਵਿਚਕਾਰ ਛੋਟੇ ਜਿਹੇ ਨੋਟਿਸ ਵਿਚ ਪੁਸਤਕ ਦੀ ਮੁੱਖ ਦਿਖਾਈ ਕਰਾਈ ਹੈ। ਸੰਗਮ ਪਬਲੀਕੇਸ਼ਨ ਪਟਿਆਲਾ ਵੱਲੋਂ ਛਾਪੀ ਇਸ ਪੁਸਤਕ ਦੀ ਭੇਟਾ ਵੀਹ ਡਾਲਰ ਹੈ ਜੋ +1 408 608 4961 ਫ਼ੋਨ ਉਤੇ ਆਰਡਰ ਕੀਤੀ ਜਾ ਸਕਦੀ ਹੈ।

# ਕਬੱਡੀ ਦਾ ਕਈ ਪੰਜਾਬੀਆਂ ਨੇ ਨਾਜਾਇਜ਼ ਫਾਇਦਾ ਵੀ ਚੁੱਕਿਆ

***ਕੈਨੇਡਾ ਦੇ ਨਜ਼ਾਰੇ ਲੁੱਟਣ ਵਾਲਿਆਂ ਦੀ ਖੁੱਲ੍ਹੀ ਪੋਲ, ਸਰਕਾਰ ਲਵੇਗੀ ਐਕਸ਼ਨ***

**ਚੰਡੀਗੜ੍ਹ/ਬਿਊਰੋ ਨਿਊਜ਼ :**

ਕਬੱਡੀ ਸਿਰਫ਼ ਖੇਡ ਹੀ ਨਹੀਂ ਰਹੀ, ਬਲਕਿ ਇਹ ਹੁਣ ਮੋਟਾ ਪੈਸਾ ਕਮਾਉਣ ਦਾ ਸਾਧਨ ਬਣ ਗਈ ਹੈ। ਇਸ ਦੇ ਨਾਲ ਹੀ ਕਬੱਡੀ ਨੇ ਪੰਜਾਬੀਆਂ ਲਈ ਵਿਦੇਸ਼ਾਂ ਦੇ ਬੂਹੇ ਵੀ ਖੋਲ੍ਹ ਦਿੱਤੇ, ਜਿਸ ਦਾ ਕਈਆਂ ਨੇ ਨਾਜਾਇਜ਼ ਫਾਇਦਾ ਵੀ ਚੁੱਕਿਆ ਹੈ। ਇਸ ਗੱਲ ਦਾ ਖੁਲਾਸਾ ਕੈਨੇਡਾ ਸਰਕਾਰ ਦੀ ਖ਼ੁਫ਼ੀਆ ਰਿਪੋਰਟ ਵਿੱਚ ਹੋਇਆ ਹੈ, ਕਿ ਕਬੱਡੀ ਬਹਾਨੇ ਉਨ੍ਹਾਂ ਦੇ ਦੇਸ਼ ਆਉਣ ਵਾਲੇ ਨੌਜਵਾਨਾਂ ਵਿਚੋਂ ਅੱਧੇ ਹੀ ਵਾਪਸ ਪਰਤਦੇ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਤਕਰੀਬਨ 47 ਫ਼ੀਸਦ ਨੌਜਵਾਨ ਜੋ ਕੈਨੇਡਾ ਵਿਚ ਕਬੱਡੀ ਖੇਡਣ ਆਉਂਦੇ ਹਨ, ਵਾਪਸ ਨਹੀਂ ਪਰਤਦੇ। ਖ਼ਬਰ ਏਜੰਸੀ ਆਈਏਐਨਐਸ ਮੁਤਾਬਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਾਲ 2015, 2016 ਤੇ 2017 ਵਿਚ 261 ਕਬੱਡੀ ਖਿਡਾਰੀਆਂ ਨੂੰ ਵੀਜ਼ਾ ਜਾਰੀ ਹੋਏ, ਜਿਨ੍ਹਾਂ ਵਿਚੋਂ 47 ਫ਼ੀਸਦ ਨੇ ਵਾਪਸ ਭਾਰਤ ਪਰਤ ਕੇ ਚੰਡੀਗੜ੍ਹ ਸਥਿਤ ਪ੍ਰਵਾਸ ਕੇਂਦਰ 'ਚ ਸੂਚਿਤ ਨਹੀਂ ਕੀਤਾ। ਬਾਕੀਆਂ 'ਚੋਂ 26 ਫ਼ੀਸਦੀ ਨੇ ਕੈਨੇਡਾ ਵਿਚ ਕੰਮਕਾਜੀ ਵੀਜ਼ੇ (ਵਰਕ ਪਰਮਿਟ) ਤੇ ਇੱਕ ਫ਼ੀਸਦ ਨੇ ਰਿਫ਼ੀਊਜ਼ੀ ਹੋਣ ਦਾ ਦਾਅਵਾ ਕੀਤਾ।

ਰਿਪੋਰਟ ਮੁਤਾਬਕ ਇਨ੍ਹਾਂ ਸਾਲਾਂ ਵਿਚ ਖਿਡਾਰੀਆਂ ਦੇ ਵਾਪਸ ਆਪਣੇ ਦੇਸ਼ ਪਰਤਣ ਦੀ ਦਰ ਵਧੀ ਹੈ ਯਾਨੀ ਕਿ ਸਾਲ 2015 'ਚ 42% ਖਿਡਾਰੀ ਹੀ ਭਾਰਤ ਪਰਤੇ ਸਨ ਪਰ ਸਾਲ 2017 'ਚ 62% ਖਿਡਾਰੀ ਕੈਨੇਡਾ ਛੱਡ ਗਏ। ਉੱਧਰ, ਆਪਣੇ ਪੇਸ਼ੇ ਦੇ ਉਲਟ ਕੰਮਕਾਜੀ ਵੀਜ਼ੇ ਹਾਸਲ ਕਰਨ ਵਾਲੇ ਖਿਡਾਰੀਆਂ ਦੀ ਗਿਣਤੀ ਵੀ 21% ਤੋਂ 30% ਤਕ ਵਧੀ ਹੈ।

ਕੈਨੇਡਾ ਆਧਾਰਤ ਚਾਰ ਵੱਡੀਆਂ ਕਬੱਡੀ ਫੈਡਰੇਸ਼ਨਜ਼ ਇਨ੍ਹਾਂ ਖਿਡਾਰੀਆਂ ਨੂੰ ਵੱਡੀ ਗਿਣਤੀ ਵਿੱਚ ਮੌਜੂਦ ਭਾਰਤੀ ਲੋਕਾਂ ਦੇ ਮਨੋਰੰਜਨ ਲਈ ਉੱਥੇ ਖੇਡਣ ਲਈ ਬੁਲਾਉਂਦੀਆਂ ਹਨ। ਅੰਕੜੇ ਦੱਸਦੇ ਹਨ ਕਿ ਚਾਰ ਵਿੱਚੋਂ ਦੋ ਕਬੱਡੀ ਫੈਡਰੇਸ਼ਨਜ਼ ਵੱਲੋਂ ਸੱਦੇ ਗਏ ਖਿਡਾਰੀਆਂ ਵਿੱਚੋਂ 29% ਹੀ ਵਾਪਸ ਜਾਂਦੇ ਹਨ। ਚੰਡੀਗੜ੍ਹ ਸਥਿਤ ਵੀਜ਼ਾ ਦਫ਼ਤਰ ਮੁਤਾਬਕ ਵੱਡੀ ਗਿਣਤੀ ਵਿੱਚ ਕਬੱਡੀ ਖਿਡਾਰੀ ਕੈਨੇਡਾ ਜਾਣ ਲਈ ਬਿਨੈ ਕਰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰ ਅਣਵਿਆਹੇ ਪੁਰਸ਼ ਹੁੰਦੇ ਹਨ ਜਿਨ੍ਹਾਂ ਕੋਲ ਕੋਈ ਖ਼ਾਸ ਆਰਥਕ ਵਸੀਲੇ ਵੀ ਨਹੀਂ ਹੁੰਦੇ।

ਰਿਪੋਰਟ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਗ਼ਲਤ-ਬਿਆਨੀ, ਧੋਖਾਧੜੀ ਤੇ ਜਾਅਲੀ ਦਸਤਾਵੇਜ਼ਾਂ ਜਿਵੇਂ ਕਿ ਟੂਰਨਾਮੈਂਟ ਦੇ ਜਾਅਲੀ ਸਬੂਤ ਤੇ ਫ਼ੋਟੋਗ੍ਰਾਫ ਆਦਿ ਨਾਲ ਕਬੱਡੀ ਖੇਡਣ ਲਈ ਵੀਜ਼ਾ ਹਾਸਲ ਕੀਤੇ ਜਾ ਰਹੇ ਹਨ। ਇਹ ਰਿਪੋਰਟ ਕੈਨੇਡਾ ਸਰਕਾਰ ਕੋਲ ਹੈ ਅਤੇ ਇਸ 'ਤੇ ਜਲਦ ਹੀ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ।

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

## ਪੰਜਾਬ ਵਿਚ ਸਿਆਸਤ ਦੇ ਮਹਾਂਗੱਠਜੋੜ ਲਈ ਜ਼ਮੀਨ ਤਿਆਰ

ਗਏ ਹਨ। ਪਿਛਲੇ ਹਫਤੇ ਹੀ ਫੂਲਕਾ ਨੇ ਇਹ ਐਲਾਨ ਕੀਤਾ ਸੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲ ਪਰਵਾਰ ਦਾ ਕਬਜ਼ਾ ਤੁੜਾਉਣ ਦੇ ਲਈ ਸੰਘਰਸ਼ ਛੇੜਨ ਵਾਲੇ ਹਨ। ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਦਾ ਪੰਥਕ ਹਲਕਿਆਂ ਵਿਚ ਉਭਾਰ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸ. ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਾਲੀ ਪੰਜਾਬੀ ਏਕਤਾ ਪਾਰਟੀ, ਬੈਂਸ ਭਰਾਵਾਂ ਦੀ 'ਲੋਕ ਇਨਸਾਫ਼ ਪਾਰਟੀ', ਲੋਕ ਸਭਾ ਮੈਂਬਰ ਡਾ: ਧਰਮਵੀਰ ਗਾਂਧੀ ਦੀ ਅਗਵਾਈ ਵਾਲੇ ਪੰਜਾਬ ਮੰਚ ਅਤੇ ਬਸਪਾ ਨੇ ਪੰਜਾਬ ਜਮਹੂਰੀ ਗੱਠਜੋੜ ਦਾ ਪਹਿਲਾਂ ਹੀ ਗਠਨ ਕਰ ਲਿਆ ਹੈ ਤੇ ਇਸ ਦੇ ਆਗੂਆਂ ਦੀ ਪਹਿਲੀ ਮੀਟਿੰਗ ਜਲੰਧਰ ਵਿਖੇ ਹੋ ਚੁੱਕੀ ਹੈ। ਪਤਾ ਲੱਗਾ ਹੈ ਕਿ ਚੋਣ ਮੁੱਦਿਆਂ ਤੇ ਸੀਟਾਂ ਦੀ ਵੰਡ ਬਾਰੇ ਮੀਟਿੰਗ ਵਿਚ ਮੁੱਢਲਾ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਸੁਖਪਾਲ ਸਿੰਘ ਖਹਿਰਾ ਨੇ ਨਵੇਂ ਬਣੇ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸ. ਰਣਜੀਤ ਸਿੰਘ ਬ੍ਰਹਮਪੁਰਾ ਵਿਚਕਾਰ ਬੀਤੇ ਦਿਨ ਹੋਈ ਮੀਟਿੰਗ ਦੌਰਾਨ ਚੋਣਾਂ ਸਾਂਝੇ ਤੌਰ 'ਤੇ ਰਲ ਕੇ ਲੜਨ ਬਾਰੇ ਆਮ ਸਹਿਮਤੀ ਦੱਸੀ ਜਾ ਰਹੀ ਹੈ। ਸੂਤਰਾਂ ਮੁਤਾਬਕ ਹਾਲ ਦੀ ਘੜੀ ਇਸ ਮਹਾਂਗੱਠਜੋੜ ਦੇ ਰਾਹ ਵਿਚ ਕੁਝ ਅੜਿੱਕੇ ਵੀ ਆ ਰਹੇ ਹਨ। ਬਹੁਜਨ ਸਮਾਜ ਪਾਰਟੀ ਇਸ ਮਹਾਂਗੱਠਜੋੜ ਵਿਚ ਆਮ ਆਦਮੀ ਪਾਰਟੀ ਨੂੰ ਸ਼ਾਮਿਲ ਕਰਨ ਉਤੇ ਜ਼ੋਰ ਦੇ ਰਹੀ ਹੈ ਕਿਉਂਕਿ ਉਨ੍ਹਾਂ ਦਾ ਰਾਸ਼ਟਰੀ ਪੱਧਰ ਉਤੇ ਇਸ ਦੇ ਨਾਲ ਸਮਝੌਤਾ ਹੋ ਚੁੱਕਾ ਹੈ। ਉਧਰ 'ਆਪ' ਦੇ ਭਗਵੰਤ ਮਾਨ ਨੇ ਸੁਖਪਾਲ ਖਹਿਰਾ ਤੇ ਬੈਂਸ ਭਰਾਵਾਂ ਦੀ ਮੌਜੂਦਗੀ ਵਾਲੇ ਕਿਸੇ ਗੱਠਜੋੜ ਵਿਚ ਸ਼ਾਮਿਲ ਹੋਣ ਤੋਂ ਨਾਂਹ ਕੀਤੀ ਜਾ ਰਹੀ ਹੈ। ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਨਾਂ ਥੱਲੇ ਹੋਈ ਪਹਿਲੀ ਮੀਟਿੰਗ ਵਿਚ ਸ਼ਾਮਲ ਬਸਪਾ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ 'ਆਪ' ਨਾਲ ਸਾਂਝ ਪਾਉਣ ਦੀ ਗੱਲ ਕਹੀ, ਕਿਉਂਕਿ ਕੌਮੀ ਪੱਧਰ 'ਤੇ ਉਨ੍ਹਾਂ ਦਾ ਗੱਠਜੋੜ ਹੋ ਚੁੱਕਾ ਹੈ। ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਦੱਸਿਆ ਕਿ 'ਆਪ' ਆਗੂ ਭਗਵੰਤ ਮਾਨ ਨੂੰ ਫੋਨ ਕਰ ਕੇ ਗੱਠਜੋੜ ਲਈ ਸੱਦਾ ਦੇ ਦਿੱਤਾ ਸੀ, ਪਰ ਭਗਵੰਤ ਮਾਨ ਨੇ ਸਾਫ਼ ਆਖ ਦਿੱਤਾ ਕਿ ਸੁਖਪਾਲ ਖਹਿਰਾ ਤੇ ਸਿਮਰਜੀਤ ਬੈਂਸ ਨੂੰ ਜੇ ਬਾਹਰ ਕੀਤਾ ਜਾਵੇ ਤਾਂ ਹੀ ਗੱਲ ਅੱਗੇ ਵਧ ਸਕਦੀ ਹੈ। ਬਸਪਾ ਨੇ ਇਹ ਵੀ ਐਲਾਨ ਕੀਤਾ ਕਿ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਵੇਗਾ, ਇਸ ਲਈ ਗੱਠਜੋੜ ਨੂੰ ਹਮਾਇਤ ਦੇਣੀ ਪਵੇਗੀ।

**ਫੈਡਰਲ ਢਾਂਚਾ ਤੇ ਰਾਜਾਂ ਨੂੰ ਵੱਧ ਅਧਿਕਾਰ ਦਾ ਏਜੰਡਾ :** ਜਮਹੂਰੀ ਗੱਠਜੋੜ ਤੇ ਮਹਾਂਗੱਠਜੋੜ ਵਿਚ ਸ਼ਾਮਿਲ ਹੋਣ ਜਾ ਰਹੀਆਂ ਬਹੁਤੀਆਂ ਧਿਰਾਂ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਦੇਸ਼ ਅੰਦਰ ਫੈਡਰਲ ਢਾਂਚੇ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੇ ਮੁੱਦੇ ਨੂੰ ਉਭਾਰਨ ਦੇ ਪੱਖ ਵਿਚ ਹਨ। ਡਾ. ਧਰਮਵੀਰ ਗਾਂਧੀ ਦਾ ਕਹਿਣਾ ਹੈ ਕਿ ਸਾਡਾ ਵਿਚਾਰ ਹੈ ਕਿ ਨਵਾਂ ਭਾਰਤ ਫੈਡਰਲ ਢਾਂਚੇ ਦੇ ਆਧਾਰ ਉੱਪਰ ਹੀ ਉੱਸਰ ਸਕਦਾ ਹੈ ਜਿਸ ਵਿਚ 5-6 ਵਿਭਾਗਾਂ ਨੂੰ ਛੱਡ ਕੇ ਬਾਕੀ ਸਾਰੇ ਮਹਿਕਮੇ ਰਾਜਾਂ ਕੋਲ ਹੋਣ ਤੇ ਇਹ ਰਾਜ ਜਮਹੂਰੀ ਢੰਗ ਨਾਲ ਦਲਿਤਾਂ, ਔਰਤਾਂ ਤੇ ਘੱਟਗਿਣਤੀਆਂ ਦੇ ਹੱਕਾਂ ਨੂੰ ਮਹਿਫੂਜ਼ ਕਰਨ। ਟਕਸਾਲੀ ਦਲ ਦੇ ਆਗੂ ਸ. ਸੇਖਵਾਂ ਨੇ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਦੇਸ਼ ਦੇ ਫੈਡਰਲ ਢਾਂਚੇ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੁਦਈ ਹੈ। ਸ. ਖਹਿਰਾ ਤੇ ਬੈਂਸ ਭਰਾ ਵੀ ਅਜਿਹੇ ਹੀ ਵਿਚਾਰਾਂ ਦੇ ਧਾਰਨੀ ਦੱਸੇ ਜਾਂਦੇ ਹਨ, ਜਦਕਿ ਬਸਪਾ ਦੀ ਇਸ ਬਾਰੇ ਨੀਤੀ ਅਜੇ ਬਹੁਤੀ ਸਪਸ਼ਟ ਨਹੀਂ ਤੇ ਨਾ ਹੀ ਵਿਰੋਧ ਵਿਚ ਹੈ। ਸੂਤਰਾਂ ਅਨੁਸਾਰ ਮਹਾਂਗੱਠਜੋੜ ਗਠਿਤ ਕਰਨ ਲਈ ਯਤਨਸ਼ੀਲ ਲਗਭਗ ਸਾਰੀਆਂ ਹੀ ਧਿਰਾਂ ਖਾਲਿਸਤਾਨੀ ਧਿਰਾਂ ਨਾਲ ਤਾਲਮੇਲ ਕਰਨ ਜਾਂ ਉਨ੍ਹਾਂ ਨੂੰ ਗੱਠਜੋੜ ਵਿਚ ਸ਼ਾਮਿਲ ਕਰਨ ਦੇ ਹੱਕ ਵਿਚ ਫਿਲਹਾਲ ਨਹੀਂ ਹਨ। ਆਉਣ ਵਾਲੇ ਸਮੇਂ ਦੌਰਾਨ ਇਹ ਸਭ ਕੁਝ ਹੋਰ ਸਪੱਸ਼ਟ ਹੋ ਜਾਵੇਗਾ।

ਪੰਜਾਬ 'ਚ ਭਾਜਪਾ ਤੇ ਆਮ ਆਦਮੀ ਪਾਰਟੀ ਲਈ ਹਾਲਾਤ ਪ੍ਰਤੀਕੂਲ : ਪੰਜਾਬ ਦੀ ਭਾਜਪਾ ਨੇ ਚੋਣਾਂ ਲਈ ਇਸ ਵਾਰੀ ਪੈਂਤੜਾ ਬਦਲ ਲਿਆ ਹੈ। ਪਿਛਲੇ ਕਈ ਸਾਲਾਂ ਤੋਂ ਜਿੱਥੋਂ ਅੰਮ੍ਰਿਤਸਰ ਦੀ ਸੀਟ ਤੋਂ ਉਹ ਲਗਾਤਾਰ ਲੜਦੀ, ਕਦੀ ਜਿੱਤਦੀ ਤੇ ਕਦੀ ਹਾਰਦੀ ਆਈ ਸੀ, ਉਹ ਇਸ ਵਾਰੀ ਉਸ ਵੱਲ ਮੂੰਹ ਕਰਨ ਤੋਂ ਡਰਦੇ ਹੋਏ ਆਪਣੇ ਸਿਆਸੀ ਭਾਈਵਾਲ ਅਕਾਲੀ ਦਲ ਨਾਲ ਵਟਾਂਦਰੇ ਵਿੱਚ ਛੱਡ ਕੇ ਲੁਧਿਆਣੇ ਤੋਂ ਲੜਨ ਨੂੰ ਤਿਆਰ ਹੈ। ਗੁਰਦਾਸਪੁਰ ਵਾਲੀ ਉਸ ਦੀ ਪੱਕੀ ਸੀਟ ਲਈ ਉਸ ਦੇ ਆਗੂ ਆਪੋ ਵਿੱਚ ਭਿੜਦੇ ਸਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਦੇ ਵਕਤ ਜਿਵੇਂ ਉੱਪ ਚੋਣ ਲੜ ਚੁੱਕੇ ਸਵਰਨ ਸਲਾਰੀਆ ਨੂੰ ਬੋਲਣ ਤੋਂ ਰੋਕਿਆ ਤੇ ਫਿਰ ਪਿਛਲੀ ਸੀਟ ਉੱਤੇ ਬਿਠਾ ਦਿੱਤਾ ਗਿਆ, ਉਸ ਤੋਂ ਇਹ ਪ੍ਰਭਾਵ ਪਿਆ ਹੈ ਕਿ ਇਹ ਸਭ ਪ੍ਰਧਾਨ ਮੰਤਰੀ ਦੀ ਸਹਿਮਤੀ ਨਾਲ ਹੋਇਆ ਹੈ। ਇਸ ਮੌਕੇ ਮਰਹੂਮ ਐਮ ਪੀ ਵਿਨੋਦ ਖੰਨਾ ਦੀ ਪਤਨੀ ਨੂੰ ਪਹਿਲੀ ਪਾਲ ਵਿੱਚ ਬਿਠਾਏ ਜਾਣ ਨਾਲ ਭਾਜਪਾ ਵਿੱਚ ਟਕਰਾਅ ਵਧਣ ਲੱਗ ਪਿਆ ਤਾਂ ਅਗਲੇ ਦਿਨ ਦਿੱਲੀ ਤੋਂ ਕਮੇਟੀਆਂ ਦੀ ਵੰਡ ਦੇ ਵਕਤ ਵਿਜੇ ਸਾਂਪਲਾ ਨੂੰ ਉਭਾਰੇ ਜਾਣ ਨੇ ਵੀ ਕਈ ਕੁਝ ਪੇਸ਼ ਕਰ ਦਿੱਤਾ ਹੈ। ਸਪੱਸ਼ਟ ਹੈ ਕਿ ਅਗਲੇ ਦੌਰ ਵਿੱਚ ਪੰਜਾਬ ਦੀ ਭਾਜਪਾ ਬਿਨਾ ਸ਼ੱਕ ਇਕੱਠੇ ਹੋਣ ਦਾ ਪ੍ਰਭਾਵ ਦੇਂਦੀ ਰਹੇ, ਅਮਲ ਵਿੱਚ ਉਸ ਦੇ ਅੰਦਰ ਦਾ ਪਾਟਕ ਬਾਹਰ ਆਈ ਜਾ ਰਿਹਾ ਹੈ। ਉਂਜ ਭਾਜਪਾ ਡੇਢ ਸਾਲ ਬਾਅਦ ਤੱਕ ਵਿਧਾਇਕ ਦਲ ਦਾ ਨੇਤਾ ਤੱਕ ਨਹੀਂ ਚੁਣ ਸਕੀ।

ਪੰਜਾਬ ਆਮ ਆਦਮੀ ਪਾਰਟੀ ਦੀ ਕਰਮ-ਭੂਮੀ ਬਣ ਸਕਦਾ ਸੀ ਪਰ ਇੱਥੇ ਵੀ ਆਗੂਆਂ ਦੇ ਨਿੱਜੀ ਟਕਰਾਓ ਕਾਰਨ ਪਾਰਟੀ ਨੇ ਇਹ ਮੌਕਾ ਗੁਆ ਲਿਆ ਜਾਪਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਿਚ ਕੋਈ ਇਹੋ ਜਿਹੀ ਨੈਤਿਕ ਤੇ ਜਥੇਬੰਦਕ ਸੂਝ ਵਾਲਾ ਆਗੂ ਨਹੀਂ ਹੈ ਜੋ ਸੂਬਾਈ ਆਗੂਆਂ ਦੇ ਆਪਸੀ ਟਕਰਾਓ ਨੂੰ ਰੋਕ ਸਕਦਾ ਅਤੇ ਉਸ ਨੂੰ ਜ਼ਿੰਮੇਵਾਰ ਪਾਰਟੀ ਦੀ ਭੂਮਿਕਾ ਨਿਭਾਉਣ ਦੀ ਰਾਹ 'ਤੇ ਤੋਰ ਸਕਦਾ। ਇਹ ਘਾਟ ਓਦੋਂ ਹੀ ਪ੍ਰਤੱਖ ਹੋ ਗਈ ਸੀ ਜਦੋਂ ਪਾਰਟੀ ਨੇ ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ, ਧਰਮਵੀਰ ਗਾਂਧੀ ਤੇ ਹੋਰ ਕੱਦਾਵਰ ਆਗੂਆਂ ਨੂੰ ਪਾਰਟੀ 'ਚੋਂ ਬੜੇ ਗ਼ੈਰ-ਜਮਹੂਰੀ ਢੰਗ ਨਾਲ ਕੱਢ ਦਿੱਤਾ ਸੀ। ਇਸ ਦਾ ਵੱਡਾ ਕਾਰਨ ਇਹ ਹੈ ਕਿ ਪਾਰਟੀ ਕਿਸੇ ਖ਼ਾਸ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਨਹੀਂ ਰੱਖਦੀ। ਲੋਕਾਂ ਨੇ 'ਆਪ' ਨੂੰ ਜਮਹੂਰੀ ਇਨਕਲਾਬ ਦੇ ਰੂਪ-ਸਰੂਪ ਦੇਣ ਵਾਲੀ ਪਾਰਟੀ ਵਜੋਂ ਵੇਖਿਆ ਸੀ ਪਰ ਵਿਚਾਰਧਾਰਕ ਆਧਾਰ ਦੀ ਅਣਹੋਂਦ ਤੇ ਜਥੇਬੰਦਕ ਕਮਜ਼ੋਰੀਆਂ ਕਾਰਨ 'ਆਪ' ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਨਹੀਂ ਉਤਰ ਸਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਗੱਠਜੋੜ ਦਾ ਪੰਜਾਬ ਵਿੱਚ ਅੱਜ ਵੀ ਬਹੁਤਾ ਦਾਰੋਮਦਾਰ ਅਕਾਲੀਆਂ ਦੇ ਸਿਰ ਹੈ, ਪਰ ਉਹ ਆਪ ਬੜੀ ਬੁਰੀ ਹਾਲਤ ਵਿੱਚ ਹਨ। ਇਸ ਕਰਕੇ ਭਾਜਪਾ ਦਾ ਪੰਜਾਬ ਵਿਚ ਸਿਆਸੀ ਬਿਸਤਰਾ ਗੋਲ ਹੋਣ ਦੀ ਸੰਭਾਵਨਾ ਬਣੀ ਹੋਈ ਹੈ।

**ਅਕਾਲੀਆਂ ਦੀ ਰਣਨੀਤੀ :** ਪਿਛਲੇ ਸਮੇਂ ਤੋਂ ਸੁਖਬੀਰ ਬਾਦਲ ਫਿਰੋਜ਼ਪੁਰ ਵਿੱਚ ਅਕਾਲੀ ਆਗੂਆਂ ਨਾਲ ਇਹ ਸਲਾਹਾਂ ਕਰ ਰਿਹਾ ਸੁਣਿਆ ਗਿਆ ਹੈ ਕਿ ਮੈਂ ਇਸ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜਨ ਲਈ ਤਿਆਰ ਹਾਂ। ਬਠਿੰਡੇ ਤੋਂ ਬਾਦਲ ਕੈਂਪ ਤੋਂ ਇਹ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਪਿਛਲੀ ਵਾਰੀ ਆਪਣੀ ਸਰਕਾਰ ਦੇ ਹੁੰਦਿਆਂ ਜਿਹੜੀ ਸੀਟ ਮਸਾਂ ਜਿੱਤੀ ਗਈ ਸੀ, ਇਸ ਵਾਰੀ ਉਹ ਛੱਡ ਕੇ ਕਿਸੇ ਵੀ ਹੋਰ ਹਲਕੇ ਤੋਂ ਹਰਸਿਮਰਤ ਕੌਰ ਨੂੰ ਉਮੀਦਵਾਰ ਬਣਾ ਲੈਣਾ ਚਾਹੀਦਾ ਹੈ। ਫਿਰੋਜ਼ਪੁਰ ਇਹ ਹਲਕਾ ਹੋ ਸਕਦਾ ਹੈ। ਪਿਛਲੇ ਸਾਲ ਵੀ ਇਹ ਗੱਲ ਚੱਲਦੀ ਰਹੀ ਸੀ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਵੀ ਸੀ ਕਿ ਹਰਸਿਮਰਤ ਕੌਰ ਨੂੰ ਸਾਰੇ ਪੰਜਾਬ ਦੇ ਲੋਕ ਇੱਜ਼ਤ ਦੇਂਦੇ ਹਨ, ਉਹ ਕਿਤੋਂ ਵੀ ਚੋਣ ਲੜ ਸਕਦੀ ਹੈ। ਓਦੋਂ ਵੀ ਏਸੇ ਹਲਕੇ ਵੱਲ ਸੰਕੇਤ ਸੀ।

ਦਲ ਬਦਲੀਆਂ ਦਾ ਦੌਰ ਸ਼ੁਰੂ : ਬੀਤੇ ਦਿਨੀਂ ਕਾਂਗਰਸ ਦੇ ਦੋ ਵਾਰੀਆਂ ਦੇ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਂ ਨੇ ਪਾਰਟੀ ਛੱਡੀ ਤੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।ਜੋਗਿੰਦਰ ਸਿੰਘ ਨੂੰ ਪਿਛਲੀ ਚੋਣ ਮੌਕੇ ਕਾਂਗਰਸ ਨੇ ਟਿਕਟ ਨਹੀਂ ਸੀ ਦਿੱਤੀ ਤੇ ਓਦੋਂ ਤੋਂ ਉਹ ਨਾਰਾਜ਼ ਸਮਝੇ ਜਾ ਰਹੇ ਸਨ। ਅਸਲੀ ਗੱਲ ਇਹ ਹੈ ਕਿ ਲੋਕ ਸਭਾ ਚੋਣ ਲਈ ਅਕਾਲੀ ਦਲ ਨੇ ਉਨ੍ਹਾਂ ਨੂੰ ਫਰੀਦਕੋਟ ਹਲਕੇ ਤੋਂ ਉਮੀਦਵਾਰ ਬਣਾਉਣ ਦੀ ਪੇਸ਼ਕਸ਼ ਕੀਤੀ ਹੈ। ਲੋਕ ਸਭਾ ਚੋਣਾਂ ਵੱਲ ਵੇਖ ਕੇ ਹੀ ਆਮ ਆਦਮੀ ਪਾਰਟੀ ਦੇ ਐਮ ਐਲ ਏ ਮਾਸਟਰ ਬਲਦੇਵ ਸਿੰਘ ਨੇ ਪਾਰਟੀ ਤੋਂ ਆਪਣਾ ਅਸਤੀਫਾ, ਇਸ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਈਮੇਲ ਕਰ ਦਿੱਤਾ ਹੈ।ਮਾਸਟਰ ਬਲਦੇਵ ਸਿੰਘ ਵੀ ਸੁਖਪਾਲ ਸਿੰਘ ਖਹਿਰਾ ਦੀ ਨਵੀਂ ਬਣਾਈ ਪੰਜਾਬੀ ਏਕਤਾ ਪਾਰਟੀ ਵੱਲੋਂ ਓਸੇ ਫਰੀਦਕੋਟ ਹਲਕੇ ਤੋਂ ਲੋਕ ਸਭਾ ਲਈ ਚੋਣ ਲੜਨ ਵਾਲੇ ਹਨ। ਆਮ ਆਦਮੀ ਪਾਰਟੀ ਤੋਂ ਵੱਖ ਹੋ ਚੁੱਕੇ ਸੁਖਪਾਲ ਸਿੰਘ ਖਹਿਰਾ ਨੇ ਜਦੋਂ ਪਾਰਟੀ ਤੋਂ ਅਸਤੀਫਾ ਦਿੱਤਾ ਤਾਂ ਓਦੋਂ ਹੀ ਸਾਫ ਹੋ ਗਿਆ ਸੀ ਕਿ ਉਹ ਬਠਿੰਡਾ ਤੋਂ ਲੋਕ ਸਭਾ ਲਈ ਚੋਣ ਲੜਨ ਵਾਲੇ ਹਨ। ਇਸੇ ਮੌਕੇ ਆਮ ਆਦਮੀ ਪਾਰਟੀ ਵਿੱਚੋਂ ਦਿੱਤੇ ਮਾਸਟਰ ਬਲਦੇਵ ਸਿੰਘ ਦੇ ਅਸਤੀਫੇ ਨਾਲ, ਜੇ ਦੋਵੇਂ ਸੀਟਾਂ ਖਾਲੀ ਹੋਣ ਦੀ ਨੌਬਤ ਆ ਗਈ ਤਾਂ ਇਹ ਚੋਣਾਂ ਵੀ ਲੋਕ ਸਭਾ ਦੇ ਨਾਲ ਹੋਣਗੀਆਂ ਅਤੇ ਲੜਾਈ ਕਈ ਪੱਖਾਂ ਤੋਂ ਹੋਰ ਵੀ ਦਿਲਚਸਪ ਹੋ ਜਾਵੇਗੀ। ਜਲਦੀ ਹੀ ਇਸ ਬਾਰੇ ਪੰਜਾਬ ਦਾ ਚੋਣ ਦ੍ਰਿਸ਼ ਸਾਫ ਹੋ ਜਾਵੇਗਾ ਪਰ ਇਸ ਵਾਰ ਕਿਸੇ ਵੀ ਪਾਰਟੀ ਦੇ ਭਵਿੱਖ ਬਾਰੇ ਤੈਅ ਕਰਨਾ ਬਹੁਤ ਔਖਾ ਹੋਵੇਗਾ, ਕਿਉਂਕਿ ਪੰਜਾਬ ਵਿਚ ਬਹੁਤ ਸਾਰੀਆਂ ਰਾਜਨੀਤਕ ਤਬਦੀਲੀਆਂ ਵਾਪਰ ਰਹੀਆਂ ਹਨ।

## ਡੇਰਿਆਂ ਤੇ ਡਰੱਗਜ਼ ਉਤੇ ਚੋਣ ਕਮਿਸ਼ਨ ਦੀ ਤਿੱਖੀ ਨਜ਼ਰ

ਕੇਂਦਰੀ ਕਮਿਸ਼ਨ ਨੂੰ ਇਹ ਵੀ ਸੁਝਾਅ ਦਿੱਤਾ ਕਿ ਅਜਿਹੇ ਡੇਰਿਆਂ ਦੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਇਸ ਲਈ ਸੰਸਦੀ ਚੋਣਾਂ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਉਨ੍ਹਾਂ ਉੱਤੇ ਨਜ਼ਰ ਜ਼ਰੂਰ ਰੱਖੀ ਜਾਵੇ।ਭਾਰਤੀ ਚੋਣ ਕਮਿਸ਼ਨ ਨੂੰ ਇਹ ਵੀ ਦੱਸਿਆ ਗਿਆ ਕਿ ਧਨ, ਸ਼ਰਾਬ, ਭੁੱਕੀ ਤੇ ਅਫ਼ੀਮ ਜਿਹੇ ਨਸ਼ਿਆਂ ਦੀ ਵਰਤੋਂ ਕੁਝ ਜ਼ਿਲ੍ਹਿਆਂ ਵਿਚ ਵੋਟਰਾਂ ਨੂੰ ਲਾਲਚ ਦੇਣ ਜਾਂ ਭਰਮਾਉਣ ਲਈ ਕੀਤੀ ਜਾਂਦੀ ਹੈ। ਸੀਈਓ ਦਫ਼ਤਰ ਦੇ ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ ਕਿ ਪੰਜਾਬ ਉਚ ਚੋਣਾਂ ਦੀ ਕੋਈ ਪ੍ਰਣਾਲੀਬੱਧ ਧੋਖਾਧੜੀ, ਹਿੰਸਾ, ਬੂਥਾਂ ਉੱਤੇ ਕਬਜ਼ੇ ਜਿਹੀ ਕੋਈ ਸਮੱਸਿਆ ਨਹੀਂ ਹੈ ਪਰ ਚੋਣਾਂ ਦੀਆਂ ਤਿਆਰੀਆਂ ਦੌਰਾਨ ਡੇਰਿਆਂ ਤੇ ਕੁਝ ਫਿਰਕਿਆਂ ਉੱਤੇ ਜ਼ਰੂਰ ਨਜ਼ਰ ਰੱਖੀ ਜਾਵੇ।

## ਸਿੱਖਾਂ ਦੇ ਕਾਤਲ ਸੱਜਣ ਕੁਮਾਰ ਦੇ ਇਕ ਹੋਰ ਮਾਮਲੇ 'ਚ ਵਾਰੰਟ ਨਿਕਲੇ

ਕਾਬਿਲੇਗੌਰ ਹੈ ਕਿ ਦਿੱਲੀ ਹਾਈ ਕੋਰਟ ਨੇ ਇਸ ਕੇਸ ਨੂੰ ਕੜਕੜਡੂਮਾ ਕੋਰਟ ਤੋਂ ਪਟਿਆਲਾ ਹਾਊਸ ਕੋਰਟ ਵਿਚ ਤਬਦੀਲ ਕਰਨ ਲਈ ਕਿਹਾ ਸੀ। ਹਾਈ ਕੋਰਟ ਨੇ ਜ਼ਿਲ੍ਹਾ ਜੱਜ ਨੂੰ ਹਦਾਇਤ ਕੀਤੀ ਸੀ ਕਿ ਅਦਾਲਤੀ ਕਾਰਵਾਈ ਦੀ ਪੂਰੀ ਰਿਕਾਰਡਿੰਗ ਮੁਲਜ਼ਮਾਂ ਦੇ ਖ਼ਰਚੇ 'ਤੇ ਕੀਤੀ ਜਾਵੇ। ਸੱਜਣ ਕੁਮਾਰ ਤੇ ਦੋ ਹੋਰਨਾਂ ਮੁਲਜ਼ਮਾਂ ਬ੍ਰਹਮਾਨੰਦ ਗੁਪਤਾ ਤੇ ਵੇਦ ਪ੍ਰਕਾਸ਼ ਨੇ ਵੀਡੀਓਗ੍ਰਾਫੀ ਦਾ ਖ਼ਰਚਾ ਚੁੱਕਣ ਦੀ ਹਾਮੀ ਭਰੀ ਸੀ।

## ਬਾਦਲ ਦਲ ਦਾ ਆਗੂ ਅਵਤਾਰ ਸਿੰਘ ਹਿੱਤ ਅਕਾਲ ਤਖ਼ਤ 'ਤੇ ਤਲਬ

ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਸਨ। ਇਗਲੈਂਡ ਦੇ ਇਕ ਰੇਡੀਓ ਨਾਲ ਗੱਲਬਾਤ ਕਰਦਿਆਂ ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਜਿਹੜੇ ਸੰਗਤਾਂ ਲਈ ਪ੍ਰਬੰਧ ਕੀਤੇ ਸਨ, ਉਨ੍ਹਾਂ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਉਧਰ ਹਰਵਿੰਦਰ ਸਿੰਘ ਸਰਨਾ, ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੇ ਪ੍ਰੈੱਸ ਬਿਆਨ ਵਿਚ ਕਿਹਾ ਕਿ ਬਾਦਲ ਦਲ ਵਲੋਂ ਲਗਾਤਾਰ ਸੋਚੀ-ਸਮਝੀ ਸਾਜਿਸ਼ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਾਕੀ ਗੁਰੂ ਸਾਹਿਬਾਨਾਂ ਦੀ ਬੇਅਦਬੀ ਕੀਤੀ ਜਾ ਰਹੀ ਹੈ, ਜਿਸ ਦਾ ਤਾਜ਼ਾ ਸਬੂਤ ਅਵਤਾਰ ਸਿੰਘ ਹਿੱਤ ਨੇ ਪਟਨਾ ਸਾਹਿਬ ਵਿਖੇ ਇਕ ਪ੍ਰੋਗਰਾਮ ਸਮੇਂ ਬਿਹਾਰ ਦੇ ਮੁੱਖ ਮੰਤਰੀ ਦੀ ਚਾਪਲੂਸੀ ਦੀਆਂ ਹੱਦਾਂ ਪਾਰ ਕਰਕੇ ਗੁਰੂ ਸਾਹਿਬ ਦੀ ਸ਼ਾਨ 'ਚ ਅਰਦਾਸ ਸਮੇਂ ਵਰਤੇ ਜਾਣ ਵਾਲੇ ਸ਼ਬਦ ਨਿਤਿਸ਼ ਕੁਮਾਰ ਲਈ ਬੋਲ ਕੇ ਸਿੱਧੇ ਤੌਰ 'ਤੇ ਗੁਰੂ ਸਾਹਿਬ ਦਾ ਘੋਰ ਨਿਰਾਦਰ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਪਹਿਲਾਂ ਇਕ ਰੈਲੀ ਦੌਰਾਨ ਬਾਦਲ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਪ੍ਰਕਾਸ਼ ਸਿੰਘ ਬਾਦਲ ਨੂੰ 'ਬਾਦਸ਼ਾਹ ਦਰਵੇਸ਼' ਕਹਿ ਕੇ ਸੰਬੋਧਨ ਕੀਤਾ ਸੀ ਅਤੇ ਇਸ ਤੋਂ ਪਹਿਲਾਂ ਬਾਦਲ ਦਲ ਦੇ ਇਕ ਹੋਰ ਨੇਤਾ ਸਿਕੰਦਰ ਸਿੰਘ ਮਲੂਕਾ ਨੇ ਪੰਥਕ ਅਰਦਾਸ ਦੀ ਨਕਲ ਤੇ ਆਰ. ਐਸ. ਐਸ. ਵਲੋਂ ਬਣਾਈ ਅਰਦਾਸ 'ਚ ਸ਼ਾਮਿਲ ਹੋ ਕੇ ਪੰਥਕ ਅਰਦਾਸ ਦੀ ਨਿਰਾਦਰੀ ਕੀਤੀ ਸੀ। ਸ.ਸਰਨਾ ਦਾ ਇਹ ਵੀ ਕਹਿਣਾ ਹੈ ਕਿ ਬਾਦਲ ਵਲੋਂ ਲਗਾਤਾਰ ਸਿੱਖੀ, ਸਿੱਖ ਇਤਿਹਾਸ, ਸਿੱਖ ਪ੍ਰੰਪਰਾਵਾਂ, ਰਵਾਇਤਾਂ ਤੇ ਪੰਥਕ ਮਰਿਆਦਾ ਨੂੰ ਮਿਟਾਉਣ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ ਜਿਸ ਤੋਂ ਸਮੁੱਚੀ ਸਿੱਖ ਨੂੰ ਸੁਚੇਤ ਰਹਿਣ ਦੀ ਜ਼ਰੂਰਤ ਹੈ।

## ਕੈਪਟਨ ਸਰਕਾਰ ਵੇਚੇਗੀ ਪੇਂਡੂ ਹਸਪਤਾਲ

ਦੱਸ ਦਈਏ ਕਿ ਨਿੱਜੀ ਹੱਥਾਂ ਵਿੱਚ ਜਾਣ ਤੋਂ ਬਾਅਦ ਇਨ੍ਹਾਂ ਸੰਸਥਾਵਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਦੀਆਂ ਦਰਾਂ ਵੀ ਸਰਕਾਰ ਵੱਲੋਂ ਨਿਰਧਾਰਿਤ ਕੀਤੀਆਂ ਜਾਣਗੀਆਂ ਜਿਨ੍ਹਾਂ ਦਰਾਂ ਨੂੰ ਅਦਾ ਕਰਕੇ ਮਰੀਜ਼ ਇਲਾਜ ਕਰਵਾ ਸਕਣਗੇ। ਹਾਲਾਤ ਇਹ ਹਨ ਕਿ ਜੇਕਰ ਇਸ ਦੌਰਾਨ ਨਿੱਜੀ ਸੰਸਥਾਵਾਂ ਘਾਟੇ ਵਿੱਚ ਜਾਣਗੀਆਂ ਤਾਂ ਉਸ ਦੀ ਪੂਰਤੀ ਵੀ ਸਲਾਨਾ ਗ੍ਰਾਂਟ ਜ਼ਾਰੀ ਕਰੇਗੀ।

ਇੱਧਰ ਦੂਜੇ ਪਾਸੇ ਸਰਕਾਰੀ ਡਾਕਟਰਾਂ ਦੀਆਂ ਐਸੋਸੀਏਸ਼ਨਾਂ ਸਰਕਾਰ ਵੱਲੋਂ ਚੱਕੇ ਗਏ ਇਸ ਕਦਮ ਦਾ ਵਿਰੋਧ ਕਰ ਰਹੀਆਂ ਹਨ। ਡਾਕਟਰਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਡਾ. ਗਗਨਦੀਪ ਸਿੰਘ ਅਨੁਸਾਰ ਜਿਹੜੀਆਂ ਇਮਾਰਤਾ ਫਰਨੀਚਰ ਅਤੇ ਹੋਰ ਸਾਜੋ ਸਮਾਨ ਸਰਕਾਰ ਹੋਰ ਨਿੱਜੀ ਹੱਥਾਂ ਵਿੱਚ ਦੇਣ ਜਾ ਰਹੀ ਹੈ ਉਹ ਸਭ ਲੋਕਾਂ ਦੇ ਪੈਸੇ ਨਾਲ ਬਣਾਇਆ ਗਿਆ ਹੈ। ਡਾਕਟਰ ਗਗਨਦੀਪ ਕਹਿੰਦੇ ਹਨ ਕਿ ਸੂਬਾ ਸਰਕਾਰ ਪੇਂਡੂ ਗਰੀਬਾਂ ਨੂੰ ਲੁੱਟਣ ਲਈ ਅਜਿਹੇ ਰਾਹ ਖੋਲ ਰਹੀ ਹੈ ਜਿਸ ਤੇ ਨਿੱਜੀ ਲੁਟੇਰੇ ਰੱਜ ਕੇ ਲੁੱਟ ਸਕਣ।

## ਭਾਰਤ-ਪਾਕਿ ਰਿਸ਼ਤਿਆਂ ਨੂੰ ਠੰਢੇ ਬੁੱਲੇ ਦੀ ਲੋੜ

ਵੀ ਨਹੀਂ ਦੇਣਗੇ, ਭਾਵੇਂ ਮਾੜੀਆਂ-ਮੋਟੀਆਂ ਘਟਨਾਵਾਂ ਵਾਪਰਦੀਆਂ ਰਹਿਣ। ਜਾਧਵ ਮਾਮਲੇ ਦੀ ਸੁਣਵਾਈ ਦੌਰਾਨ, ਮੁੱਖ ਤਵੱਜੋ ਸਫ਼ਾਰਤੀ ਰਸਾਈ ਮੁਹੱਈਆ ਕਰਾਉਣ ਲਈ ਵਿਆਨਾ ਕਨਵੈਨਸ਼ਨ ਦੇ ਪ੍ਰਬੰਧ ਲਾਗੂ ਕੀਤੇ ਜਾਣ ਨੂੰ ਦਿੱਤੀ ਜਾਵੇਗੀ। ਪਾਕਿਸਤਾਨ ਨੇ ਜਾਧਵ ਉਤੇ ਜਾਸੂਸੀ ਅਤੇ ਦਹਿਸ਼ਤਗਰਦੀ ਦੇ ਦੋਸ਼ ਲਾਏ ਹੋਏ ਹਨ। ਪਾਕਿਸਤਾਨ ਵੱਲੋਂ ਕਨਵੈਨਸ਼ਨ ਵਿਵਸਥਾਵਾਂ ਦੀ ਥਾਂ ਦੁਵੱਲੇ ਸਫ਼ਾਰਤੀ ਸਮਝੌਤੇ ਨੂੰ ਲਾਗੂ ਕੀਤੇ ਜਾਣ 'ਤੇ ਜ਼ੋਰ ਦਿੱਤਾ ਜਾਵੇਗਾ। ਇਹ ਕੇਸ ਭਾਰਤੀ ਅਤੇ ਪਾਕਿਸਤਾਨੀ ਮੀਡੀਆ ਨੂੰ ਇਕ-ਦੂਜੇ ਉਤੇ ਦਹਿਸ਼ਤਗਰਦੀ ਦੇ ਦੋਸ਼ ਲਾਉਣ ਦਾ ਮੌਕਾ ਦੇਵੇਗਾ, ਜਦੋਂਕਿ ਦੋਵੇਂ ਮੁਲਕਾਂ ਦੇ ਸਿਆਸੀ ਆਗੂ ਵੀ ਇਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਕਰਨਗੇ। ਪਾਕਿਸਤਾਨ ਨੇ ਉਨ੍ਹਾਂ 13 ਭਾਰਤੀਆਂ ਦੇ ਨਾਂ ਜੱਗ ਜ਼ਾਹਿਰ ਕਰਨ ਤੋਂ ਪਰਹੇਜ਼ ਕੀਤਾ ਹੈ, ਜਿਨ੍ਹਾਂ ਤੋਂ ਉਹ ਇਸ ਸਮੁੱਚੀ ਕਹਾਣੀ ਸਬੰਧੀ ਪੁੱਛ-ਗਿੱਛ ਕਰਨੀ ਚਾਹੁੰਦਾ ਹੈ। ਸਮਝਿਆ ਜਾਂਦਾ ਹੈ ਕਿ ਇਸ ਪਾਕਿਸਤਾਨੀ ਸੂਚੀ ਵਿਚ ਕੌਮੀ ਸਲਾਮਤੀ ਸਲਾਹਕਾਰ ਅਜੀਤ ਡੋਵਾਲ ਅਤੇ ਰਾਅ ਦੇ ਸੀਨੀਅਰ ਅਫ਼ਸਰ ਸ਼ਾਮਲ ਹਨ। ਕੀ ਪਾਕਿਸਤਾਨ ਸਮਝਦਾਰੀ ਦਿਖਾਉਂਦਾ ਹੋਇਆ ਸੂਚੀ ਨਸ਼ਰ ਨਾ ਕਰਨ ਦੇ ਆਪਣੇ ਫ਼ੈਸਲੇ 'ਤੇ ਕਾਇਮ ਰਹੇਗਾ? ਇਹ ਇਸ ਦੇ ਇਰਾਦਿਆਂ ਦੀ ਪਰਖ ਵਾਲੀ ਗੱਲ ਹੋਵੇਗੀ। ਇਮਰਾਨ ਖ਼ਾਨ ਦੀਆਂ ਭਾਜਪਾ ਖ਼ਿਲਾਫ਼ ਟਿੱਪਣੀਆਂ ਅਤੇ ਮੋਦੀ 'ਤੇ ਉਸ ਦੇ ਇਲਜ਼ਾਮ ਉਸ ਦੋਵਾਂ ਮੁਲਕਾਂ ਦੇ ਰਿਸ਼ਤੇ ਸੁਧਾਰਨ ਲਈ ਸੰਜੀਦਾ ਗੱਲਬਾਤ ਦੇ ਹਾਮੀ ਨਹੀਂ ਹਨ। ਇਮਰਾਨ ਖ਼ਾਨ ਨੇ ਇਕ ਅਮਰੀਕੀ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਭਾਜਪਾ ਉਤੇ 'ਮੁਸਲਮਾਨ ਤੇ ਪਾਕਿਸਤਾਨ ਵਿਰੋਧੀ' ਹੋਣ ਦੇ ਦੋਸ਼ ਲਾਏ ਸਨ। ਉਸ ਨੇ ਭਾਰਤ ਵਿਚ ਘੱਟਗਿਣਤੀਆਂ ਨਾਲ ਹੋ ਰਹੇ ਵਿਹਾਰ ਦੀ ਆਲੋਚਨਾ ਕੀਤੀ ਸੀ। ਉਸ ਨੇ ਇਹ ਵੀ ਆਖਿਆ ਸੀ ਕਿ ਭਾਰਤੀ ਚੋਣਾਂ ਕਾਰਨ ਗੱਲਬਾਤ ਨਹੀਂ ਹੋ ਰਹੀ। ਉਧਰ ਨਰਿੰਦਰ ਮੋਦੀ ਇਸ ਗੱਲ ਨੂੰ ਵਾਰ ਵਾਰ ਦੁਹਰਾ ਰਹੇ ਹਨ ਕਿ ਗੱਲਬਾਤ ਦੇ ਮੁਕੰਮਲ ਅਮਲ ਦੀ ਬਹਾਲੀ ਪਾਕਿਸਤਾਨ ਵੱਲੋਂ ਦਹਿਸ਼ਤਗਰਦੀ ਤਿਆਗੇ ਜਾਣ 'ਤੇ ਹੀ ਨਿਰਭਰ ਕਰਦੀ ਹੈ।

ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਵਿਆਪਕ ਅਸਰ ਪਾਉਣ ਵਾਲੇ ਆਪਣੇ ਇਕ ਫ਼ੈਸਲੇ ਵਿਚ ਕਿਹਾ ਹੈ ਕਿ ਗਿਲਗਿਟ-ਬਾਲਟੀਸਤਾਨ ਨੂੰ ਰਾਸ਼ਟਰਪਤੀ ਦੇ ਫ਼ਰਮਾਨ ਰਾਹੀਂ ਪਾਕਿਸਤਾਨੀ ਸੂਬੇ ਦਾ ਆਰਜ਼ੀ ਰੁਤਬਾ ਦਿੱਤਾ ਜਾ ਸਕਦਾ ਹੈ ਅਤੇ ਪਾਕਿਸਤਾਨ ਅਜਿਹਾ ਕਰ ਕੇ ਤਰ੍ਹਾਂ ਸੰਯੁਕਤ ਰਾਸ਼ਟਰ ਦੇ ਮਤਿਆਂ ਦਾ ਉਲੰਘਣ ਨਹੀਂ ਕਰੇਗਾ। ਇਸ ਤਰੀਕੇ ਨਾਲ ਇਸ ਖ਼ਿੱਤੇ ਦਾ ਰੁਤਬਾ ਪੱਕੇ ਤੌਰ 'ਤੇ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤ ਨੇ ਕਦਮ ਉਠਾਉਂਦਿਆਂ ਇਸ ਦਾ ਵਿਰੋਧ ਕੀਤਾ ਹੈ ਅਤੇ ਦੁਹਰਾਇਆ ਕਿ ਇਹ ਭਾਰਤ ਦਾ ਇਲਾਕਾ ਹੈ, ਜਿਸ ਉਤੇ ਪਾਕਿਸਤਾਨ ਨੇ ਗ਼ੈਰ ਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ।ਇਸ ਦੌਰਾਨ ਦੋਹੀਂ ਪਾਸੀਂ ਵਧੇ ਹੋਏ ਤਣਾਅ ਅਤੇ ਜੰਮੂ ਕਸ਼ਮੀਰ ਵਿਚ ਅਸਲ ਕੰਟਰੋਲ ਰੇਖਾ (ਐਲਓਸੀ) ਤੇ ਕੌਮਾਂਤਰੀ ਸਰਹੱਦ (ਆਈਬੀ) ਦੇ ਆਰ-ਪਾਰ ਦੋਵਾਂ ਪਾਸਿਆਂ ਤੋਂ ਹੋ ਰਹੀ ਜ਼ੋਰਦਾਰ ਗੋਲੀਬਾਰੀ ਕਾਰਨ ਉਲਟਾ ਇਸ ਸਬੰਧੀ ਤੱਤੀਆਂ ਹਵਾਵਾਂ ਵਗਣ ਦਾ ਹੀ ਖ਼ਤਰਾ ਹੈ। ਉਂਝ, ਕੋਈ ਸਰਕਾਰ ਨਹੀਂ ਚਾਹੇਗੀ ਕਿ ਲੋਕ ਸਭਾ ਚੋਣਾਂ ਦੇ ਇਸ ਦੌਰ ਦੌਰਾਨ ਇਹ ਹਵਾਵਾਂ ਤੇਜ਼ ਹੋਣ। ਭਾਰਤੀ ਮੀਡੀਆ ਨੂੰ ਵੀ ਹਾਲ ਦੀ ਘੜੀ ਭਾਰਤ-ਪਾਕਿਸਤਾਨ ਮੁੱਦਿਆਂ ਦੀ ਬਹੁਤੀ ਲੋੜ ਨਹੀਂ ਹੈ, ਕਿਉਂਕਿ ਉਨ੍ਹਾਂ ਕੋਲ ਪਹਿਲਾਂ ਹੀ ਮੌਜੂਦ ਵੱਖ ਵੱਖ ਸਿਆਸੀ ਮੁੱਦੇ ਦਰਸ਼ਕਾਂ ਨੂੰ ਖਿੱਚਣ ਪੱਖੋਂ ਵੱਧ ਫ਼ਾਇਦੇਮੰਦ ਹਨ। ਹਾਂ, ਕੌਮਾਂਤਰੀ ਨਿਆਂ ਅਦਾਲਤ (ਆਈਸੀਜੇ) ਵਿਚ ਆਗਾਮੀ 18 ਤੋਂ 21 ਫਰਵਰੀ ਦੌਰਾਨ ਕੁਲਭੂਸ਼ਣ ਜਾਧਵ ਦੇ ਮਾਮਲੇ ਦੀ ਹੋਣ ਵਾਲੀ ਸੁਣਵਾਈ ਇਸ ਦਾ ਅਪਵਾਦ ਹੋ ਸਕਦੀ ਹੈ।

## ਗੈਂਗਸਟਰਾਂ ਵੱਲੋਂ ਪੱਤਰਕਾਰ 'ਤੇ ਹਮਲੇ ਦੀ ਚੁਫੇਰਿਓਂ ਨਿੰਦਾ

ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕ ਕਿਵੇਂ ਸੁਰੱਖਿਅਤ ਹਨ। **ਪੰਜਾਬ ਪ੍ਰੈੱਸ ਕਲੱਬ ਵਲੋਂ ਪੱਤਰਕਾਰ 'ਤੇ ਹਮਲੇ ਦੀ ਨਿੰਦਾ :** ਪੱਤਰਕਾਰ ਅਜੀਤ ਸਿੰਘ 'ਬੁਲੰਦ' 'ਤੇ ਹੋਏ ਜਾਨਲੇਵਾ ਹਮਲੇ ਦੀ ਸੂਚਨਾ ਮਿਲਦੇ ਹੀ ਪ੍ਰੈਸ ਕਲੱਬ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਅਤੇ ਜਨਰਲ ਸਕੱਤਰ ਮੇਜਰ ਸਿੰਘ ਨੇ ਇਸ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ 'ਬੁਲੰਦ' 'ਤੇ ਹਮਲਾ ਕਰਨ ਦੇ ਮੁਜਰਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਅਮਰੀਕਾ ਦੇ ਪੱਤਰਕਾਰਾਂ ਨੇ ਵੀ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਦੋਸ਼ੀਆਂ ਨੂੰ ਤੁਰੰਤ ਗਿਫਤਾਰ ਕਰਕੇ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਅਜੀਤ ਸਿੰਘ ਬੁਲੰਦ ਤੇ ਹੋਏ ਕਾਤਲਾਨਾ ਹਮਲੇ ਦੀ ਪੁਰ-ਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸੀਨੀਅਰ ਪੱਤਰਕਾਰ ਰਾਜ ਗੋਗਨਾ, ਹਰਵਿੰਦਰ ਰਿਆੜ, ਡਾ. ਸੁਰਿੰਦਰ ਗਿੱਲ, ਨੀਟਾ ਮਾਛੀਕੇ, ਇਕਬਾਲ ਜੱਬੋਵਾਲ, ਕੁਲਵੰਤ ਧਾਲ਼ੀਆਂ, ਗੁਰਚਰਨ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਫਲੋਰਾ ਅਤੇ ਸਿੱਖ ਪੈਕ ਅਮਰੀਕਾ ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੇ ਪੰਜਾਬ ਸਰਕਾਰ ਤੋਂ ਇਸ ਘਟਨਾ 'ਤੇ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਲੇਖਕ ਤ੍ਰਿਲੋਚਨ ਸਿੰਘ ਦੁਪਾਲਪੁਰ, ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰ ਪਾਲ ਸਿੰਘ ਖਾਲਸਾ, ਜਗਤਾਰ ਸਿੰਘ ਖਾਲਸਾ, ਦਰਸ਼ਨ ਸਿੰਘ ਤੇ ਕਸ਼ਮੀਰ ਸਿੰਘ ਨੇ ਵੀ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਅਤੇ ਸ਼ਰਮਨਾਕ ਘਟਨਾ ਹੈ।

# ਹੈਲਥਕੇਅਰ ਘੁਟਾਲੇ 'ਚ ਫਸਿਆ ਭਾਰਤ ਦਾ ਪਦਮਸ਼੍ਰੀ ਡਾਕਟਰ

**ਡੈਟ੍ਰਾਇਟ (ਮਿਸ਼ੀਗਨ)/ਬਿਊਰੋ ਨਿਊਜ਼ :** ਅਮਰੀਕਾ ਦੇ ਇਤਿਹਾਸ ਦੇ ਹੁਣ ਤਕ ਦੇ ਸਭ ਤੋਂ ਵੱਡੇ ਘੁਟਾਲਿਆਂ 'ਚੋਂ ਇੱਕ ਹੈਲਥਕੇਅਰ ਘੁਟਾਲੇ 'ਚ ਭਾਰਤ ਦੇ ਪਦਮਸ਼੍ਰੀ ਡਾਕਟਰ ਰਾਜੇਂਦਰ ਬੋਦਰਾ ਨੂੰ ਚਾਰਜਸ਼ੀਟ ਕੀਤਾ ਗਿਆ ਹੈ। 464 ਮਿਲੀਅਨ ਅਮਰੀਕੀ ਡਾਲਰ ਦੇ ਘੁਟਾਲੇ ਵਿਚ ਰਾਜੇਂਦਰ ਬੋਦਰਾ ਵੀ ਦੋਸ਼ੀ ਦੱਸੇ ਗਏ ਹਨ। ਇਸ ਬਾਰੇ ਸਥਾਨਕ ਅਖ਼ਬਾਰ 'ਡੈਟ੍ਰਾਇਟ ਨਿਊਜ਼' ਨੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ।



ਡਾ. ਬੋਦਰਾ ਨੂੰ 70 ਲੱਖ ਅਮਰੀਕੀ ਡਾਲਰ ਦੇ ਬਾਂਡ 'ਤੇ ਜ਼ਮਾਨਤ ਦਿੱਤੀ ਗਈ ਹੈ। ਇਹ ਵੀ ਆਪਣੇ-ਆਪ 'ਚ ਇਕ ਰਿਕਾਰਡ ਹੈ, ਕਿਉਂਕਿ ਇਸ ਤੋਂ ਪਹਿਲਾਂ ਜ਼ਮਾਨਤ ਲੈਣ ਲਈ ਕਿਸੇ ਮੁਲਜ਼ਮ ਨੂੰ ਇੰਨੀ ਜ਼ਿਆਦਾ ਰਕਮ ਦਾ ਬਾਂਡ ਨਹੀਂ ਭਰਨਾ ਪਿਆ। ਇਹ ਰਕਮ 49 ਕਰੋੜ 72 ਲੱਖ ਭਾਰਤੀ ਰੁਪਏ ਦੇ ਲਗਭਗ ਬਣਦੀ ਹੈ। ਇਸ ਮਾਮਲੇ 'ਚ ਭਾਰਤ ਦੇ ਪਦਮਸ਼੍ਰੀ ਡਾ. ਰਾਜੇਂਦਰ ਬੋਦਰਾ ਨਾਲ ਪੰਜ ਹੋਰ ਡਾਕਟਰ ਵੀ ਮੁਲਜ਼ਮ ਹਨ। ਜ਼ਿਲ੍ਹਾ ਜੱਜ ਸਟੀਫ਼ਨ ਮਰਫ਼ੀ ਨੇ ਡਾ. ਬੋਦਰਾ ਦੀ ਜ਼ਮਾਨਤ ਮਨਜ਼ੂਰ ਕੀਤੀ; ਜਦ ਕਿ ਇਸ ਤੋਂ ਪਹਿਲਾਂ ਸਰਕਾਰ ਨੇ ਚਿੰਤਾ ਪ੍ਰਗਟਾਈ ਸੀ ਕਿ ਇਸ ਮੁਲਜ਼ਮ ਕੋਲ ਵੱਡੇ ਪੱਧਰ 'ਤੇ ਲੁਕਵਾਂ ਧਨ ਹੈ। ਸਰਕਾਰ ਨੇ ਇਹ ਵੀ ਕਿਹਾ ਸੀ ਡਾ. ਬੋਦਰਾ ਚੋਰੀ-ਛਿਪੇ ਫ਼ਰਾਰ ਹੋ ਕੇ ਭਾਰਤ ਜਾ ਸਕਦਾ ਹੈ। ਡਾ. ਬੋਦਰਾ ਸੂਬੇ ਮਿਸ਼ੀਗਨ ਦੇ ਸ਼ਹਿਰ ਡੈਟ੍ਰਾਇਟ ਦੇ ਉਪਨਗਰ ਬਲੂਮਫ਼ੀਲਡ ਹਿਲਜ਼ ਦੇ ਨਿਵਾਸੀ ਹਨ। ਜ਼ਮਾਨਤ ਦੌਰਾਨ ਵੀ ਉਹ ਆਪਣੇ ਘਰ 'ਚ ਨਜ਼ਰਬੰਦ ਰਹਿਣਗੇ ਤੇ ਜੀਪੀਐੱਸ ਉਪਕਰਣ ਰਾਹੀਂ ਉਨ੍ਹਾਂ 'ਤੇ ਚੌਕਸ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਨੂੰ ਹੁਣ ਆਪਣੀਆਂ ਸਾਰੀਆਂ ਚੱਲ ਅਤੇ ਅਚੱਲ ਸੰਪਤੀਆਂ ਜੱਗ-ਜ਼ਾਹਿਰ ਕਰਨੀਆਂ ਹੋਣਗੀਆਂ।

ਪ੍ਰਾਪਤ ਜਾਣਕਾਰੀ ਅਨੁਸਾਰ ਜ਼ਮਾਨਤੀ ਬਾਂਡ ਜਮ੍ਹਾਂ ਕਰਵਾਉਣ ਲਈ ਡਾ. ਬੋਦਰਾ ਨੂੰ ਆਪਣੇ ਸੇਵਾ-ਮੁਕਤੀ ਖਾਤੇ ਦੀ ਰਕਮ 85 ਲੱਖ ਅਮਰੀਕੀ ਡਾਲਰ ਕਢਵਾਉਣੀ ਪਵੇਗੀ। ਅਦਾਲਤ ਨੇ ਡਾ. ਬੋਦਰਾ ਦੀ ਪਤਨੀ ਤੇ ਧੀ ਦੇ ਪਾਸਪੋਰਟ ਤਕ ਜ਼ਬਤ ਕਰ ਲਏ ਹਨ, ਤਾਂ ਜੋ ਉਹ ਕਿਤੇ ਵਿਦੇਸ਼ ਫ਼ਰਾਰ ਨਾ ਹੋ ਸਕਣ।

ਡਾ. ਬੋਦਰਾ ਰੀਪਬਲਿਕਨ ਪਾਰਟੀ ਦੇ ਸਮਰਥਕ ਰਹੇ ਹਨ ਤੇ ਇਸ ਪਾਰਟੀ ਲਈ ਫ਼ੰਡ ਵੀ ਇਕੱਠੇ ਕਰਦੇ ਰਹੇ ਹਨ। ਭਾਰਤ 'ਚ ਉਹ ਅਕਸਰ ਵੱਡੇ-ਵੱਡੇ ਸੰਸਥਾਨਾਂ 'ਚ ਲੈਕਚਰ ਦੇਣ ਲਈ ਆਉਂਦੇ ਰਹੇ ਹਨ। ਨਰਗਿਸ ਦੱਤ ਫ਼ਾਊਂਡੇਸ਼ਨ ਲਈ ਉਹ ਕੰਮ ਕਰ ਚੁੱਕੇ ਹਨ। ਭਾਰਤੀ ਹਸਪਤਾਲਾਂ ਨੂੰ ਆਧੁਨਿਕ ਅਮਰੀਕੀ ਮੈਡੀਕਲ ਉਪਕਰਣ ਤੋਹਫ਼ਿਆਂ ਵਜੋਂ ਦੇਣ ਬਦਲੇ ਭਾਰਤ ਸਰਕਾਰ ਉਨ੍ਹਾਂ ਦੀ ਸ਼ਲਾਘਾ ਕਰ ਚੁੱਕੀ ਹੈ। ਡਾ. ਬੋਦਰਾ ਪਿਛਲੇ ਮਹੀਨੇ ਤੋਂ ਜੇਲ੍ਹ 'ਚ ਹਨ। ਉਨ੍ਹਾਂ 'ਤੇ ਮੈਡੀਕੇਅਰ ਨਾਲ ਧੋਖਾਧੜੀ ਕਰਨ ਤੇ ਮਰੀਜ਼ਾਂ ਨੂੰ ਕਥਿਤ ਤੌਰ 'ਤੇ ਕੁਝ ਬੇਲੋੜੇ ਇੰਜੈਕਸ਼ਨ ਲਾਉਣ ਦੇ ਦੋਸ਼ ਹਨ।

# ਸੰਯੁਕਤ ਰਾਸ਼ਟਰ ਦਫਤਰਾਂ ਵਿਚ ਵੀ ਹੁੰਦਾ ਹੈ ਔਰਤਾਂ ਦਾ ਜਿਣਸੀ ਸ਼ੋਸ਼ਣ



**ਸੰਯੁਕਤ ਰਾਸ਼ਟਰ ਸੰਘ (ਜਨੇਵਾ)/ਬਿਊਰੋ ਨਿਊਜ਼:** ਸੰਯੁਕਤ ਰਾਸ਼ਟਰ ਵਿਚ ਤਕਰੀਬਨ ਇਕ ਤਿਹਾਈ ਮੁਲਾਜ਼ਮਾਂ ਨੇ ਪਿਛਲੇ ਦੋ ਸਾਲਾਂ ਵਿਚ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਦੀ ਜਾਣਕਾਰੀ ਦਿੱਤੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਪਹਿਲੇ ਸਰਵੇਖਣ ਦੇ ਨਤੀਜਿਆਂ ਬਾਰੇ ਰਿਪੋਰਟ ਤਹਿਤ ਇਹ ਜਾਣਕਾਰੀ ਜਾਰੀ ਕੀਤੀ ਗਈ ਹੈ। ਇਸ 'ਚ ਇਕ ਤਿਹਾਈ ਕਰਮਚਾਰੀ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਦੱਸੇ ਗਏ ਹਨ।

ਸੰਯੁਕਤ ਰਾਸ਼ਟਰ ਮੁੱਖ ਸਕੱਤਰ ਏਂਤੋਨਿਓ ਗੁਤਾਰੇਸ ਨੇ ਕਰਮਚਾਰੀਆਂ ਨੂੰ ਲਿਖੇ ਇੱਕ ਪੱਤਰ ਵਿਚ ਕਿਹਾ ਕਿ ਅਧਿਐਨ ਵਿਚ ਚਿੰਤਾ ਕਰਨ ਵਾਲੇ ਕੁਝ ਅੰਕੜੇ ਆਏ ਹਨ ਤੇ ਕੁਝ ਤੱਥ ਹਨ, ਜਿਨ੍ਹਾਂ ਨੂੰ ਬਦਲਣ ਦੀ ਲੋੜ ਹੈ, ਤਾਂ ਜੋ ਸੰਯੁਕਤ ਰਾਸ਼ਟਰ ਵਿਚ ਕੰਮਕਾਜ ਦਾ ਮਾਹੌਲ ਸੁਧਾਰਿਆ ਜਾ ਸਕੇ।

ਸਰਵੇਖਣ ਮੁਤਾਬਕ ਪਿਛਲੇ ਦੋ ਸਾਲਾਂ ਵਿੱਚ ਤਕਰੀਬਨ 33 ਫ਼ੀਸਦ ਕਰਮਚਾਰੀਆਂ ਨੇ ਘੱਟੋ ਘੱਟ ਇਕ ਵਾਰ ਜਿਣਸੀ ਸ਼ੋਸ਼ਣ ਕੀਤੇ ਜਾਣ ਦੀ ਸ਼ਿਕਾਇਤ ਦਿੱਤੀ ਹੈ। ਕੌਮਾਂਤਰੀ ਸੰਸਥਾ ਵਿਚ ਆਪਣੇ ਕੰਮ ਦੌਰਾਨ ਕਿਸੇ ਨਾ ਕਿਸੇ ਤਰ੍ਹਾਂ ਦੇ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਲੋਕਾਂ ਦੀ ਗਿਣਤੀ 38.7 ਫੀਸਦ ਹੈ।

ਜਿਣਸੀ ਸ਼ੋਸ਼ਣ ਦੀਆਂ ਸਭ ਤੋਂ ਆਮ ਘਟਨਾਵਾਂ ਵਿਚ ਕੱਪੜਿਆਂ, ਸਰੀਰ ਜਾਂ ਅਸ਼ਲੀਲ ਗਤੀਵਿਧੀਆਂ ਬਾਰੇ ਭੱਦੀਆਂ ਟਿੱਪਣੀਆਂ ਤਕ ਦੀਆਂ ਗੱਲਾਂ ਸਾਹਮਣੇ ਆਈਆਂ ਹਨ। ਇਸ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਜਿਣਸੀ ਸ਼ੋਸ਼ਣ ਕਰਨ ਵਾਲੇ ਹਰ ਤਿੰਨ ਵਿਅਕਤੀਆਂ ਵਿਚ ਦੋ ਪੁਰਸ਼ ਤੇ ਹਰ ਚਾਰਾਂ ਵਿਚ ਇਕ ਨਰੀਖਣ ਅਧਿਕਾਰੀ ਜਾਂ ਮੈਨੇਜਰ ਹੈ। ਸਰਵੇਖਣ ਮੁਤਾਬਕ, ਸ਼ੋਸ਼ਣ ਕਰਨ ਵਾਲਿਆਂ ਵਿਚ ਤਕਰੀਬਨ 10 ਵਿਚੋਂ ਇਕ ਵਿਅਕਤੀ ਸੀਨੀਅਰ ਨੇਤਾ ਸੀ। ਗੁਤਾਰੇਸ ਨੇ ਕਿਹਾ ਕਿ ਸਰਵੇਖਣ ਦੇ ਨਤੀਜਿਆਂ ਤੋਂ ਪਤਾ ਲਗਦਾ ਹੈ ਕਿ ਆਲਮੀ ਸੰਸਥਾ ਵਿਚ ਅਜਿਹੇ ਮਾਮਲਿਆਂ ਦੀ ਗਿਣਤੀ ਹੋਰਨਾਂ ਸੰਸਥਾਵਾਂ ਦੇ ਮੁਕਾਬਲੇ ਘੱਟ ਹੈ ਪਰ ਬਰਾਬਰਤਾ, ਮਾਣ ਸਨਮਾਨ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਵਿਚ ਚੈਂਪੀਅਨ ਸੰਯੁਕਤ ਰਾਸ਼ਟਰ ਨੂੰ ਉੱਚੀਆਂ ਉਦਾਹਰਣਾਂ ਤੇ ਮਾਪਦੰਡ ਤੈਅ ਕਰਨੇ ਚਾਹੀਦੇ ਹਨ।

# ਆ ਗਈ ਰੋਡਵੇਜ਼ ਦੀ ਲਾਰੀ, ਬਹਿ ਗਏ ਲਾੜਾ ਤੇ ਜੰਞ ਸਾਰੀ

**ਨਵਾਂ ਸ਼ਹਿਰ/ਬਿਊਰੋ ਨਿਊਜ਼ :** ਪੰਜਾਬ ਦੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਭੀਣ ਦੇ ਇਕ ਸਿਆਣੇ ਮੁੰਡੇ ਨੇ ਵਿਆਹਾਂ ਵਿਚ ਹੁੰਦੀ ਫਜ਼ੂਲ ਖਰਚੀ ਨੂੰ ਘੱਟ ਕਰਨ ਤੇ ਸਮਾਜ ਨੂੰ ਨਵੀਂ ਸੇਧ ਦੇਣ ਦਾ ਵੱਖਰਾ ਤੇ ਅਨੂਠਾ ਕਾਰਜ ਕਰ ਦਿਖਾਇਆ ਹੈ। ਅਮਰਜੋਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਭੀਣ ਰੋਡਵੇਜ਼ ਦੀ ਬੱਸ 'ਚ ਆਪਣੀ ਬਰਾਤ ਲਿਜਾਣ ਕਾਰਨ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਲਾੜੇ ਦੀ ਇਸ ਪਹਿਲਕਦਮੀ ਨੂੰ ਹੋਰ ਅੱਗੇ ਲਿਜਾਂਦਿਆਂ ਬਰਾਤੀਆਂ ਨੇ ਵੀ ਸਾਥ ਦਿੱਤਾ। ਉਨ੍ਹਾਂ ਬੱਸ ਵਿਚ ਸਫ਼ਰ ਦੌਰਾਨ ਆਪੋ-ਆਪਣੀਆਂ ਟਿਕਟਾਂ ਲੈ ਕੇ ਸਮਾਜ ਨੂੰ ਨਵੀਂ ਸੇਧ ਦਿੰਦਿਆਂ ਮਹਿਗਾਈ ਦੇ ਇਸ ਯੁੱਗ ਵਿਚ ਖਰਚੇ ਘੱਟ ਕਰਨ ਦਾ ਹੋਕਾ ਦਿੱਤਾ ਹੈ। ਇਹ ਬਰਾਤ ਨਵਾਂ ਸ਼ਹਿਰ ਬੱਸ ਅੱਡੇ ਤੋਂ ਲੁਧਿਆਣਾ ਲਈ ਰਵਾਨਾ ਹੋਈ ਅਤੇ ਮੁੜ ਸ਼ਾਮ ਨੂੰ ਨਵਾਂ ਸ਼ਹਿਰ ਪੁੱਜੀ। ਬਰਾਤੀਆਂ ਨੇ ਇਸ ਦੌਰਾਨ ਸਮਾਜ ਨੂੰ ਜਾਗਰੂਕਤਾ ਸੰਦੇਸ਼ ਦੇਣ ਵਾਲੀਆਂ ਤਖ਼ਤੀਆਂ ਹੱਥਾਂ ਵਿਚ ਫੜੀਆਂ ਹੋਈਆਂ ਸਨ। ਲਾੜੇ ਨੇ ਦੱਸਿਆ ਕਿ ਉਸ ਦੀ ਅਮਨ ਸਹੋਤਾ ਪੁੱਤਰੀ ਜਗਦੀਸ਼ ਸਿੰਘ ਪਿੰਡ ਮਾਣੂਕੇ ਲੁਧਿਆਣਾ, ਜੋ ਕੈਨੇਡਾ ਦੀ ਵਸਨੀਕ ਹੈ, ਨਾਲ 2 ਸਾਲ ਪਹਿਲਾਂ ਮੰਗਣੀ ਹੋਈ ਸੀ। ਇਸ ਦੌਰਾਨ ਸਾਦਾ ਵਿਆਹ ਕਰਨ ਲਈ ਸਹਿਮਤੀ ਬਣੀ ਸੀ। ਉਸ ਨੇ ਕਿਹਾ ਕਿ ਅਮਨ ਹੁਣ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਵਰਕ ਪਰਮਿਟ ਲੈ ਕੇ ਪੰਜਾਬ ਆਈ ਹੈ। ਉਨ੍ਹਾਂ ਨੇ ਇਹ ਵਿਆਹ ਦਾਜ ਤੋਂ ਬਗੈਰ, ਬਿਨਾ ਕੋਈ ਹੋਰ ਖ਼ਰਚ ਕੀਤੇ ਕੀਤਾ ਹੈ। ਭਾਵੇਂ ਲੜਕੀ ਵਾਲਿਆਂ ਨੇ 5 ਵਿਅਕਤੀ ਬਰਾਤੀ ਬੁਲਾਏ ਸਨ ਪਰ ਉਹ 20 ਬਰਾਤੀ ਲੈ ਕੇ ਗਏ ਸਨ। ਉਸ ਨੇ ਦੱਸਿਆ ਕਿ ਲੜਕੀ ਦੇ ਪਰਿਵਾਰ ਵਲੋਂ ਘਰ ਦੇ 5 ਜੀਆਂ ਅਤੇ ਬਰਾਤੀਆਂ ਨੂੰ ਜਗਰਾਉਂ ਦੇ ਢਾਬੇ 'ਤੇ ਖਾਣਾ ਖੁਆਇਆ ਗਿਆ। ਉਸ ਨੇ ਕਿਹਾ ਕਿ ਉਹ ਲੋਕਾਂ ਨੂੰ ਸਾਦਾ ਵਿਆਹ ਕਰਨ ਦਾ ਸੁਨੇਹਾ ਦੇ ਰਹੇ ਹਨ ਤਾਂ ਜੋ ਕਿਸੇ ਵੀ ਲੜਕੀ ਦੇ ਪਿਤਾ ਨੂੰ ਕਰਜ਼ੇ ਹੇਠ ਆ ਕੇ ਖ਼ੁਦਕੁਸ਼ੀ ਨਾ ਕਰਨੀ ਪਵੇ। ਬਰਾਤ ਦੇਰ ਰਾਤ ਨਵਾਂਸ਼ਹਿਰ ਬੱਸ ਅੱਡੇ 'ਤੇ ਪੁੱਜੀ ਅਤੇ ਬਰਾਤੀ ਥ੍ਰੀ ਵੀਲ੍ਹਰ ਰਾਹੀਂ ਆਪਣੇ ਪਿੰਡ ਭੀਣ ਨੂੰ ਰਵਾਨਾ ਹੋ ਗਏ।



ਬੱਸ ਵਿਚ ਸਵਾਰ ਲਾੜਾ-ਲਾੜੀ ਤੇ ਬਰਾਤੀ।

# ਭਾਰਤ 'ਚ ਅਮੀਰ-ਗਰੀਬ ਦਾ ਪਾੜਾ ਹੋਰ ਵਧਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ 'ਚ ਗਰੀਬਾਂ ਅਤੇ ਅਮੀਰਾਂ ਵਿਚਕਾਰ ਕਿੰਨਾ ਵੱਡਾ ਪਾੜਾ ਹੈ, ਇਸ ਦਾ ਅੰਦਾਜ਼ਾ ਤੁਸੀਂ ਇਸ ਰਿਪੋਰਟ ਦੇ ਅੰਕੜਿਆਂ ਤੋਂ ਲਾ ਸਕਦੇ ਹੋ। ਭਾਰਤ ਦੇ ਕਰੋੜਪਤੀਆਂ ਦੀ ਆਮਦਨ 'ਤੇ ਨਜ਼ਰ ਮਾਰੋ ਤਾਂ ਇਸ 'ਚ 2200 ਕਰੋੜ ਦਾ ਵਾਧਾ ਹੋਇਆ ਹੈ। ਮਤਲਬ ਦੇਸ਼ ਦੇ ਸਿਖਰਲੇ ਅਮੀਰ ਇੱਕ ਫੀਸਦੀ ਲੋਕਾਂ ਦੀ ਇਨਕਮ 'ਚ 39 ਫੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ, ਜਦਕਿ ਦੇਸ਼ ਦੀ ਅੱਧੀ ਆਬਾਦੀ ਦੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਉਸ ਦੀ ਆਮਦਨ 'ਚ ਸਿਰਫ਼ 3 ਫੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਇਹ ਤੱਥ ਆਕਸਫੋਮ ਦੇ ਖੋਜ 'ਚ ਸਾਹਮਣੇ ਆਇਆ ਹੈ। ਦੁਨੀਆ ਭਰ 'ਚ ਅਮੀਰਾਂ ਦੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਦੀ ਆਮਦਨ 'ਚ ਸਾਲ 2018 'ਚ ਕੁੱਲ 12 ਫੀਸਦੀ ਦਾ ਮਤਲਬ 2.5 ਬਿਲੀਅਨ ਡਾਲਰ ਦਾ ਵਾਧਾ ਦੇਖਣ ਨੂੰ ਮਿਲਿਆ। ਉਥੇ ਹੀ ਦੁਨੀਆ ਦੇ 50 ਫੀਸਦੀ ਸਭ ਤੋਂ ਗਰੀਬਾਂ ਦੀ ਅਮਦਨ 'ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਦੀ ਆਮਦਨ 'ਚ 11 ਫੀਸਦੀ ਦੀ ਕਮੀ ਦੇਖਣ ਨੂੰ ਮਿਲੀ ਹੈ।




ਇਹ ਰਿਪੋਰਟ ਵਰਲਡ ਇਕਨਾਮਿਕ ਫੋਰਮ ਦੀ ਸਾਲਾਨਾ ਮੀਟਿੰਗ ਤੋਂ ਪਹਿਲਾਂ ਸਾਹਮਣੇ ਆਈ ਹੈ, ਜਿਸ 'ਚ ਦੁਨੀਆ ਭਰ 'ਚ ਗਰੀਬਾਂ ਅਤੇ ਅਮੀਰਾਂ ਵਿਚਕਾਰ ਫਾਸਲੇ ਨੂੰ ਲੋਕਾਂ ਦੇ ਸਾਹਮਣੇ ਰੱਖਿਆ ਗਿਆ ਹੈ। ਆਕਸਫੋਮ ਵੱਲੋਂ ਕਿਹਾ ਗਿਆ ਹੈ ਕਿ 13.6 ਕਰੋੜ ਭਾਰਤੀ, ਜੋ ਕਿ ਦੇਸ਼ ਦੀ ਗਰੀਬਾਂ ਦੀ 10 ਫੀਸਦੀ ਆਬਾਦੀ ਹੈ, ਉਹ ਕਰਜ਼ 'ਚ ਡੁੱਬੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਅਮੀਰ ਅਤੇ ਗਰੀਬ ਵਿਚਕਾਰ ਵਧਦੇ ਫਾਸਲੇ ਦੇ ਕਾਰਨ ਗਰੀਬੀ ਨਾਲ ਲੜਨ ਦੀ ਮੁਹਿਮ ਨੂੰ ਵੱਡਾ ਝਟਕਾ ਲੱਗਾ ਹੈ, ਇਸ ਨਾਲ ਅਰਥਵਿਵਸਥਾ ਨੂੰ ਨੁਕਸਾਨ ਪਹੁੰਚ ਰਿਹਾ ਹੈ ਅਤੇ ਲੋਕਾਂ 'ਚ ਵਿਸ਼ਵ ਪੱਧਰ 'ਤੇ ਗੁੱਸਾ ਵਧ ਰਿਹਾ ਹੈ। ਆਕਸਫੋਮ ਦੇ ਐਗਜ਼ੀਕਿਊਟਿਵ ਡਾਇਰੈਕਟਰ ਵਿਨੀ ਬਿਆਨਿਮਾ ਦਾ ਕਹਿਣਾ ਹੈ ਕਿ ਕੁਝ ਚੁਣੇ ਹੋਏ ਅਮੀਰ ਲੋਕਾਂ ਦੀ ਆਮਦਨ ਭਾਰਤ 'ਚ ਬਹੁਤ ਜ਼ਿਆਦਾ ਵਧੀ ਹੈ, ਜਦਕਿ ਗਰੀਬ ਹੁਣ ਵੀ ਦੋ ਵਕਤ ਦੀ ਰੋਟੀ, ਬੱਚਿਆਂ ਦੀ ਦਵਾਈ ਦਾ ਜੁਗਾੜ ਕਰਨ ਲਈ ਸੰਘਰਸ਼ ਕਰ ਰਹੇ ਹਨ। ਜੇਕਰ ਇਹ ਅਸਮਾਨਤਾ ਦੇਸ਼ ਦੀ ਇੱਕ ਫੀਸਦੀ ਅਮੀਰਾਂ ਅਤੇ ਬਾਕੀ ਗਰੀਬਾਂ ਵਿਚਕਾਰ ਬਣੀ ਰਹੀ ਤਾਂ ਆਉਣ ਵਾਲੇ ਸਮੇਂ 'ਚ ਦੇਸ਼ ਦਾ ਸਮਾਜਿਕ ਅਤੇ ਲੋਕਤੰਤਰਿਕ ਢਾਂਚਾ ਢਹਿ-ਢੇਰੀ ਹੋ ਜਾਵੇਗਾ।

ਆਕਸਫੋਮ ਦੀ ਰਿਪੋਰਟ ਅਨੁਸਾਰ ਭਾਰਤ 'ਚ 18 ਲੋਕ ਪਿਛਲੇ ਸਾਲ ਅਰਬਪਤੀ ਬਣੇ ਹਨ, ਜਿਸ ਤੋਂ ਬਾਅਦ ਦੇਸ਼ 'ਚ ਕੁੱਲ ਅਰਬਪਤੀਆਂ ਦੀ ਗਿਣਤੀ 119 ਹੋ ਗਈ ਹੈ, ਜਿਨ੍ਹਾਂ ਦੀ ਕੁੱਲ ਆਮਦਨ 400 ਬਿਲੀਅਨ ਡਾਲਰ ਮਤਲਬ 28 ਲੱਖ ਕਰੋੜ ਰੁਪਏ ਹੈ। ਸਾਲ 2017 'ਚ ਇਹ ਕੁੱਲ ਰਾਸ਼ੀ 325.5 ਬਿਲੀਅਨ ਡਾਲਰ ਸੀ, ਜਦਕਿ 2018 'ਚ 440.1 ਬਿਲੀਅਨ ਡਾਲਰ ਨੂੰ ਵੀ ਪਾਰ ਕਰ ਗਈ ਹੈ, ਜੋ ਕਿ 2008 ਤੋਂ ਬਾਅਦ ਸਭ ਤੋਂ ਜ਼ਿਆਦਾ ਵਾਧਾ ਹੈ। ਇਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਇਹ ਸਾਰੇ ਅਰਬਪਤੀ ਆਪਣੀ ਆਮਦਨ 'ਤੇ ਸਿਰਫ਼ 5 ਫੀਸਦੀ ਜ਼ਿਆਦਾ ਟੈਕਸ ਦੇਣ ਲੱਗਣ ਤਾਂ ਦੇਸ਼ 'ਚ ਸਿਹਤ ਖੇਤਰ 'ਤੇ ਸਰਕਾਰ ਦਾ ਬਜਟ 50 ਫੀਸਦੀ ਵਧ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੇਸ਼ ਅਤੇ ਸੂਬਿਆਂ ਦਾ ਮੈਡੀਕਲ, ਪਬਲਿਕ ਹੈਲਥ, ਸਫ਼ਾਈ ਅਤੇ ਪਾਣੀ 'ਤੇ ਕੁੱਲ 2,08166 ਕਰੋੜ ਰੁਪਏ ਦਾ ਬਜਟ ਖਰਚ ਹੁੰਦਾ ਹੈ, ਜੋ ਦੇਸ਼ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਦੀ ਆਮਦਨ ਦਾ ਅੱਧਾ ਹੈ। ਮੁਕੇਸ਼ ਅੰਬਾਨੀ ਦੀ ਕੁੱਲ ਆਮਦਨ 2.8 ਲੱਖ ਕਰੋੜ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ 'ਚ ਗਰੀਬ ਪਰਵਾਰ 'ਚ ਪੈਦਾ ਹੋਣ ਵਾਲੇ ਬੱਚੇ ਆਪਣੇ ਪਹਿਲੇ ਜਨਮ ਦਿਨ 'ਤੇ ਅਮੀਰਾਂ ਦੇ ਬੱਚਿਆਂ ਦੀ ਤੁਲਨਾ 'ਚ ਤਿੰਨ ਗੁਣਾ ਜ਼ਿਆਦਾ ਮਰਦੇ ਹਨ। ਮਤਲਬ ਮੰਨ ਲਓ ਜੇਕਰ ਅਮੀਰ ਪਰਵਾਰ 'ਚ ਪੈਦਾ ਹੋਣ ਵਾਲੇ 10 ਬੱਚੇ ਆਪਣਾ ਪਹਿਲਾ ਜਨਮ ਦਿਨ ਪੂਰਾ ਕਰਦੇ ਹਨ ਤਾਂ ਉਸ 'ਚ ਇੱਕ ਬੱਚੇ ਦੀ ਮੌਤ ਹੁੰਦੀ ਹੈ, ਜਦਕਿ ਗਰੀਬ ਪਰਵਾਰ 'ਚ ਪੈਦਾ ਹੋਣ ਵਾਲੇ 10 ਬੱਚਿਆਂ 'ਚੋਂ 3 ਬੱਚੇ ਆਪਣੇ ਪਹਿਲੇ ਜਨਮ ਦਿਨ ਤੱਕ ਦਮ ਤੋੜ ਦਿੰਦੇ ਹਨ।

# ਅੰਤਰਰਾਸ਼ਟਰੀ ਕੋਚ ਗੁਰਚਰਨ ਸਿੰਘ ਢਿੱਲੋਂ ਦਾ ਨਿੱਘਾ ਸਵਾਗਤ



ਜ਼ਿਲਾ ਕੁਸ਼ਤੀ ਸੰਸਥਾ ਮੋਹਾਲੀ ਦੇ ਜਨਰਲ ਸਕੱਤਰ ਸ੍ਰੀ ਕੁੰਡੂ, ਸਾਬਕਾ ਜ਼ਿਲਾ ਖੇਡ ਅਫਸਰ ਰੋਪੜ ਰਵੀ ਜੀ ਤੇ ਹੋਰ ਪਹਿਲਵਾਨ ਗੁਰਚਰਨ ਸਿੰਘ ਢਿੱਲੋਂ ਦਾ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕਰਦੇ ਸਮੇਂ।

**ਚੰਡੀਗੜ੍ਹ/ਬਿਊਰੋ ਨਿਊਜ਼ :** ਵਿਸ਼ਵ ਚੈਂਪੀਅਨ ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ ਦੇ ਵੱਡੇ ਭਰਾ ਗੁਰਚਰਨ ਸਿੰਘ ਢਿੱਲੋਂ ਦਾ ਅਮਰੀਕਾ ਤੋਂ ਚੰਡੀਗੜ੍ਹ ਹਵਾਈ ਅੱਡੇ 'ਤੇ ਪਹੁੰਚਣ ਉਤੇ ਜ਼ਿਲਾ ਕੁਸ਼ਤੀ ਸੰਸਥਾ ਮੋਹਾਲੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਾਬਕਾ ਜ਼ਿਲਾ ਖੇਡ ਅਫ਼ਸਰ ਸ੍ਰੀ ਰਵੀ ਜੀ ਨੇ ਦੱਸਿਆ ਕਿ ਗੁਰਚਰਨ ਸਿੰਘ ਨੇ ਪੰਜਾਬ ਵਿਚ ਕੁਸ਼ਤੀ ਦੇ ਬੜਾਵੇ ਲਈ ਲੰਬਾ ਕੰਮ ਕੀਤਾ ਅਤੇ ਅੱਜ ਕੱਲ ਸਿਆਟਲ ਵਿਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਖੇਡ ਕੈਂਪ ਲਗਾ ਕੇ ਵਡਮੁੱਲਾ ਯੋਗਦਾਨ ਪਾ ਰਹੇ ਹਨ। ਢਿੱਲੋਂ ਪੰਜਾਬ ਭਾਈਚਾਰੇ ਦੇ ਸਾਂਝੇ ਕੰਮਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

# ਪੰਜਾਬੀ ਨੌਜਵਾਨ ਦੀ ਕੈਨੇਡਾ 'ਚ ਸੜਕ ਹਾਦਸੇ ਦੌਰਾਨ ਮੌਤ

**ਰੁੜਕੇ ਕਲਾਂ/ਬਿਊਰੋ ਨਿਊਜ਼ :** ਪੰਜਾਬ ਦੇ ਪਿੰਡ ਧੌਲਾ ਦੇ ਨੌਜਵਾਨ ਦੀ ਕੈਨੇਡਾ ਵਿਚ ਇਕ ਸੜਕ ਹਾਦਸੇ ਵਿਚ ਮੌਤ ਹੋ ਜਾਣ ਦਾ ਸਮਾਚਾਰ ਹੈ। ਉਹ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਿਆ ਸੀ । ਪ੍ਰਾਪਤ ਵੇਰਵਿਆਂ ਅਨੁਸਾਰ ਜਗਸੀਰ ਸਿੰਘ ਉਰਫ਼ ਜੱਗੀ ਵਿਰਕ (24 ਸਾਲ) ਡੇਢ ਸਾਲ ਪਹਿਲਾਂ ਕੈਨੇਡਾ ਪੜ੍ਹਾਈ ਕਰਨ ਲਈ ਗਿਆ ਸੀ ਅਤੇ ਉਹ ਸਰੀ ਨੇੜੇ ਰਹਿੰਦਾ ਸੀ। ਉਹ ਆਪਣੀ ਵਿਧਵਾ ਮਾਂ ਅਤੇ ਇੱਕ ਭੈਣ ਨੂੰ ਛੱਡ ਗਿਆ ਹੈ। ਉਸ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਣ ਦੀ ਖ਼ਬਰ ਜਿਉਂ ਹੀ ਪੰਜਾਬ ਵਿਚ ਉਸ ਦੇ ਪਿੰਡ ਪਹੁੰਚੀ ਤਾਂ ਸੋਗ ਛਾ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਉਸ ਦੀ ਦੇਹ ਨੂੰ ਪਿੰਡ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਬੇਵਸ ਮਾਂ ਨੂੰ ਆਪਣੇ ਇਕਲੌਤੇ ਪੁੱਤ ਦੀ ਦੇਹ ਦੇ ਆਖ਼ਰੀ ਦਰਸ਼ਨ ਕਰਵਾਏ ਜਾ ਸਕਣ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

## with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar



Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM